

# ਸ਼ਬਦ ਸਪਲੀਮੈਂਟ 12

ਪ੍ਰੇਮ ਮਾਨ

ਜੂਨ-ਅਗਸਤ/2010

## ਮੇਰਾ ਪੰਨਾ

ਹਰ ਖਿਤੇ ਦਾ ਆਪਣਾ ਸਭਿਆਚਾਰ ਹੁੰਦਾ ਹੈ। ਐਦਾਂ ਹੀ ਦੁਆਬੇ ਦਾ ਆਪਣਾ ਸਭਿਆਚਾਰ ਹੈ। ਦੁਆਬੇ ਦੀ ਵੀ ਅਗਾਂਹ ਵੱਖ-ਵੱਖ ਵੰਡ ਕੀਤੀ ਜਾ ਸਕਦੀ ਹੈ। ਮੰਜਕੀ, ਨੀਮ ਪਹਾੜੀ ਏਰੀਆ, ਨਵਾਂਸ਼ਹਿਰ ਵਾਲਾ ਪਾਸਾ। ਨਕੋਦਰ ਵੱਲ ਦੀ ਗੁੱਠ। ਇਕ ਵਾਰੀ ਹਰਜੀਤ ਅਟਵਾਲ ਦੇ ਨਾਲ ਸਵਰਨ ਚੰਦਨ ਆਇਆ। ਅਟਵਾਲ, ਚੰਦਨ ਤੇ ਇਕ ਹੋਰ ਸ਼ਖ਼ਸ ਬਸ 'ਚ ਇਕੋ ਹੀ ਸੀਟ 'ਤ ਦਿਲੀਉਂ ਬੈਠੇ ਸਨ। ਚੰਦਨ ਨੇ ਹਰਜੀਤ ਅਟਵਾਲ ਕੋਲੋਂ ਮੰਜਕੀ ਦੇ ਬਾਰੇ ਪੁੱਛਿਆ। ਅਟਵਾਲ ਨੇ ਕਿਹਾ ਕਿ ਡਾਕਟਰ ਸਾਹਿਬ, ਦੇਖੀ ਚਲੋ, ਤੁਹਾਨੂੰ ਆਪੇ ਪਤਾ ਚਲ ਜਾਵੇਗਾ। ਇਕ ਥਾਂ 'ਤੇ ਬਸ ਰੁਕੀ। ਤਿੰਨਾਂ ਨੇ ਹੋਟਲ 'ਚੋਂ ਇਕੱਠਿਆਂ ਰੋਟੀ ਖਾਧੀ। ਪੈਸੇ ਹਰਜੀਤ ਅਟਵਾਲ ਨੇ ਦਿੱਤੇ। ਬਸ 'ਚ ਆ ਕੇ ਉਸ ਸ਼ਖ਼ਸ ਨੇ ਆਪੇ ਹਿੱਸੇ ਦੇ ਪੈਸੇ ਦਿੰਦਿਆਂ ਹੋਇਆਂ ਕਿਹਾ, "ਭਾਈ ਸਾਹਿਬ, ਮੇਰੇ ਹਿਸਾਬ ਨਾਲ ਮੇਰੇ ਹਿੱਸੇ ਦੇ ਇੰਨੇ ਕੁ ਪੈਸੇ ਬਣਦੇ ਆ।" (ਪੈਸੇ ਘੱਟ ਸਨ)

ਜੇ ਤੁਸੀਂ ਕਦੇ ਪ੍ਰੇਮ ਮਾਨ ਨੂੰ ਮਿਲੋ ਤਾਂ ਤੁਹਾਨੂੰ ਉਨ੍ਹਾਂ ਬਾਰੇ ਆਪੇ ਹੀ ਪਤਾ ਲੱਗ ਜਾਵੇਗਾ ਉਨ੍ਹਾਂ ਦੇ ਗੱਲ ਕਰਨ ਦਾ ਇਕ ਖਾਸ ਅੰਦਾਜ਼ ਹੈ। ਇਹ ਅੰਦਾਜ਼ ਸਾਹਮਣੇ ਖੜੇ/ਬੈਠੇ ਬੰਦੇ ਨੂੰ ਮੋਹ ਲੈਂਦਾ ਹੈ। ਉਨ੍ਹਾਂ ਦੇ ਆਪਣੇ ਹੀ ਸ਼ਬਦਾਂ 'ਚ, "ਮੈਂ ਪਹਿਲਾਂ ਤੋਂ ਹੀ ਕਾਫ਼ੀ ਨਰਮ ਅਤੇ ਹਮਦਰਦ ਸੁਭਾਅ ਦਾ ਰਿਹਾ ਹਾਂ। ਇਹ ਮੈਨੂੰ ਵਿਰਸੇ ਵਿੱਚ ਆਪਣੇ ਮਾਤਾ-ਪਿਤਾ ਕੋਲੋਂ ਮਿਲਿਆ ਹੈ।..... ਮੈਂ ਹਰ ਰੋਜ਼ ਚਲਦਾ ਫਿਰਦਾ, ਬਹਿੰਦਾ, ਉੱਠਦਾ, ਵਿਚਰਦਾ ਹਮੇਸ਼ਾ ਹੀ ਆਪਣੀਆਂ ਅੱਖਾਂ, ਕੰਨ, ਮਨ, ਦਿਮਾਗ਼ ਅਤੇ ਦਿਲ ਖੋਲ੍ਹ ਕੇ ਰੱਖਦਾ ਹਾਂ। ਜੋ ਵੀ ਮੈਨੂੰ ਚੰਗੀ ਗੱਲ, ਆਦਤ ਆਦਿ ਦਿਸਦੀ ਸੁਣਦੀ ਹੈ ਮੈਂ ਉਸਨੂੰ ਅਪਨਾਉਣ ਦੀ ਕੋਸ਼ਿਸ਼ ਕਰਦਾ ਹਾਂ।.....ਮੇਰੀ ਹਮੇਸ਼ਾ ਹੀ ਕੋਸ਼ਿਸ਼ ਰਹੀ ਹੈ ਕਿ ਹੰਕਾਰ, ਈਰਖਾ, ਅੱਖੜਤਾ, ਜ਼ਿਦ, ਲੋਭ ਆਦਿ ਕਦੇ ਵੀ ਮੇਰੇ ਨੇੜੇ ਨਾ ਆਉਣ। ਸੱਚ ਬੋਲਣ ਅਤੇ ਈਮਾਨਦਾਰੀ ਦੀ ਜ਼ਿੰਦਗੀ ਗੁਜ਼ਾਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ। ਜੋ ਇਨਸਾਨ ਝੂਠ ਬੋਲੇ, ਬੇਈਮਾਨੀਆਂ ਕਰੇ, ਅਤੇ ਚਾਲਬਾਜ਼ੀਆਂ ਕਰੇ, ਮੈਂ ਉਸ ਤੋਂ ਹਮੇਸ਼ਾ ਹੀ ਦੂਰ ਰਹਿੰਦਾ ਹਾਂ।.....ਗਲਤ ਨੂੰ ਗਲਤ ਅਤੇ ਸਹੀ ਨੂੰ ਸਹੀ ਕਹਿਣ ਦੀ ਆਦਤ ਹੈ।" ਇਹੀ ਸਲੀਕਾ ਉਨ੍ਹਾਂ ਦੀਆਂ ਲਿਖਤਾਂ 'ਚੋਂ ਵਾਰ-ਵਾਰ ਉਭਰਦਾ ਹੈ। ਉਨ੍ਹਾਂ ਦੇ ਲੇਖਾਂ 'ਚ ਵੀ ਇਕ ਖਾਸ ਤਰ੍ਹਾਂ ਦੀ ਸੂਖਮਤਾ ਹੈ ਜਿਥੇ ਗੁੱਸਾ, ਕਾਹਲ ਤੇ ਅਖੜਪੁਣਾ ਨਹੀਂ ਹੈ। ਜੇ ਕਿਸੇ ਨੇ ਦੁਆਬੇ ਦਾ ਕੋਈ 'ਆਦਰਸ਼ ਸ਼ਖ਼ਸ' ਦੇਖਣਾ ਹੋਵੇ ਤਾਂ ਉਹ ਪ੍ਰੇਮ ਮਾਨ ਹੋਰਾਂ ਨੂੰ ਮਿਲ ਲਏ।

**-ਜਿੰਦਰ**

---


ਮੁੱਖ ਸੰਪਾਦਕ
**ਹਰਮਹਿੰਦਰ ਚਹਿਲ**
7305, Sterling Grove Dr.
Springfield VA 22150 U.S.A.
Email: Chahals57@Yahoo.com
Ph. 001-703-362-3239

ਸੰਪਾਦਕ
**ਜਿੰਦਰ (ਆਨਰੇਰੀ)**
984, Model House,
Near Surinder Welding Works,
Jalandhar-144003
Mobile No.98148-03254
**e mail : saifsm20 @ yahoo.com**


## ਪ੍ਰੇਮ ਮਾਨ ਦੇ ਚੋਣਵੇਂ ਲੇਖ

# ਸਾਨੂੰ ਬੋਲਣ ਅਤੇ ਲਿਖਣ ਵਿੱਚ ਕਿਹੋ ਜਿਹੀ ਭਾਸ਼ਾ ਵਰਤਣੀ ਚਾਹੀਦੀ ਹੈ

ਅਮਰੀਕਾ ਵਿੱਚ ਦੋ ਮੁਹਾਵਰੇ ਜੋ ਪਿਛਲੇ ਕੁਝ ਦਹਾਕਿਆਂ 'ਚ ਕਾਫ਼ੀ ਪ੍ਰਚਲਤ ਹੋਏ ਹਨ ਅਤੇ ਆਮ ਵਰਤੇ ਜਾਣ ਲੱਗੇ ਹਨ ਉਹ ਹਨ politically correct ਅਤੇ politically incorrect. Politically Correct (PC) ਅਤੇ Politically Incorrect (PI) ਅਮਰੀਕਾ ਵਿੱਚ ਵਰਤੇ ਜਾਂਦੇ ਅਜਿਹੇ ਮੁਹਾਵਰੇ ਹਨ ਜਿਨ੍ਹਾਂ ਦਾ ਪੰਜਾਬੀ ਵਿੱਚ ਤਰਜਮਾ ਕਰਨਾ ਸੌਖਾ ਨਹੀਂ। ਇੱਥੇ Politically ਦਾ ਨਾ ਹੀ ਰਾਜਨੀਤੀ ਨਾਲ ਕੋਈ ਸੰਬੰਧ ਹੈ ਅਤੇ ਨਾ ਹੀ ਕਾਨੂੰਨ ਨਾਲ। ਜੇ ਅਸੀਂ ਆਪਣੇ ਭਾਸ਼ਨਾਂ ਵਿੱਚ ਜਾਂ ਲਿਖਤਾਂ ਵਿੱਚ ਕਿਸੇ ਵਰਗ ਦਾ ਮਜ਼ਾਕ ਉਡਾਈਏ ਜਾਂ ਨਿਰਾਦਰ ਕਰੀਏ ਤਾਂ ਇਸਨੂੰ PI ਕਿਹਾ ਜਾਂਦਾ ਹੈ। ਜਿਵੇਂ ਕੋਈ ਵੀ ਵਿਅੰਗ, ਲਤੀਫ਼ਾ ਜਾਂ ਗੱਲ-ਬਾਤ ਜਿਸ ਵਿੱਚ ਔਰਤਾਂ ਦਾ, ਗਰੀਬਾਂ ਦਾ, ਕਾਲਿਆਂ ਦਾ, ਬੋਲਿਆਂ ਦਾ, ਅੰਨਿਆਂ ਦਾ, ਅਪਾਹਜਾਂ ਦਾ, ਬੀਮਾਰਾਂ ਦਾ, ਗੰਜਿਆਂ ਦਾ, ਸਮਲਿੰਗੀਆਂ ਦਾ, ਮੋਟਿਆਂ ਦਾ, ਪਤਲਿਆਂ ਦਾ, ਬੌਨਿਆਂ ਦਾ, ਲੰਮਿਆਂ ਦਾ, ਬਜ਼ੁਰਗਾਂ ਦਾ, ਜਾਂ ਰੰਗ, ਧਰਮ, ਜਾਤ ਅਤੇ ਨਸਲ ਜਾਂ ਕਿਸੇ ਹੋਰ ਅਧਾਰ ਤੇ ਕਿਸੇ ਵਰਗ ਦਾ ਮਜ਼ਾਕ ਉਡਾਇਆ ਜਾਵੇ ਉਹ ਅਮਰੀਕਾ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ। ਇਹੋ ਜਿਹੇ ਮਜ਼ਾਕ ਨਿਰਾਦਰ ਵਾਲੇ (offensive) ਅਤੇ ਬੇਸੁਆਦੇ (tasteless) ਸਮਝੇ ਜਾਂਦੇ ਹਨ। ਇਹੋ ਜਿਹੇ ਮਜ਼ਾਕਾਂ ਨੂੰ PI ਸਮਝਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਸ਼ਬਦ ਸਭ ਤੋਂ ਪਹਿਲਾਂ ਅਠਾਰਵੀਂ ਸਦੀ ਵਿੱਚ ਇਥੋਂ ਦੇ ਸੁਪਰੀਮ ਕੋਰਟ ਵੱਲੋਂ ਇਕ ਮੁਕੱਦਮੇ ਦੇ ਫੈਸਲੇ ਵਿੱਚ ਵਰਤੇ ਗਏ ਸਨ। ਪਰ ਅਸਲ ਵਿੱਚ ਇਹ ਮੁਹਾਵਰੇ ਪਿਛਲੇ ਤੀਹਾਂ-ਚਾਲੀਆਂ ਸਾਲਾਂ ਵਿੱਚ ਹੀ ਜ਼ਿਆਦਾ ਹਰਮਨ ਪਿਆਰੇ ਹੋਏ ਹਨ। ਇਸਦਾ ਇਹ ਅਰਥ ਨਹੀਂ ਕਿ ਇਹ ਸ਼ਬਦ ਇਥੋਂ ਦੇ ਸਾਰੇ ਲੋਕਾਂ ਵੱਲੋਂ ਮਨਜ਼ੂਰ ਕਰ ਲਏ ਗਏ ਹਨ। ਕਈ ਲੋਕ ਇਸਦੀ ਆਲੋਚਨਾ ਵੀ ਕਰਦੇ ਹਨ ਕਿ ਇਹ ਮੁਹਾਵਰੇ ਇਥੋਂ ਦੇ free speech ਦੇ ਕਾਨੂੰਨ ਦੀ ਉਲੰਘਣਾ ਕਰਦੇ ਹਨ। ਇਸ ਆਲੋਚਨਾ ਦੇ ਬਾਵਜੂਦ ਵੀ ਇਨ੍ਹਾਂ ਮੁਹਾਵਰਿਆਂ ਨੂੰ ਲੋਕਾਂ ਵੱਲੋਂ ਬੋਲਣ ਅਤੇ ਲਿਖਣ ਵੇਲੇ ਬਹੁਤ ਧਿਆਨ ਵਿੱਚ ਰੱਖਿਆ ਜਾਂਦਾ ਹੈ। ਇਹ ਮੁਹਾਵਰੇ ਅਮਰੀਕਾ ਵਿੱਚ ਹੀ ਨਹੀਂ ਸਗੋਂ ਬਹੁਤ ਸਾਰੇ ਹੋਰ ਮੁਲਕਾਂ ਵਿੱਚ ਵੀ ਬਹੁਤ ਪ੍ਰਚਲਤ ਹੋ ਗਏ ਹਨ।

ਜੇ ਪੰਜਾਬੀ ਵਿਅੰਗ ਦੀ ਗੱਲ ਕਰੀਏ ਤਾਂ ਅੱਜ ਵੀ ਕਾਫੀ ਪੰਜਾਬੀ ਵਿਅੰਗ ਇਹੋ ਜਿਹੇ ਫਿਕਰਿਆਂ ਅਤੇ ਅੰਸ਼ਾਂ ਨਾਲ ਭਰਿਆ ਹੁੰਦਾ ਹੈ ਜਿਨ੍ਹਾਂ ਨੂੰ ਅਸੀਂ PI ਕਹਿ ਸਕਦੇ ਹਾਂ। ਇਹੋ ਜਿਹੇ ਵਿਅੰਗ ਜਾਂ ਲਿਖਤ ਨੂੰ ਅਮਰੀਕਾ ਵਿੱਚ ਕੋਈ ਵੀ ਜ਼ਿੰਮੇਵਾਰ ਅਖ਼ਬਾਰ ਜਾਂ ਮੈਗਜ਼ੀਨ ਨਹੀਂ ਛਾਪੇਗਾ ਅਤੇ ਨਾ ਹੀ ਕੋਈ ਜ਼ਿੰਮੇਵਾਰ ਲੇਖਕ ਲਿਖੇਗਾ। ਇਹੋ ਜਿਹੀਆਂ ਗੱਲਾਂ ਸਿਰਫ਼ ਉਨ੍ਹਾਂ ਅਖ਼ਬਾਰਾਂ ਵਿੱਚ ਹੀ ਛਾਪੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਇੱਥੇ Tabloid ਕਹਿੰਦੇ ਹਨ। ਜੇ ਗਲਤੀ ਨਾਲ ਕੋਈ ਪ੍ਰਸਿੱਧ ਲੇਖਕ ਇਹੋ ਜਿਹਾ ਮਜ਼ਾਕ ਲਿਖ ਦੇਵੇ, ਕੋਈ ਪਰਚਾ ਇਸਨੂੰ ਛਾਪ ਦੇਵੇ, ਜਾਂ ਕੋਈ ਬੁਲਾਰਾ ਇਹੋ ਜਿਹਾ ਮਜ਼ਾਕ ਆਪਣੇ ਭਾਸ਼ਨ ਵਿੱਚ ਵਰਤ ਲਵੇ ਤਾਂ ਮੀਡੀਆ ਉਸਦਾ ਜੀਣਾ ਹਰਾਮ ਕਰ ਦਿੰਦਾ ਹੈ ਅਤੇ ਉਸਨੂੰ ਇਕ ਦੋ ਦਿਨਾਂ ਵਿੱਚ ਹੀ ਮੁਆਫ਼ੀ ਮੰਗਣੀ ਪੈਂਦੀ ਹੈ। ਇਹੋ

ਜਿਹੀਆਂ ਬਹੁਤ ਮਿਸਾਲਾਂ ਇੱਥੇ ਹਨ। ਜਿਵੇਂ ਕਿ ਹਾਰਵਰਡ ਯੂਨੀਵਰਸਿਟੀ ਦੇ ਪਿਛਲੇ ਪ੍ਰਧਾਨ ਡਾ. ਸਮਰਜ਼ ਨੇ ਦੋ ਕੁ ਸਾਲ ਪਹਿਲਾਂ ਸਿਰਫ਼ ਸਰਸਰੀ ਹੀ ਕੁਝ ਇਸ ਤਰ੍ਹਾਂ ਦਾ ਕਹਿ ਦਿੱਤਾ ਸੀ ਕਿ ਔਰਤਾਂ ਹਿਸਾਬ ਅਤੇ ਸਾਇੰਸ ਵਿੱਚ ਆਦਮੀਆਂ ਦੇ ਬਰਾਬਰ ਨਹੀਂ ਹੁੰਦੀਆਂ। ਇੰਨਾ ਕਹਿਣ ਖਾਤਰ ਉਸਦੀ ਉਹ ਮਿੱਟੀ ਪੁਲੀਤ ਕੀਤੀ ਗਈ ਕਿ ਉਸਨੂੰ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਪਿਆ। ਪਿਛੇ ਜਿਹੇ ਅਮਰੀਕਾ ਦੇ ਸਭ ਤੋਂ ਵੱਧ ਦੇਖੇ ਜਾਣ ਵਾਲੇ ਕਾਮੇਡੀ ਸ਼ੋਅ 'ਸਾਈਨਫੈਲਡ' ਦੇ ਇਕ ਐਕਟਰ ਨੇ ਮਜ਼ਾਕ ਨਾਲ ਇਕ ਕਲੱਬ ਵਿੱਚ ਸਮਲਿੰਗੀਆਂ ਦੇ ਵਿਰੁੱਧ ਇਕ ਲਾਈਨ ਆਖ ਦਿੱਤੀ। ਮੀਡੀਏ ਨੇ ਉਸਦਾ ਜੀਣਾ ਹਰਾਮ ਕਰ ਦਿੱਤਾ। ਉਸਨੂੰ ਦੋ ਤਿੰਨਾਂ ਦਿਨਾਂ ਦੇ ਅੰਦਰ ਅੰਦਰ ਹੀ ਕਈ ਵਾਰੀ ਮੁਆਫੀ ਮੰਗਣੀ ਪਈ। ਕੁਝ ਸਾਲ ਪਹਿਲਾਂ ਲਾਸ ਏਂਜਲਜ਼ ਦੀ ਬੇਸਬਾਲ ਦੀ ਟੀਮ 'ਡਾਜਰਯ' ਦੇ ਪ੍ਰਧਾਨ ਐਨ ਕੰਪਨੀਜ਼ ਅਤੇ ਸੀ. ਬੀ. ਐਸ. ਟੈਲੀਵਿਜ਼ਨ ਉੱਤੇ ਅਮਰੀਕਨ ਫੁੱਟਬਾਲ ਦੇ ਐਨਾਲਿਸਟ ਜਿੰਮੀ 'ਦਾ ਗਰੀਕ' ਸਨਾਈਡਰ ਨੇ ਕਾਲਿਆਂ ਬਾਰੇ ਕੁਝ ਇਸ ਤਰ੍ਹਾਂ ਦਾ ਕਹਿ ਦਿੱਤਾ ਸੀ ਕਿ ਕਾਲਿਆਂ ਦੀ ਨਸਲ ਹੀ ਇਹੋ ਜਿਹੀ ਹੈ ਕਿ ਇਹ ਖੇਡਣ ਵਿੱਚ ਸਭ ਤੋਂ ਉੱਤਮ ਹਨ ਤਾਂ ਇਨ੍ਹਾਂ ਦੋਹਾਂ ਨੂੰ ਆਪਣੀਆਂ ਨੌਕਰੀਆਂ ਤੋਂ ਅਸਤੀਫਾ ਦੇਣਾ ਪਿਆ ਸੀ। ਜਾਰਜ ਐਲਨ ਵਰਜੀਨੀਆ ਦੇ ਸੂਬੇ ਦਾ ਰਹਿ ਚੁੱਕਾ ਗਵਰਨਰ ਅਤੇ ਅਮਰੀਕਾ ਦਾ ਰਹਿ ਚੁੱਕਾ ਸੈਨੇਟਰ, ਪਿਛਲੀਆਂ ਚੋਣਾਂ ਵਿੱਚ ਸੈਨੇਟਰ ਦੀ ਦੁਬਾਰਾ ਚੋਣ ਲੜ ਰਿਹਾ ਸੀ। ਉਸਨੇ ਇਕ ਪ੍ਰੈੱਸ ਕਾਨਫਰੰਸ ਵਿੱਚ ਮਜ਼ਾਕ ਵਿੱਚ ਇਕ ਹਿੰਦੋਸਤਾਨੀ ਵਿਰਸੇ ਦੇ ਲੜਕੇ ਨੂੰ 'ਮਕਾਕਾ' ਕਹਿ ਦਿੱਤਾ ਸੀ, ਜਿਸਦਾ ਮਤਲਬ ਇਕ ਤਰ੍ਹਾਂ ਦਾ ਬਾਂਦਰ ਹੈ। ਜਾਰਜ ਐਲਨ ਦੇ ਵਾਰ ਵਾਰ ਮੁਆਫੀ ਮੰਗਣ ਦੇ ਬਾਵਜੂਦ ਵੀ ਉਹ ਚੋਣ ਹਾਰ ਗਿਆ ਅਤੇ ਭਵਿੱਖ ਵਿੱਚ ਅਮਰੀਕਾ ਦਾ ਪ੍ਰਧਾਨ ਬਣਨ ਦੀ ਉਸਦੀ ਖੁਆਹਸ਼ ਹਮੇਸ਼ਾ ਵਾਸਤੇ ਮਿੱਟੀ ਵਿੱਚ ਰੁਲ ਗਈ। ਸਿਰਫ ਇਸ ਇਕ ਸ਼ਬਦ ਕਾਰਨ। ਹੁਣੇ ਹੁਣੇ ਅਮਰੀਕਾ ਵਿੱਚ ਰੇਡੀਓ ਦੇ ਇਕ ਬਹੁਤ ਪ੍ਰਸਿੱਧ ਕਨਜ਼ਰਵੇਟਿਵ ਹੋਸਟ ਡਾਨ ਆਈਮਸ ਨੇ ਰਟਗਰਜ਼ ਯੂਨੀਵਰਸਿਟੀ, ਨਿਊ ਯਰਸੀ, ਦੀ ਬਾਸਕਟਬਾਲ ਟੀਮ ਦੀਆਂ ਲੜਕੀਆਂ ਵਿਰੁੱਧ ਕੁਝ ਭੈੜੇ ਨਸਲੀ ਵਿਤਕਰੇ ਵਾਲੇ ਸ਼ਬਦ ਕਹਿ ਦਿੱਤੇ। ਅਮਰੀਕਾ ਦੇ ਮੀਡੀਏ ਨੇ ਇਹ ਗੱਲ ਉਦੋਂ ਤੱਕ ਨਹੀਂ ਛੱਡੀ ਜਦੋਂ ਤੱਕ ਐਨ. ਸੀ. ਬੀ. ਅਤੇ ਸੀ. ਬੀ. ਐਸ. ਦੋਹਾਂ ਕੰਪਨੀਆਂ ਨੇ ਆਈਮਸ ਨੂੰ ਕੰਮ ਤੋਂ ਕੱਢ ਨਹੀਂ ਦਿੱਤਾ ਇਸਦੇ ਬਾਵਜੂਦ ਕਿ ਆਈਮਸ ਨੇ ਕਈ ਦਿਨ ਲਗਾਤਾਰ ਮੁਆਫ਼ੀ ਮੰਗੀ ਅਤੇ ਉਨ੍ਹਾਂ ਲੜਕੀਆਂ ਨੂੰ ਮਿਲ ਕੇ ਉਨ੍ਹਾਂ ਤੋਂ ਵੀ ਮੁਆਫ਼ੀ ਮੰਗੀ। ਪੰਜਾਬੀ ਵਿਅੰਗ ਵਿੱਚ, ਆਮ ਗੱਲਾਂ ਵਿੱਚ ਅਤੇ ਪੰਜਾਬੀ ਲਤੀਫਿਆਂ ਵਿੱਚ ਜੋ ਜੋ ਗੱਲਾਂ ਕਹੀਆਂ ਅਤੇ ਲਿਖੀਆਂ ਜਾਂਦੀਆਂ ਹਨ ਉਹ ਅਮਰੀਕਾ ਵਿੱਚ ਕਦੇ ਵੀ ਕਹੀਆਂ ਜਾਂ ਲਿਖੀਆਂ ਨਹੀਂ ਜਾਣਗੀਆਂ। ਜੇ ਕੋਈ ਅਜਿਹੀ ਗੱਲ ਕਹਿ ਦੇਵੇ ਜਾਂ ਲਿਖ ਦੇਵੇ ਤਾਂ ਉਸਨੂੰ ਤੁਰੰਤ ਹੀ ਮੁਆਫ਼ੀ ਮੰਗਣੀ ਪਵੇਗੀ। ਸਾਲ ਕੁ ਪਹਿਲਾਂ (2006 ਵਿੱਚ) ਪੰਜਾਬੀ ਦੇ ਇਕ ਮਸ਼ਹੂਰ ਗਾਇਕ ਨੇ ਨਿਊ ਯਰਸੀ ਵਿੱਚ ਇਕ ਪ੍ਰੈੱਸ ਕਾਨਫਰੰਸ ਵਿੱਚ ਇਕ ਭਾਰੇ ਜਿਹੇ ਬੰਦੇ ਵੱਲੋਂ ਸਵਾਲ ਪੁੱਛਣ 'ਤੇ ਕੁਝ ਇਸ ਤਰ੍ਹਾਂ ਆਖ ਦਿੱਤਾ, "ਖਾ ਖਾ ਕੇ ਬੜਾ ਫੁੱਲਿਆ ਲਗਦਾਂ।" ਜੇਕਰ ਉਹ ਇਨਸਾਨ ਕਿਸੇ ਬਿਮਾਰੀ ਕਾਰਨ ਮੋਟਾ ਹੋਇਆ ਹੋਵੇ ਤਾਂ ਇਹ ਸੁਣ ਕੇ ਉਸ ਉੱਤੇ ਕੀ ਬੀਤੀ ਹੋਵੇਗੀ ? ਇਹ ਤਾਂ ਸਿਰਫ ਉਸ ਇਨਸਾਨ ਨੂੰ ਹੀ ਪਤਾ। ਜੇ ਉਹ ਵੈਸੇ ਹੀ ਮੋਟਾ ਹੋਵੇ ਤਾਂ ਵੀ ਇਹੋ ਜਿਹੀ ਗੱਲ ਕਹਿਣੀ ਬਿਲਕੁੱਲ ਗਲਤ ਹੈ। ਜੇਕਰ ਕੋਈ ਅਮਰੀਕਨ ਗਾਇਕ ਇਹੋ ਜਿਹੀ ਗੱਲ ਆਖ ਦਿੰਦਾ ਤਾਂ ਕਈ ਵਾਰੀ ਮੁਆਫ਼ੀ ਮੰਗਣ ਤੋਂ ਬਾਅਦ ਵੀ ਉਸਦਾ ਭਵਿੱਖ ਪਹਿਲਾਂ ਵਰਗਾ ਨਾ ਰਹਿੰਦਾ। ਅਪ੍ਰੈਲ 2007 ਵਿੱਚ ਮੈਂ ਇੱਕ ਪੰਜਾਬੀ ਦੇ ਮਸ਼ਹੂਰ



ਗਾਇਕ ਨੂੰ ਨਿਊ ਯਾਰਕ ਦੇ ਨੇੜੇ ਇਕ ਸ਼ਹਿਰ ਵਿੱਚ ਸੁਨਣ ਗਿਆ ਸੀ। ਆਪਣੇ ਗਾਉਣ ਦੇ ਸਮਾਗਮ ਦੌਰਾਨ ਇਕ ਗੀਤ ਦੇ ਵਿਚਕਾਰ ਉਹ ਕਹਿਣ ਲੱਗਾ, "ਅੰਨਿਆਂ ਨੂੰ ਕੀ ਦਿਸਣਾ। ਅੰਨਿਆਂ ਨੂੰ ਕਿਵੇਂ ਇਸਦਾ ਪਤਾ ਲੱਗ ਸਕਦਾ ?" ਹੁਣ ਇਹ ਸ਼ਬਦ ਵੀ PI ਹਨ। ਜੇ ਉਸ ਸਮਾਗਮ ਵਿੱਚ ਕੋਈ ਘੱਟ ਨਜ਼ਰ ਵਾਲਾ ਇਨਸਾਨ ਬੈਠਾ ਹੋਇਆ ਤਾਂ ਉਸਨੂੰ ਇਹ ਸੁਣ ਕੇ ਆਪਣਾ ਨਿਰਾਦਰ ਅਤੇ ਆਪਣੀ ਘਾਟ ਜ਼ਰੂਰ ਮਹਿਸੂਸ ਹੋਈ ਹੋਵੇਗੀ। ਜਾਂ ਜੇ ਕਿਸੇ ਸਰੋਤੇ ਦੇ ਪਰਿਵਾਰ ਦਾ ਕੋਈ ਜੀਅ ਇਸ ਹਾਲਤ ਵਿੱਚ ਹੋਵੇ ਤਾਂ ਉਸ ਨੇ ਕਿਵੇਂ ਮਹਿਸੂਸ ਕੀਤਾ ਹੋਵੇਗਾ ! ਇਹੋ ਜਿਹੇ ਸ਼ਬਦ ਕਦੇ ਵੀ ਕਹਿਣੇ ਨਹੀਂ ਚਾਹੀਦੇ। ਪਿੱਛੇ ਜਿਹੇ ਪੰਜਾਬੀ ਦੇ ਇਕ ਵਿਅੰਗਕਾਰ ਨੇ ਇਕ ਸਾਹਿਤਕ ਮੀਟਿੰਗ ਵਿੱਚ, ਜਿੱਥੇ ਮੈਂ ਵੀ ਹਾਜ਼ਰ ਸਾਂ, ਇਕ ਵਿਅੰਗ ਲੇਖ ਪੜ੍ਹਿਆ ਸੀ ਜਿਸ ਵਿੱਚ ਉਸਨੇ ਕੁਝ ਇਸ ਤਰ੍ਹਾਂ ਦੀ ਲਾਈਨ ਲਿਖੀ ਹੋਈ ਸੀ, "ਸਿਆਣੇ ਐਵੇਂ ਤਾਂ ਨਹੀਂ ਕਹਿੰਦੇ ਕਿ ਜ਼ਨਾਨੀਆਂ ਦੀ ਮੱਤ ਗੁੱਤ ਪਿੱਛੇ ਹੁੰਦੀ ਹੈ।" ਜੇਕਰ ਕੋਈ ਅਮਰੀਕਨ ਇਹੋ ਜਿਹੀ ਗੱਲ ਕਿਸੇ ਲਿਖਤ ਵਿੱਚ ਕਹਿ ਦਿੰਦਾ, ਭਾਵੇਂ ਵਿਅੰਗ ਵਿੱਚ ਹੀ, ਉਸਨੂੰ ਦੂਸਰੇ ਦਿਨ ਹੀ ਮੁਆਫ਼ੀ ਮੰਗਣੀ ਪੈਂਦੀ ਭਾਵੇਂ ਕਿ ਇਹ ਗੱਲ ਮਿਰਜ਼ਾ-ਸਾਹਿਬਾਂ ਦੇ ਕਿੱਸੇ ਵਿੱਚ ਕਈ ਸੈਕੜੇਂ ਸਾਲ ਪਹਿਲਾਂ ਲਿਖੀ ਗਈ ਸੀ। ਪਰ ਉਹ ਜ਼ਮਾਨੇ ਹੋਰ ਸਨ। ਪੰਜਾਬੀ ਵਿਅੰਗ ਵਿੱਚ ਹੋਰ ਵੀ ਬਹੁਤ ਸਾਰੀਆਂ PI ਗੱਲਾਂ ਹੁੰਦੀਆਂ ਹਨ। (ਇੱਥੇ ਮੈਂ ਸਾਰੇ ਪੰਜਾਬੀ ਵਿਅੰਗ ਦੀ ਗੱਲ ਨਹੀਂ ਕਰ ਰਿਹਾ। ਕੁਝ ਪੰਜਾਬੀ ਵਿਅੰਗ ਬਹੁਤ ਅੱਛਾ ਵੀ ਹੈ ਜਿਸ ਵਿੱਚ ਭੂਸ਼ਨ ਦੀਆਂ ਲਿਖਤਾਂ ਸ਼ਾਮਲ ਹਨ।) ਅਸੀਂ ਬਹੁਤ ਸਾਰੇ ਹਿੰਦੋਸਤਾਨੀ ਇਹੋ ਜਿਹੀਆਂ ਗੱਲਾਂ ਤੇ ਸਿਰਫ਼ ਹੱਸ ਛੱਡਦੇ ਹਾਂ, ਕਿੰਤੂ ਨਹੀਂ ਕਰਦੇ। ਸਾਨੂੰ ਚਾਹੀਦਾ ਹੈ ਕਿ ਅਸੀਂ ਇਹੋ ਜਿਹੀਆਂ ਗੱਲਾਂ ਉੱਤੇ ਕਿੰਤੂ ਕਰੀਏ। ਇਹੋ ਜਿਹੀਆਂ ਲਿਖਤਾਂ 'ਤੇ ਸਾਨੂੰ ਹੱਸਣਾ ਨਹੀਂ ਚਾਹੀਦਾ ਸਗੋਂ ਆਪਣੀ ਅਸਵੀਕਾਰਤਾ ਦਿਖਾਉਣੀ ਚਾਹੀਦੀ ਹੈ। ਅਮਰੀਕਾ ਵਿੱਚ ਕੁਝ ਸਾਲ ਪਹਿਲਾਂ ਕਾਲਿਆਂ ਨੂੰ ਕਾਲੇ ਕਹਿਣਾ ਵੀ PI ਸਮਝਿਆ ਜਾਣ ਲੱਗਾ ਸੀ। ਉਨ੍ਹਾਂ ਨੂੰ ਉਦੋਂ ਐਫ਼ਰੀਕਨ ਅਮੈਰਿਕਨ ਕਿਹਾ ਜਾਣ ਲੱਗਾ ਸੀ। ਪਰ ਫਿਰ ਕੁਝ ਕਾਲਿਆਂ ਨੇ ਕਿਹਾ ਕਿ ਸਾਰੇ ਕਾਲੇ ਅਫਰੀਕਾ ਤੋਂ ਨਹੀਂ। ਉਨ੍ਹਾਂ ਦੇ ਇਤਰਾਜ਼ ਕਰਨ ਤੇ ਉਨ੍ਹਾਂ ਨੂੰ ਫਿਰ ਕਾਲੇ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਹੈ ਭਾਵੇਂ ਹਾਲੇ ਵੀ ਬਹੁਤ ਸਾਰੇ ਲੋਕ ਇਨ੍ਹਾਂ ਨੂੰ ਐਫ਼ਰੀਕਨ ਅਮੈਰਿਕਨ ਵੀ ਕਹਿੰਦੇ ਹਨ। ਅਮਰੀਕਾ ਵਿੱਚ ਅੱਜ ਕਲ੍ਹ ਬਹੁਤੇ ਲੋਕ ਅਪਾਹਜਾਂ ਨੂੰ handicapped ਜਾਂ disabled ਕਹਿਣਾ ਵੀ PI ਸਮਝਦੇ ਹਨ। ਇਨ੍ਹਾਂ ਨੂੰ ਇੱਥੇ ਅੱਜ ਕਲ੍ਹ person of special needs ਕਿਹਾ ਜਾਂਦਾ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਅਮਰੀਕਾ ਵਿੱਚ ਕੋਈ ਵੀ ਸ਼ਬਦ ਜੋ ਕਿਸੇ ਵਰਗ ਦਾ ਮਜ਼ਾਕ ਉਡਾਵੇ, ਉਸਨੂੰ ਨੀਵਾਂ ਦਿਖਾਵੇ, ਜਾਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਵੇ ਵਰਤਣਾ PI ਸਮਝਿਆ ਜਾਂਦਾ ਹੈ। ਵਿਅੰਗ ਦੀ ਆੜ ਲੈ ਕੇ ਕਿਸੇ ਵੀ ਵਰਗ ਦਾ ਮਖੌਲ ਉਡਾਉਣਾ ਜਾਂ ਕਿਸੇ ਵਰਗ ਬਾਰੇ ਗਲਤ ਜਾਣਕਾਰੀ ਦੇਣੀ ਠੀਕ ਨਹੀਂ। ਅਸੀਂ ਸਿਰਫ਼ ਹਿੰਦੋਸਤਾਨ ਵਿੱਚ ਹੀ ਇਸਨੂੰ ਠੀਕ ਸਮਝਦੇ ਹਾਂ।

ਅਸੀਂ ਸਾਰੇ ਹੀ ਕਈ ਵਾਰੀ ਆਮ ਗੱਲਾਂ ਕਰਦਿਆਂ ਬੇਧਿਆਨੇ ਹੀ ਅਜਿਹੀਆਂ ਗੱਲਾਂ ਕਹਿ ਦਿੰਦੇ ਹਾਂ ਜੋ ਸਾਨੂੰ ਕਹਿਣੀਆਂ ਨਹੀਂ ਚਾਹੀਦੀਆਂ। ਬਹੁਤ ਧਿਆਨ ਰੱਖਣ ਦੇ ਬਾਵਜੂਦ ਵੀ ਮੈਂ ਖੁਦ ਕਦੇ ਕਦਾਈਂ ਇਹੋ ਜਿਹੀ ਗਲਤੀ ਕਰ ਜਾਂਦਾ ਹਾਂ। ਜਨਵਰੀ, 2007 ਵਿੱਚ ਮੈਂ ਜਦੋਂ ਹਿੰਦੋਸਤਾਨ ਗਿਆ ਤਾਂ ਅਸੀਂ ਕਈ ਦੋਸਤ ਚੰਡੀਗੜ੍ਹ ਇਕ ਰੈਸਟੋਰੈਂਟ ਵਿੱਚ ਖਾਣੇ ਲਈ ਬੈਠੇ ਸਾਂ ਜਿਨ੍ਹਾਂ ਵਿੱਚ ਡਾ. ਰਘਬੀਰ ਸਿੰਘ, ਡਾ. ਕਰਮਜੀਤ ਸਿੰਘ, ਪ੍ਰਿੰਸੀਪਲ ਅਵਤਾਰ ਸਿੰਘ ਧਾਲੀਵਾਲ, ਭੂਸ਼ਨ,

ਜਿੰਦਰ ਅਤੇ ਮੋਹਨ ਭੰਡਾਰੀ ਸ਼ਾਮਲ ਸਨ। ਭੂਸ਼ਨ ਨਾਲ ਗੱਲ ਕਰਦਿਆਂ ਮੈਂ ਬੇਧਿਆਨੇ ਹੀ ਇਕ PI ਗੱਲ ਕਹਿ ਗਿਆ। ਕਹਿਣ ਤੋਂ ਬਾਦ ਇਕ ਦਮ ਮੈਨੂੰ ਖ਼ਿਆਲ ਆਇਆ ਕਿ ਮੈਂ PI ਗੱਲ ਕਹਿ ਗਿਆ ਸਾਂ ਭਾਵੇਂ ਮੈਂ ਆਪਣੇ ਵੱਲੋਂ ਚੰਗੇ ਲਹਿਜ਼ੇ ਵਿੱਚ ਹੀ ਆਖੀ ਸੀ। ਉਧਰੋਂ ਭੂਸ਼ਨ ਵੀ ਥੋੜ੍ਹਾ ਗੁੱਸਾ ਕਰ ਬੈਠਾ ਸੀ। ਛੇਤੀਂ ਦੇਣੀ ਮੁਆਫ਼ੀ ਮੰਗ ਕੇ ਭੂਸ਼ਨ ਤੋਂ ਜਾਨ ਛਡਾਈ। ਮੇਰੇ ਕਹਿਣ ਦਾ ਭਾਵ ਕਿ ਕਈ ਵਾਰੀ ਅਸੀਂ ਆਮ ਗੱਲ ਬਾਤ ਦੌਰਾਨ ਬੇਧਿਆਨੇ ਹੀ ਇਹੋ ਜਿਹੀਆਂ ਗੱਲਾਂ ਕਹਿ ਜਾਂਦੇ ਹਾਂ ਜਿਨ੍ਹਾਂ ਦੇ ਗਲਤ ਹੋਣ ਦਾ ਸਾਨੂੰ ਕਹਿਣ ਤੋਂ ਬਾਅਦ ਹੀ ਅਹਿਸਾਸ ਹੁੰਦਾ ਹੈ। ਉਸ ਵੇਲੇ ਮੁਆਫ਼ੀ ਮੰਗ ਲੈਣ ਨਾਲ ਅਸੀਂ ਛੋਟੇ ਨਹੀਂ ਹੁੰਦੇ, ਸਗੋਂ ਅਜਿਹਾ ਕਰਨ ਨਾਲ ਅਸੀਂ ਆਪਣੀ ਇੱਜ਼ਤ ਵਧਾਉਂਦੇ ਹੀ ਹਾਂ। ਪਰ ਸਾਡੀਆਂ ਲਿਖਤਾਂ ਵਿੱਚ ਇਹੋ ਜਿਹੀ ਗੱਲ ਨਹੀਂ ਵਾਪਰਨੀ ਚਾਹੀਦੀ। ਅਸੀਂ ਆਪਣੀਆਂ ਲਿਖਤਾਂ ਛਪਣ ਤੋਂ ਪਹਿਲਾਂ ਕਈ ਵਾਰੀ ਪੜ੍ਹਦੇ ਹਾਂ। ਇਸ ਲਈ ਸਾਡੀਆਂ ਲਿਖਤਾਂ ਵਿੱਚ ਇਹੋ ਜਿਹੀ ਗਲਤੀ ਹੋਣੀ ਸਵੀਕਾਰ ਨਹੀਂ ਕੀਤੀ ਜਾਣੀ ਚਾਹੀਦੀ। ਜੇ ਅਸੀਂ ਕੋਈ P1 ਗੱਲ ਕਹਾਣੀਆਂ ਜਾਂ ਨਾਵਲਾਂ ਵਿੱਚ ਕਿਸੇ ਪਾਤਰ ਦੇ ਮੂੰਹੋਂ ਕਹਾਈਏ ਤਾਂ ਇਹ ਸਵੀਕਾਰ ਹੈ ਕਿਉਂਕਿ ਅਸੀਂ ਉਸ ਪਾਤਰ ਦੇ ਚਾਲਚਲਣ ਨੂੰ ਨੰਗਾ ਕਰਨਾ ਚਾਹੁੰਦੇ ਹਾਂ। ਪਰ ਜਦੋਂ ਇਕ ਲੇਖਕ ਕੋਈ ਇਹੋ ਜਿਹੀ P1 ਗੱਲ ਆਪਣੇ ਬਿਆਨ ਵਿੱਚ ਕਹੇ, ਭਾਵੇਂ ਉਹ ਕਹਾਣੀਆਂ ਵਿੱਚ ਹੋਵੇ, ਜਾਂ ਨਾਵਲਾਂ ਵਿੱਚ, ਜਾਂ ਲੇਖਾਂ ਵਿੱਚ, ਜਾਂ ਵਿਅੰਗ ਵਿੱਚ, ਉਹ ਸਵੀਕਾਰ ਨਹੀਂ ਕੀਤੀ ਜਾਣੀ ਚਾਹੀਦੀ। ਹੇਠਾਂ ਮੈਂ ਕੁਝ P1 ਸ਼ਬਦਾਂ ਅਤੇ ਵਾਕਾਂ ਦੀਆਂ ਉਦਾਹਰਣਾਂ ਦਿੰਦਾ ਹਾਂ।

(1) ਪੰਜਾਬੀ ਦੇ ਵਿਅੰਗ ਲੇਖਾਂ ਵਿੱਚ ਮੈਂ ਆਮ ਹੀ ਇਹੋ ਜਿਹੇ ਵਾਕ ਸੁਣੇ ਜਾਂ ਪੜ੍ਹੇ ਹਨ ਜੋ ਕਿ P1 ਹਨ ਅਤੇ ਨਹੀਂ ਲਿਖੇ ਜਾਣੇ ਚਾਹੀਦੇ, ਜਿਵੇਂ ਕਿ : 'ਕਾਸ਼ ਮੇਰੀ ਜ਼ਨਾਨੀ ਅੰਨੀ ਹੁੰਦੀ ਤਾਂ ਜੋ ਉਹ ਮੇਰੀਆਂ ਕਰਤੂਤਾਂ ਨਾ ਦੇਖ ਸਕਦੀ।" "ਕਿੰਨਾ ਚੰਗਾ ਹੁੰਦਾ ਜੇ ਮੈਂ ਬੋਲਾ ਹੁੰਦਾ। ਮੈਂ ਆਪਣੀ ਜ਼ਨਾਨੀ ਨੂੰ ਚੌਵੀ ਘੰਟੇ ਸੁਨਣ ਤੋਂ ਬਚ ਜਾਂਦਾ।" "ਮੇਰੀ ਮੋਟੀ ਜ਼ਨਾਨੀ ਜਦੋਂ ਘਰ ਵਿੱਚ ਘੁੰਮਦੀ ਹੈ ਤਾਂ ਫਰਸ਼ ਹਲਾ ਸੁੱਟਦੀ ਹੈ।" "ਮੇਰੇ ਸੱਸ ਸਹੁਰੇ ਨੂੰ ਤਾਂ ਹੋਰ ਕੋਈ ਕੰਮ ਹੀ ਨਹੀਂ। ਆਮ ਹੀ ਸਾਡੇ ਘਰ ਆ ਧਮਕੇ ਰਹਿੰਦੇ ਹਨ ਵਿਹਲੀਆਂ ਖਾਣ ਨੂੰ।" "ਸਾਡੀ ਜ਼ਨਾਨੀ ਨੂੰ ਤਾਂ ਕੋਈ ਅਕਲ ਹੀ ਨਹੀਂ। ਹਮੇਸ਼ਾਂ ਹੀ ਕਮਲਿਆਂ ਵਾਂਗ ਊਟ ਪਟਾਂਗ ਬਕਦੀ ਰਹਿੰਦੀ ਹੈ।" ਇਹ ਸਭ ਗਲਤ ਗੱਲਾਂ ਅਸੀਂ ਵਿਅੰਗ ਦੀ ਆੜ ਲੈ ਕੇ ਕਹਿੰਦੇ ਹਾਂ ਅਤੇ ਬਹੁਤੇ ਲੋਕ ਸਮਝਦੇ ਹਨ ਕਿ ਇਹ ਸਭ ਕੁਝ ਵਿਅੰਗ ਵਿੱਚ ਕਹਿਣਾ ਮੁਆਫ਼ ਹੈ।

(2) ਬਜ਼ੁਰਗ ਇਨਸਾਨਾਂ ਨੂੰ 'ਬਜ਼ੁਰਗ' ਕਹਿ ਲੈਣਾ ਤਾਂ PC ਹੈ ਪਰ 'ਬੁੱਢੇ ਜਾਂ ਬੁੜੇ' ਕਹਿਣਾ P1 ਹੈ। ਪੰਜਾਬ ਵਿੱਚ ਛਪਦੇ ਇਕ ਪੰਜਾਬੀ ਦੈਨਿਕ ਅਖਬਾਰ ਨੇ ਮਈ, 2007 ਦੇ ਇਕ ਅੰਕ ਵਿੱਚ ਇਕ ਖ਼ਬਰ ਦਾ ਟਾਈਟਲ ਇਸ ਤਰ੍ਹਾਂ ਦਿੱਤਾ ਸੀ, "62 ਸਾਲ ਦਾ ਬੁੱਢਾ ਤਿੰਨ ਕਿਲੋ ਅਫੀਮ ਸਮੇਤ ਗ੍ਰਿਫਤਾਰ।" ਪਹਿਲੀ ਗੱਲ ਇਹ ਕਿ ਅੱਜ ਕਲ੍ਹ ਜਦੋਂ ਇਨਸਾਨ 100 ਸਾਲ ਤੋਂ ਵੀ ਵੱਧ ਉਮਰ ਜੀਉਂਦੇ ਹਨ, ਇਕ 62 ਸਾਲ ਦੇ ਇਨਸਾਨ ਨੂੰ ਬੁੱਢਾ ਕਹਿਣਾ ਗਲਤ ਹੈ। ਅਮਰੀਕਾ ਵਿੱਚ 62 ਸਾਲ ਦੀ ਉਮਰ ਦਾ ਇਨਸਾਨ ਅੱਧਖੜ ਹੀ ਸਮਝਿਆ ਜਾਂਦਾ ਹੈ। ਦੂਜੇ, ਬੁੱਢਾ ਸ਼ਬਦ ਨਿਰਾਦਰ ਵਾਲਾ ਹੈ। ਇਸਦੀ ਥਾਂ 62 ਸਾਲ ਦਾ ਇਨਸਾਨ (ਜਾਂ ਬਜ਼ੁਰਗ) ਵਰਤਿਆ ਜਾਂਦਾ ਤਾਂ ਚੰਗਾ ਲਗਦਾ।

(3) ਕਈ ਮਾਂ ਪਿਓ ਆਪਣੇ ਬੱਚੇ ਨੂੰ ਇਸ ਤਰ੍ਹਾਂ ਦੇ ਲਫ਼ਜ ਕਹਿੰਦੇ ਹਨ ਜੋ ਬਿਲਕੁਲ P1



ਹਨ ਜਿਵੇਂ ਕਿ : "ਤੂੰ ਤਾਂ ਮੂਰਖ ਹੀ ਰਿਹਾ। ਤੈਨੂੰ ਅਕਲ ਕਦੇ ਨਹੀਂ ਆਉਣੀ। ਤੂੰ ਤਾਂ ਜ਼ਿੰਦਗੀ ਵਿੱਚ ਭੁੱਖਾ ਮਰੇਂਗਾ।"

(4) ਪੰਜਾਬ ਦੇ ਪਿੰਡਾਂ ਵਿੱਚ ਅਸੀਂ ਆਮ ਹੀ ਇਹੋ ਜਿਹੇ ਵਾਕ ਸੁਣਦੇ ਹਾਂ ਜਿਵੇਂ "ਆਹ ਐਵੇਂ ਮਰਾਸੀਆਂ ਵਾਂਗੂ ਕੀ ਗਾਉਣ ਦਾ ਕਿੱਤਾ ਫੜ ਲਿਆ ?" "ਅੰਨਾਂ ? ਦੇਖ ਕੇ ਨਹੀਂ ਤੁਰ ਹੁੰਦਾ ? ਐਵੇਂ ਵਿੱਚ ਵੱਜੀ ਜਾਂਦਾਂ ?" "ਇਹ ਐਵੇਂ ਕੀ...ਵਾਲੀ ਸ਼ਕਲ ਬਣਾਈ ਫਿਰਦਾਂ ?" ਐਧਰ ਆ ਓਏ ਲੰਙਿਆਂ ਜਿਹਾ।" "ਤੇਰੇ ਦਿਮਾਗ ਵਿੱਚ ਕੋਈ ਅਕਲ ਵੀ ਹੈ ਕਿ ਐਵੇਂ ਹੀ ਵਧ ਕੇ ਅਸਮਾਨ ਨਾਲ ਲੱਗਿਆ ਫਿਰਦਾਂ ?" ਇਹ ਸਾਰੇ ਹੀ ਵਾਕ P1 ਹਨ ਅਤੇ ਨਹੀਂ ਕਹਿਣੇ ਚਾਹੀਦੇ।

(5) ਕਈ ਵਾਰੀ ਇਕ ਪੰਜਾਬੀ ਔਰਤ ਦੂਜੀ ਔਰਤ ਨੂੰ ਆਖਦੀ ਸੁਣੀਦੀ ਹੈ : "ਤੇਰੀ ਕੁੜੀ ਦਾ ਨੱਕ ਬਹੁਤ ਫੀਨਾ।" "ਤੇਰਾ ਮੁੰਡਾ ਪੈਰ ਵਿੰਗੇ ਕਾਹਤੇ ਰੱਖਦਾ ?" "ਤੇਰੀ ਕੁੜੀ ਦੀਆਂ ਅੱਖਾਂ ਬਹੁਤ ਛੋਟੀਆਂ।" "ਤੇਰੇ ਮੁੰਡੇ ਦੇ ਕੰਨ ਬਹੁਤ ਵਿੱਗੇ ਆ।" "ਤੇਰੀ ਕੁੜੀ ਇੰਨੀ ਪੀਲੀ ਕਾਹਤੇ ਹੈ ?" "ਤੇਰਾ ਮੁੰਡਾ ਇੰਨਾ ਪਤਲਾ ਕਿਉਂ ਹੈ ?" ਇਹ ਸਭ ਗੱਲਾਂ ਕਹਿਣੀਆਂ ਗਲਤ ਹਨ ਅਤੇ P1 ਹਨ

ਅਖੀਰ ਵਿੱਚ ਮੈਂ ਇੱਕ ਹੋਰ ਉਦਾਹਰਣ ਦੇ ਕੇ ਇਸ ਲੇਖ ਨੂੰ ਬੰਦ ਕਰਾਂਗਾ।

ਮੈਂ ਜਿਸ ਯੂਨੀਵਰਸਿਟੀ ਵਿੱਚ ਪੜ੍ਹਾਉਂਦਾ ਹਾਂ, ਪਿੱਛੇ ਜਿਹੇ ਇਸ ਯੂਨੀਵਰਸਿਟੀ ਦੇ ਪਬਲਿਕ ਰਿਲੇਸ਼ਨਜ਼ ਵਿਭਾਗ ਦੇ ਡਾਇਰੈਕਟਰ ਨੇ ਇਕ ਈਮੇਲ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਭੇਜੀ ਜਿਨ੍ਹਾਂ ਵਿੱਚ ਮੈਂ ਵੀ ਸ਼ਾਮਲ ਸਾਂ। ਇਸ ਈਮੇਲ ਦੀਆਂ ਕੁਝ ਲਾਈਨਾਂ ਹੇਠ ਲਿਖੀਆਂ ਸਨ :

As we continue to migrate academic department web pages to the new design, an issue has resurfaced for which I would ask for your help. For each department, we will have a "footer" at the bottom of the webpage that will include your department email address. While this is often the email of your administractive assistant, a better solution is to create a generic email address for your department...

ਇਸਦੇ ਜਵਾਬ ਵਜੋਂ ਇਕ ਵਿਭਾਗ ਦੇ ਮੁਖੀ ਨੇ ਈਮੇਲ ਰਾਹੀਂ ਹੇਠਾਂ ਲਿਖਿਆ ਜਵਾਬ ਦਿੱਤਾ :

I wish you would not refer to all our secretaries as "administractive assistants." According to their contract, Secretary IIs and Secretary Is have a lower pay scale and considerably different duties than the category of Administrative Assistant...I know that you are trying to be politically correct about it and that is very thoughtful.

(ਜੂਨ 1, 2007)

# ਅਸੀਂ ਗੁਲਾਮ ਰੱਖਣ ਦੇ ਆਦੀ ਕਿਉਂ ਹਾਂ ?

ਮਈ 2007 ਦੇ ਅੱਧ ਦੁਆਲੇ ਦੀ ਗੱਲ ਹੈ। ਇੰਡੋਨੇਸ਼ੀਅਨ ਮੂਲ ਦੀ ਇਕ ਔਰਤ ਇਕ ਦੁਕਾਨ ’ਤੇ ਨੱਠੀ ਨੱਠੀ ਆਈ ਅਤੇ ਉਥੇ ਕੰਮ ਕਰਦੇ ਮੁਲਾਜ਼ਮਾਂ ਨੂੰ ਉਸਨੇ ਪੁਲੀਸ ਨੂੰ ਬੁਲਾਉਣ ਲਈ ਆਖਿਆ। ਉਹ ਬਹੁਤ ਹੀ ਡਰੀ ਹੋਈ ਲਗ ਰਹੀ ਸੀ। ਫਿਰ ਉਹ ਬਾਹਰ ਸੜਕ ’ਤੇ ਘੁੰਮਦੀ ਪੁਲੀਸ ਨੂੰ ਮਿਲ ਗਈ। ਉਸਨੇ ਪੁਲੀਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ ਕਿ ਕਿਸ ਤਰ੍ਹਾਂ ਇਕ ਪਰਵਾਰ ਨੇ ਉਸਨੂੰ ਅਤੇ ਇਕ ਹੋਰ ਔਰਤ ਨੂੰ ਘਰ ਵਿੱਚ ਕੰਮ ਕਰਨ ਲਈ ਕੁਝ ਸਾਲ ਪਹਿਲਾਂ ਰੱਖਿਆ ਸੀ। ਫਿਰ ਉਸ ਪਰਿਵਾਰ ਨੇ ਇਨ੍ਹਾਂ ਔਰਤਾਂ ਨੂੰ ਘਰ ਤੋਂ ਬਾਹਰ ਬਿਲਕੁੱਲ ਨਹੀਂ ਸੀ ਜਾਣ ਦਿੱਤਾ। ਉਨ੍ਹਾਂ ਨੂੰ ਹਮੇਸ਼ਾਂ ਹੀ ਘਰ ਵਿੱਚ ਬੰਦ ਕਰਕੇ ਗੁਲਾਮਾਂ ਵਾਂਗ ਰੱਖਿਆ ਜਾਂਦਾ ਸੀ। ਉਨ੍ਹਾਂ ਨੂੰ ਕੁੱਟਿਆ ਵੀ ਜਾਂਦਾ ਸੀ। ਉਨ੍ਹਾਂ ਨੂੰ ਹੋਰ ਕਈ ਕਿਸਮ ਦੇ ਤਸੀਹੇ ਵੀ ਦਿੱਤੇ ਜਾਂਦੇ ਸਨ। ਉਨ੍ਹਾਂ ਦੇ ਸਰੀਰ ਤੇ ਜਲਣ ਦੇ ਨਿਸ਼ਾਨ ਵੀ ਸਨ। ਪੁਲੀਸ ਨੇ ਇਸ ਪਰਿਵਾਰ ਦੇ ਜੋੜੇ ਨੂੰ ਇਨ੍ਹਾਂ ਔਰਤਾਂ ਨੂੰ ਇਸ ਤਰ੍ਹਾਂ ਗੁਲਾਮਾਂ ਵਾਂਗ ਰੱਖਣ ਲਈ ਗ੍ਰਿਫ਼ਤਾਰ ਕਰ ਲਿਆ। ਇਹ ਜੋੜਾ ਕਈ ਦਿਨ ਜੇਲ੍ਹ ਵਿੱਚ ਰਿਹਾ। ਪੁਲੀਸ ਇਨ੍ਹਾਂ ਨੂੰ ਜ਼ਮਾਨਤ ’ਤੇ ਰਿਹਾ ਨਹੀਂ ਸੀ ਕਰਨਾ ਚਾਹੁੰਦੀ ਕਿਉਂਕਿ ਪੁਲੀਸ ਨੂੰ ਡਰ ਸੀ ਕਿ ਇਹ ਪਰਿਵਾਰ ਅਮਰੀਕਾ ਛੱਡ ਕੇ ਕਿਸੇ ਹੋਰ ਦੇਸ਼ ਨੂੰ ਭੱਜ ਜਾਵੇਗਾ। ਜਦੋਂ ਅਖੀਰ ਇਨ੍ਹਾਂ ਦੋਹਾਂ ਜੀਆਂ ਦੀ ਜ਼ਮਾਨਤ ਹੋਈ ਤਾਂ ਇਸ ਜ਼ਮਾਨਤ ਦੀ ਰਕਮ ਕਈ ਮਿਲੀਅਨ ਡਾਲਰ ਸੀ। ਜ਼ਮਾਨਤ ਤੋਂ ਬਾਅਦ ਇਨ੍ਹਾਂ ਦੋਹਾਂ ਦੇ ਪੈਰਾਂ ਵਿੱਚ ਇਕ ਕਿਸਮ ਦੀਆਂ ਕੜੀਆਂ ਪਾਈਆਂ ਹੋਈਆਂ ਸਨ ਜਿਨ੍ਹਾਂ ਨਾਲ ਪੁਲੀਸ ਨੂੰ ਇਨ੍ਹਾਂ ਦੇ ਫਿਰਨ ਤੁਰਨ ਦੇ ਸਥਾਨ ਬਾਰੇ ਹਰ ਵੇਲੇ ਜਾਣਕਾਰੀ ਰਹਿੰਦੀ ਸੀ। ਇਸ ਦੇ ਇਲਾਵਾ ਇਸ ਪਰਿਵਾਰ ’ਤੇ ਜ਼ਮਾਨਤ ਦੇ ਬਾਅਦ ਹੋਰ ਵੀ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ। ਹੁਣ ਇਸ ਪਰਿਵਾਰ ਦੇ ਜੀਆਂ ਨੂੰ ਸਿਰਫ਼ ਇਕੋ ਫੋਨ ਵਰਤਣ ਦੀ ਆਗਿਆ ਸੀ ਜਿਸਨੂੰ ਪੁਲੀਸ ਵਾਲੇ ਸੁਣ ਸਕਦੇ ਸਨ। ਇਸ ਪਰਿਵਾਰ ਨੂੰ ਮੋਬਾਈਲ ਫੋਨ ਰੱਖਣ ਦੀ ਇਜ਼ਾਜਤ ਵੀ ਨਹੀਂ ਸੀ।

ਇਹ ਕਹਾਣੀ ਨਿਊ ਯਾਰਕ ਦੇ ਇੱਕ ਹਿੱਸੇ ਦੀ ਹੈ ਜਿਸਨੂੰ ਲੌਂਗ ਆਈਲੈਂਡ ਆਖਿਆ ਜਾਂਦਾ ਹੈ ਅਤੇ ਇਹ ਪਰਿਵਾਰ ਜਿਸਨੇ ਇਨ੍ਹਾਂ ਔਰਤਾਂ ਨੂੰ ਘਰ ਵਿੱਚ ਗੁਲਾਮਾਂ ਵਾਂਗ ਕੈਦ ਕਰਕੇ ਰੱਖਿਆ ਸੀ ਹਿੰਦੋਸਤਾਨੀ ਮੂਲ ਦਾ ਪਰਿਵਾਰ ਸੀ। ਇਹ ਪਰਿਵਾਰ ਬਹੁਤ ਹੀ ਅਮੀਰ ਪਰਿਵਾਰ ਹੈ ਜਿਸਦੇ ਵਪਾਰ ਕਈ ਮੁਲਕਾਂ ਵਿੱਚ ਚਲ ਰਹੇ ਹਨ। ਇਹ ਕਹਾਣੀ ਕਈ ਦਿਨ ਹੀ ਇੱਥੇ ਅਖ਼ਬਾਰਾਂ ਵਿੱਚ ਅਤੇ ਟੈਲੀਵਿਜ਼ਨ ’ਤੇ ਆਉਂਦੀ ਰਹੀ। ਹਰ ਬਾਰ ਇਸ ਕਹਾਣੀ ਨੂੰ ਸੁਣ ਕੇ, ਪੜ੍ਹ ਕੇ, ਅਤੇ ਦੇਖ ਕੇ ਸ਼ਰਮ ਨਾਲ ਸਿਰ ਝੁਕ ਜਾਂਦਾ ਸੀ–ਦੋ ਕਾਰਨਾਂ ਕਰਕੇ। ਪਹਿਲਾ ਇਹ ਕਿ ਅਸੀਂ ਇਕ ਦੂਜੇ ਨਾਲ ਇਨਸਾਨੀਅਤ ਵਾਲਾ ਵਿਓਹਾਰ ਕਿਉਂ ਨਹੀਂ ਕਰਦੇ। ਅਸੀਂ ਹੈਵਾਨ ਕਿਉਂ ਬਣਦੇ ਹਾਂ ? ਇਸ ਇਕੀਵੀਂ ਸਦੀ ਵਿੱਚ ਵੀ ਅਸੀਂ ਦੂਜਿਆਂ ਨੂੰ ਗੁਲਾਮ ਬਣਾ ਕੇ ਕਿਉਂ ਰੱਖਣਾ ਚਾਹੁੰਦੇ ਹਾਂ ? ਦੂਸਰਾ ਕਾਰਨ ਸੀ ਕਿ ਇਸ ਤਰ੍ਹਾਂ ਗੁਲਾਮਾਂ ਵਾਂਗ ਇਨ੍ਹਾਂ ਔਰਤਾਂ ਨੂੰ ਰੱਖਣ ਵਾਲਾ ਇਹ ਪਰਿਵਾਰ ਹਿੰਦੋਸਤਾਨੀ ਮੂਲ ਦਾ ਸੀ। ਪਤਾ ਨਹੀਂ ਕਿਉਂ ਇੰਨਾ ਅਮੀਰ ਹੋ ਕੇ ਇਹ ਪਰਿਵਾਰ ਇਨ੍ਹਾਂ ਔਰਤਾਂ ਨੂੰ ਜਾਇਜ਼ ਮੁਆਵਜ਼ਾ ਦੇ ਕੇ ਘਰ ਵਿੱਚ ਮੁਲਾਜ਼ਮਾਂ ਵਾਂਗ ਰੱਖਣਾ ਮੁਨਾਸਿਬ ਨਹੀਂ ਸੀ ਸਮਝਦਾ। ਇਸ ਕਹਾਣੀ ਬਾਰੇ ਹੋਰ ਵਿਸਥਾਰ ਨਾਲ ਹੇਠਲੀਆਂ ਵੈਬ ਸਾਈਟਸ ’ਤੇ ਕਲਿੱਕ ਕਰਕੇ ਪੜ੍ਹਿਆ ਜਾ ਸਕਦਾ ਹੈ।

http://www.newsday.com/news/local/longisland/ny-



bzslav0516,0,1513272.story?track=rss

http://www.msnbc.msn.com/id/18828642/from/RSS

http://cbs4denver.com/national/topstories_story_136083201.html

ਜੂਨ 2007 ਵਿੱਚ ਇਕ ਖ਼ਬਰ ਚੀਨ ਬਾਰੇ ਅਖ਼ਬਾਰਾਂ ਵਿੱਚ ਛਪੀ ਸੀ ਅਤੇ ਟੈਲੀਵਿਜ਼ਨ ’ਤੇ ਵੀ ਕਈ ਦਿਨ ਆਉਂਦੀ ਰਹੀ। ਉਥੇ ਲੋਕਾਂ ਨੂੰ ਨੌਕਰੀ ਦਾ ਵਾਅਦਾ ਕਰਕੇ ਅਗਵਾ ਕਰ ਲਿਆ ਜਾਂਦਾ ਹੈ। ਫਿਰ ਇਨ੍ਹਾਂ ਲੋਕਾਂ ਤੋਂ ਵਗੈਰ ਮੁਆਵਜ਼ਾ ਦਿੱਤੇ ਕਾਰਖਾਨਿਆਂ ਵਿੱਚ ਗੁਲਾਮਾਂ ਵਾਂਗ ਕੰਮ ਕਰਾਇਆ ਜਾਂਦਾ ਹੈ ਜਿੱਥੇ ਇਨ੍ਹਾਂ ਨੂੰ ਕੋਈ ਅਜ਼ਾਦੀ ਨਹੀਂ ਦਿੱਤੀ ਜਾਂਦੀ ਅਤੇ ਇਨ੍ਹਾਂ ਨੂੰ ਕਿਸੇ ਨਾਲ ਮਿਲਣ ਵੀ ਨਹੀਂ ਦਿੱਤਾ ਜਾਂਦਾ। ਇਕ ਇੱਟਾਂ ਬਣਾਉਣ ਵਾਲੇ ਭੱਠੇ ਦੇ ਮਾਲਕਾਂ ਨੂੰ ਇਹੋ ਜਿਹੇ ਮਾਮਲੇ ਵਿੱਚ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ। ਚੀਨ ਦੀਆਂ ਇਨ੍ਹਾਂ ਖ਼ਬਰਾਂ ਬਾਰੇ ਹੋਰ ਵਿਸਥਾਰ ਨਾਲ ਹੇਠਲੀਆਂ ਵੈਬ ਸਾਈਟਸ ਤੇ ਕਲਿੱਕ ਕਰਕੇ ਪੜ੍ਹਿਆ ਜਾ ਸਕਦਾ ਹੈ।

http://news.bbc.co.uk/2/hi/asia-pacific/6733045.stm

http://www.feed24.com/go/49005617

ਅਮਰੀਕਾ ਵਿੱਚ, ਜਿੱਥੇ ਕਾਲਿਆਂ ਨੂੰ ਗੁਲਾਮ ਰੱਖਿਆ ਜਾਂਦਾ ਸੀ, ਗੁਲਾਮੀ 1 ਜਨਵਰੀ, 1863 ਨੂੰ ਉਦੋਂ ਦੇ ਪ੍ਰਧਾਨ ਇਬਰਾਹਿਮ ਲਿੰਕਨ ਨੇ ਖਤਮ ਕਰ ਦਿੱਤੀ ਸੀ। ਪਰ ਹਿੰਦੋਸਤਾਨ ਅਤੇ ਚੀਨ ਵਰਗੇ ਮੁਲਕਾਂ ਵਿੱਚ ਗੁਲਾਮੀ ਹਾਲੇ ਵੀ ਖਤਮ ਨਹੀਂ ਹੋਈ। ਸਾਡੇ ਮੁਲਕਾਂ ਦੇ ਬਹੁਤ ਸਾਰੇ ਲੋਕ ਅੱਜ ਵੀ ਦੂਜੇ ਇਨਸਾਨਾਂ ਨੂੰ ਗੁਲਾਮਾਂ ਵਾਂਗ ਰੱਖਣ ਵਿੱਚ ਆਪਣੀ ਸ਼ਾਨ ਅਤੇ ਮਾਣ ਸਮਝਦੇ ਹਨ, ਅਤੇ ਕਈ ਇਹੋ ਜਿਹਾ ਵਿਓਹਾਰ ਅਮਰੀਕਾ ਵਰਗੇ ਮੁਲਕਾਂ ਵਿੱਚ ਰਹਿ ਕੇ ਵੀ ਕਰੀ ਜਾਂਦੇ ਹਨ। ਇਹ ਸਭ ਕਿਉਂ ? ਹਿੰਦੋਸਤਾਨ ਵਿੱਚ ਦੇਖੋ ਤਾਂ ਅੱਠਾਂ-ਅੱਠਾਂ, ਦਸਾਂ-ਦਸਾਂ ਸਾਲਾਂ ਦੇ ਬੱਚਿਆਂ ਨੂੰ ਕੰਮਾਂ ਕਾਰਾਂ ’ਤੇ ਗੁਲਾਮਾਂ ਵਾਂਗ ਰੱਖਿਆ ਜਾਂਦਾ ਹੈ। ਬਹੁਤੀ ਵਾਰ ਉਨ੍ਹਾਂ ਨੂੰ ਕੰਮ ਦਾ ਕੋਈ ਮੁਆਵਜ਼ਾ ਵੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਤੋਂ ਰਾਤ ਦਿਨ ਕੰਮ ਕਰਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਗੰਦੇ ਹਾਲਤਾਂ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਕਈ ਹਿੰਦੋਸਤਾਨੀ ਘਰਾਂ ਵਿੱਚ ਆਦਮੀ ਆਪਣੀਆਂ ਜ਼ਨਾਨੀਆਂ ਨੂੰ ਗੁਲਾਮਾਂ ਵਾਂਗ ਰੱਖਦੇ ਹਨ। ਕਈ ਵਾਰ ਸੱਸ-ਸਹੁਰਾ ਵੀ ਆਪਣੀਆਂ ਨੂੰਹਾਂ ਨੂੰ ਗੁਲਾਮਾਂ ਵਾਂਗ ਰੱਖਦੇ ਹਨ। ਇਹੋ ਜਿਹੇ ਘਰਾਂ ਵਿੱਚ ਜ਼ਨਾਨੀਆਂ ਨੂੰ ਕੋਈ ਵੀ ਅਜ਼ਾਦੀ ਨਹੀਂ ਹੁੰਦੀ। ਉਹ ਆਪਣੇ ਆਦਮੀ ਜਾਂ ਸੱਸ-ਸਹੁਰੇ ਨੂੰ ਪੁੱਛੇ ਵਗੈਰ ਇਕ ਕਦਮ ਵੀ ਨਹੀਂ ਪੁੱਟ ਸਕਦੀਆਂ। ਦੂਜੇ ਪਾਸੇ ਕੁਝ ਘਰਾਂ ਵਿੱਚ ਜ਼ਨਾਨੀਆਂ ਆਪਣੇ ਆਦਮੀਆਂ ਨੂੰ ਗੁਲਾਮਾਂ ਵਾਂਗ ਰੱਖਦੀਆਂ ਹਨ। ਇਨ੍ਹਾਂ ਘਰਾਂ ਵਿੱਚ ਆਦਮੀ ਹਰ ਵੇਲੇ ਹੀ ਜ਼ਨਾਨੀ ਦੇ ਦਬਾ ਥੱਲੇ ਰਹਿੰਦਾ ਹੈ। ਕਈ ਵਾਰ ਹਿੰਦੋਸਤਾਨ ਵਿੱਚ ਉੱਚੀਆਂ ਪਦਵੀਆਂ ’ਤੇ ਲੱਗੇ ਲੋਕ ਆਪਣੇ ਤੋਂ ਹੇਠਲੀਆਂ ਪਦਵੀਆਂ ਵਾਲਿਆਂ ਨਾਲ ਗੁਲਾਮਾਂ ਵਾਲਾ ਸਲੂਕ ਕਰਦੇ ਹਨ, ਖਾਸ ਕਰਕੇ ਆਪਣੇ ਸਕੱਤਰਾਂ ਨਾਲ। ਅਸੀਂ ਸਾਰਿਆਂ ਨੇ ਇਹੋ ਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਆਪਣੇ ਆਲੇ ਦੁਆਲੇ ਦੇਖੀਆਂ ਹੋਣਗੀਆਂ। ਅਮਰੀਕਾ ਕਨੇਡਾ ਵਰਗੇ ਮੁਲਕਾਂ ਵਿੱਚ ਬਹੁਤ ਸਾਰੇ ਸਾਡੇ ਲੋਕ, ਜਿਨ੍ਹਾਂ ਦੇ ਆਪਣੇ ਵਪਾਰ ਹਨ, ਬੇਕਨੂੰਨ ਲੋਕਾਂ (ਜੋ ਇਨ੍ਹਾਂ ਮੁਲਕਾਂ ਵਿੱਚ ਪੱਕੇ ਨਹੀਂ ਹਨ) ਨੂੰ ਕੰਮ ਦੇ ਕੇ ਉਨ੍ਹਾਂ ਨਾਲ ਗੁਲਾਮਾਂ ਵਾਲਾ ਵਿਓਹਾਰ ਕਰਦੇ ਹਨ। ਉਨ੍ਹਾਂ ਤੋਂ ਕੰਮ ਕਿਤੇ ਜ਼ਿਆਦਾ ਲੈਂਦੇ ਹਨ ਅਤੇ ਮੁਆਵਜ਼ਾ ਬਹੁਤ ਘੱਟ ਦਿੰਦੇ ਹਨ, ਅਤੇ ਉਨ੍ਹਾਂ ਨਾਲ ਸਲੂਕ ਬਹੁਤ ਭੈੜਾ ਕੀਤਾ ਜਾਂਦਾ ਹੈ।

ਅਸੀਂ ਹਿੰਦੋਸਤਾਨੀ (ਅਤੇ ਕਈ ਹੋਰ ਮੁਲਕਾਂ ਵਿੱਚ ਵੀ) ਘਰਾਂ ਵਿੱਚ ਨੌਕਰ ਰੱਖ ਕੇ ਅਤੇ ਉਨ੍ਹਾਂ ਨੂੰ ਗੁਲਾਮਾਂ ਵਾਂਗ ਵਰਤ ਕੇ ਆਪਣੇ ਆਪ 'ਤੇ ਫ਼ਖਰ ਮਹਿਸੂਸ ਕਰਦੇ ਹਾਂ। ਜਦੋਂ ਜਨਵਰੀ 2007 ਵਿੱਚ ਮੈਂ ਪੰਜਾਬ ਵਿੱਚ ਸੀ ਤਾਂ ਇਕ ਬਹੁਤ ਦੂਰ ਦੀ ਰਿਸ਼ਤੇਦਾਰ ਕਹਿਣ ਲੱਗੀ ਕਿ ਉਸਦੀ ਲੜਕੀ ਮੁੰਬਈ ਵਿੱਚ ਰਹਿੰਦੀ ਹੈ ਜਿੱਥੇ ਉਸਦੀ ਲੜਕੀ ਅਤੇ ਜੁਆਈ ਬਹੁਤ ਹੀ ਉੱਚੀਆਂ ਨੌਕਰੀਆਂ 'ਤੇ ਹਨ। ਉਨ੍ਹਾਂ ਨੇ ਘਰ ਵਿੱਚ ਪੰਜ ਨੌਕਰ ਰੱਖੇ ਹੋਏ ਹਨ। ਫਿਰ ਉਸਨੇ ਕਿਹਾ ਕਿ ਤੁਸੀਂ ਤਾਂ ਅਮਰੀਕਾ ਵਿੱਚ ਇਕ ਨੌਕਰ ਵੀ ਨਹੀਂ ਰੱਖ ਸਕਦੇ। ਇੱਥੇ ਉਸਦਾ ਨੌਕਰਾਂ ਤੋਂ ਭਾਵ ਇੱਕ ਕਿਸਮ ਦੇ ਗੁਲਾਮ ਸੀ। ਮੇਰਾ ਜਵਾਬ ਸੀ ਕਿ ਸਾਨੂੰ ਨੌਕਰ ਰੱਖਣ ਦੀ ਜ਼ਰੂਰਤ ਹੀ ਨਹੀਂ ਕਿਉਂਕਿ ਅਸੀਂ ਆਪਣਾ ਕੰਮ ਆਪ ਕਰਨ ਦੇ ਆਦੀ ਹਾਂ ਅਤੇ ਇਸ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਹਾਂ।

ਅਸੀਂ ਬਹੁਤ ਵਾਰ ਆਪਣੇ ਬੱਚਿਆਂ ਨੂੰ ਵੀ ਗੁਲਾਮ ਹੀ ਸਮਝਦੇ ਹਾਂ। ਸਾਡੇ ਮੁਲਕਾਂ ਦੇ ਬਹੁਤ ਸਾਰੇ ਲੋਕ ਬੱਚਿਆਂ ਨੂੰ ਹਰ ਕੰਮ ਲਈ ਹੁਕਮ ਹੀ ਦਿੰਦੇ ਹਨ। ਉਹ ਚਾਹੁੰਦੇ ਹਨ ਕਿ ਬੱਚੇ ਬਿਲਕੁਲ ਓਹੀ ਕਰਨ ਜੋ ਮਾਂ-ਪਿਉ ਕਹਿੰਦੇ ਹਨ। ਇਸਦਾ ਭਾਵ ਕਿ ਬੱਚਿਆਂ ਨੂੰ ਆਪਣਾ ਦਿਮਾਗ ਅਤੇ ਅਜ਼ਾਦੀ ਕਦੇ ਵੀ ਵਰਤਣ ਦੀ ਆਗਿਆ ਨਹੀਂ ਹੁੰਦੀ। ਇਥੋਂ ਤੱਕ ਕਿ ਬਹੁਤ ਸਾਰੇ ਘਰਾਂ ਵਿੱਚ ਬੱਚਿਆਂ ਨੂੰ ਆਪਣੇ ਜੀਵਨ ਸਾਥੀ ਚੁਣਣ ਵਿੱਚ ਵੀ ਕੋਈ ਸਲਾਹ ਦੇਣ ਦੀ ਆਗਿਆ ਨਹੀਂ ਹੁੰਦੀ। ਬੱਚੇ ਆਪਣਾ ਕਿੱਤਾ ਵੀ ਆਪ ਚੁਣਨ ਦੇ ਅਧਿਕਾਰੀ ਨਹੀਂ ਸਮਝੇ ਜਾਂਦੇ। ਜੇ ਬੱਚਾ ਮਾਂ-ਪਿਉ ਤੋਂ ਬਾਹਰਾ ਹੋ ਕੇ ਕੋਈ ਫੈਸਲਾ ਕਰ ਲਵੇ ਤਾਂ ਅਸੀਂ ਸਮਝ ਲੈਂਦੇ ਹਾਂ ਕਿ ਇਹ ਬੱਚਾ ਸਾਡਾ ਹੀ ਨਹੀਂ ਰਿਹਾ।

ਮੇਰਾ ਇਕ ਵਾਕਿਫ਼ ਪਰਿਵਾਰ ਹੈ ਜਿਨ੍ਹਾਂ ਦੀ ਅਮਰੀਕਾ ਵਿੱਚ ਜੰਮੀ-ਪਲੀ ਲੜਕੀ ਪੰਜਾਬ ਤੋਂ ਇਕ ਲੜਕੇ ਨੂੰ ਵਿਆਹ ਕੇ ਅਮਰੀਕਾ ਲਿਆਈ ਸੀ। ਬਾਅਦ ਵਿੱਚ ਉਸ ਲੜਕੀ ਦੇ ਸੱਸ ਸਹੁਰਾ ਵੀ ਇੱਥੇ ਆ ਗਏ। ਅਮਰੀਕਾ ਵਿੱਚ ਰਹਿ ਕੇ ਵੀ ਉਸ ਲੜਕੀ ਅਤੇ ਲੜਕੇ ਨੂੰ ਲੜਕੇ ਦੇ ਮਾਂ-ਪਿਉ ਦੇ ਪੁੱਛੇ ਵਗੈਰ ਕਿਤੇ ਜਾਣ ਦੀ ਇਜਾਜ਼ਤ ਨਹੀਂ। ਜੇ ਲੜਕੇ ਅਤੇ ਲੜਕੀ ਨੇ ਕਿਸੇ ਦੇ ਘਰ ਜਾਣਾ ਹੋਵੇ ਤਾਂ ਸੱਸ ਸਹੁਰਾ ਵਗੈਰ ਸੱਦੇ ਦੇ ਹੀ ਨਾਲ ਜਾਣ ਲਈ ਤਿਆਰ ਹੁੰਦੇ ਹਨ। ਉਹ ਇਹੋ ਸਮਝਦੇ ਹਨ ਕਿ ਉਨ੍ਹਾਂ ਦੀ ਨੂੰਹ ਉਨ੍ਹਾਂ ਦੇ ਲੜਕੇ ਦੀ ਜੀਵਨ ਸਾਥਣ ਨਹੀਂ ਸਗੋਂ ਉਨ੍ਹਾਂ ਸਾਰਿਆਂ ਦੀ ਗੁਲਾਮ ਹੈ।

ਕਈ ਵਾਰ ਅਸੀਂ ਆਪਣੇ ਦੋਸਤਾਂ ਨੂੰ ਵੀ ਆਪਣੇ ਗੁਲਾਮਾਂ ਦਾ ਹੀ ਦਰਜਾ ਦਿੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਦੋਸਤ ਹਮੇਸ਼ਾ ਸਾਡੀ ਹਾਂ ਵਿੱਚ ਹਾਂ ਮਿਲਾਉਣ ਅਤੇ ਕਦੇ ਵੀ ਸਾਡਾ ਵਿਰੋਧ ਨਾ ਕਰਨ। ਜੇ ਕੋਈ ਦੋਸਤ ਸਾਡੀ ਆਲੋਚਨਾ ਕਰ ਦੇਵੇ ਜਾਂ ਸਾਡਾ ਕਿਤੇ ਵਿਰੋਧ ਕਰ ਦੇਵੇ ਤਾਂ ਅਸੀਂ ਸੋਚਦੇ ਹਾਂ ਕਿ ਇਹ ਸਾਡਾ ਦੋਸਤ ਹੀ ਨਹੀਂ ਰਿਹਾ। ਅਸੀਂ ਹਮੇਸ਼ਾ ਇਹੋ ਹੀ ਚਾਹੁੰਦੇ ਹਾਂ ਕਿ ਸਾਡੇ ਦੋਸਤ ਸਿਰਫ਼ ਸਾਡੀ ਤਾਰੀਫ਼ ਹੀ ਕਰਨ। ਸਾਡੀਆਂ ਗਲਤੀਆਂ ਕੱਢਣ ਵਾਲਿਆਂ ਨੂੰ ਅਸੀਂ ਦੋਸਤ ਦੀ ਥਾਂ ਦੁਸ਼ਮਣ ਸਮਝਣ ਲੱਗ ਪੈਂਦੇ ਹਾਂ। ਪਰ ਕਿਉਂ ?

ਇਨਸਾਨਾਂ ਤੋਂ ਬਿਨਾਂ ਅਸੀਂ ਪਸ਼ੂਆਂ ਨੂੰ ਵੀ ਗੁਲਾਮ ਰੱਖਣ ਦੇ ਆਦੀ ਹਾਂ। ਸਰਕਸਾਂ ਵਿੱਚ ਤਮਾਸ਼ੇ ਕਰਾਉਣ ਲਈ ਅਸੀਂ ਜਾਨਵਰਾਂ ਨੂੰ ਤਸੀਹੇ ਦੇ ਕੇ ਸਿੱਖਿਆ ਦਿੰਦੇ ਹਾਂ। ਜਾਨਵਰਾਂ ਤੋਂ ਕੰਮ ਲੈਣ ਲਈ ਅਸੀਂ ਉਨ੍ਹਾਂ ਨੂੰ ਕੁੱਟਦੇ ਮਾਰਦੇ ਹਾਂ ਅਤੇ ਫਿਰ ਵੀ ਪੂਰਾ ਖਾਣ ਨੂੰ ਨਹੀਂ ਦਿੰਦੇ। ਆਖਿਰ ਅਸੀਂ ਇਨਸਾਨ ਇਹੋ ਜਿਹੇ ਵਤੀਰੇ ਕਿਉਂ ਕਰਦੇ ਹਾਂ ?



ਆਖਿਰ ਅਸੀਂ ਗੁਲਾਮ ਰੱਖਣ ਦੇ ਆਦੀ ਕਿਉਂ ਹਾਂ ? ਮੇਰੀ ਵਾਕਿਫ ਇਕ ਬਹੁਤ ਸੁਲਝੀ ਔਰਤ ਆਮ ਕਹਿੰਦੀ ਹੈ, "ਆਪਣੀ ਹਉਮੈਂ ਨੂੰ ਪੱਠੇ ਵੀ ਤਾਂ ਪਾਉਣੇ ਪੈਂਦੇ ਹਨ।" ਹੋ ਸਕਦਾ ਵੱਡਾ ਕਾਰਨ ਇਹ ਹਉਮੈਂ ਹੀ ਹੋਵੇ। ਹੋਰ ਕਾਰਨ ਕੀ ਹੋ ਸਕਦੇ ਹਨ ? ਆਪਣੇ ਆਪ ਨੂੰ ਉੱਚਾ ਦਿਖਾਉਣ ਦੀ ਖਾਹਿਸ਼ ? ਆਪਣੀਆਂ ਖ਼ਾਮੀਆਂ ਅਤੇ ਤਰੁਟੀਆਂ ਨੂੰ ਲੁਕਾਉਣ ਦੀ ਕੋਸ਼ਿਸ਼ ? ਆਪਣੀ ਤਾਕਤ ਅਤੇ ਰੋਅਬ ਦਰਸਾਉਣ ਦੀ ਇੱਛਾ ? ਫ਼ੋਕੀ ਆਨ ਅਤੇ ਸ਼ਾਨ ਦੀ ਚਾਹਤ ? ਜਾਂ ਫਿਰ ਸਿਰਫ਼ ਆਪਣੀ ਅਗਿਆਨਤਾ, ਮੂਰਖਤਾ ਅਤੇ ਖੋਖਲਾਪਨ ਦਰਸਾਉਣ ਦੀ ਭੁੱਲ ਅਤੇ ਨੁਮਾਇਸ਼ ?

(ਜੁਲਾਈ 1, 2007)

## ਹਰ ਇਕ ਦਾ ਪਿਓ ਹੁੰਦੈ।

ਬਹੁਤ ਸਾਲ ਪਹਿਲਾਂ ਕਿਤੇ ਪੜ੍ਹਿਆ ਸੀ : Everyone has a father. ਪਹਿਲਾਂ ਤਾਂ ਇੰਜ ਲੱਗਾ ਕਿ ਇਹ ਕਿਹੜੀ ਨਵੀਂ ਗੱਲ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਹਰ ਇਨਸਾਨ ਦਾ ਹੀ ਨਹੀਂ ਸਗੋਂ ਹਰ ਜੀਅ ਜੰਤ ਅਤੇ ਜਾਨਵਰ ਦਾ ਵੀ ਪਿਓ ਹੁੰਦੈ। ਕੋਈ ਵੀ ਜਾਨਦਾਰ ਚੀਜ਼ ਮਾਂ ਅਤੇ ਪਿਉ ਤੋਂ ਬਗੈਰ ਜਨਮ ਨਹੀਂ ਲੈ ਸਕਦੀ। ਪਰ ਛੇਤੀਂ ਹੀ ਮੈਂ ਜਦੋਂ ਇਸ ਫਿਕਰੇ ਨੂੰ ਡੂੰਘਾਈ ਨਾਲ ਸੋਚਿਆ ਤਾਂ ਲੱਗਾ ਕਿ ਇਸ ਫਿਕਰੇ ਦੇ ਅਰਥ ਤਾਂ ਬਹੁਤ ਡੂੰਘੇ ਹਨ। ਜੇ ਅਸੀਂ ਇਸ ਫਿਕਰੇ ਨੂੰ ਸਰਸਰੀ ਹੀ ਪੜ੍ਹੀਏ ਤਾਂ ਇਸ ਵਿੱਚ ਕੁਝ ਵੀ ਨਹੀਂ ਪਿਆ ਲੱਗਦਾ। ਪਰ ਜੇ ਇਸਦਾ ਡੂੰਘਾਈ ਵਿੱਚ ਵਿਸ਼ਲੇਸ਼ਣ ਕਰੀਏ ਤਾਂ ਇਸ ਵਿੱਚ ਬਹੁਤ ਕੁਝ ਭਰਿਆ ਪਿਆ ਹੈ। ਕਈ ਵਾਰੀ ਅਸੀਂ ਪੰਜਾਬ ਦੇ ਪਿੰਡਾਂ ਵਿੱਚ ਕਹੀ ਸੁਣੀਦਾ, "ਐਹ ਹਰਨਾਮਾ ਤਾਂ ਬਹੁਤ ਅੱਖੜ ਹੈ।" ਅੱਗਿਉਂ ਦੂਜਾ ਕਹੇਗਾ, "ਪਰ ਤੈਨੂੰ ਨੀ ਪਤਾ। ਮੋਰਿਓਂ ਕਿਸ਼ਨਾ ਤਾਂ ਉਹਦਾ ਵੀ ਪਿਓ ਐ।" ਜਾਂ ਫਿਰ ਇਕ ਕਹੇਗਾ, "ਐਹ ਬੁਝਾ ਸਿੰਘ ਤਾਂ ਬਹੁਤ ਕੰਜੂਸ ਐ।" ਅਗਿਉਂ ਦੂਜਾ ਆਖੇਗਾ, "ਤੈਂ ਉਹਦਾ ਮੁੰਡਾ ਨੀ ਦੇਖਿਆ। ਉਹ ਤਾਂ ਉਹਦਾ ਵੀ ਪਿਓ ਐ।"

ਸੋ ਕੀ ਹਨ ਅਰਥ ਇਸ ਫਿਕਰੇ ਦੇ ? ਬਹੁਤ ਵਾਰ ਅਸੀਂ ਇਸ ਗਲਤ ਫਹਿਮੀ ਦੇ ਸ਼ਿਕਾਰ ਹੋ ਜਾਂਦੇ ਹਾਂ ਕਿ ਸਾਡੇ ਨਾਲੋਂ ਵਧੀਆ ਜਾਂ ਸਿਆਣਾ ਕੋਈ ਵੀ ਨਹੀਂ। ਕਈ ਵਾਰ ਇਨਸਾਨ ਨੂੰ ਇਹ ਭੁਲੇਖਾ ਹੋ ਜਾਂਦਾ ਹੈ ਕਿ ਮੈਂ ਸਭ ਤੋਂ ਵਧੀਆ ਡਾਕਟਰ ਹਾਂ, ਮੈਂ ਸਭ ਤੋਂ ਵਧੀਆ ਇੰਜਨੀਅਰ ਹਾਂ, ਮੈਂ ਸਭ ਤੋਂ ਵਧੀਆ ਪ੍ਰੋਫੈਸਰ ਹਾਂ, ਮੈਂ ਸਭ ਤੋਂ ਵਧੀਆ ਗਿਆਨੀ ਜਾਂ ਵਿਗਿਆਨੀ ਹਾਂ, ਮੈਂ ਸਭ ਤੋਂ ਵਧੀਆ ਸੰਪਾਦਕ ਹਾਂ, ਮੈਂ ਸਭ ਤੋਂ ਵਧੀਆ ਚਿਤਰਕਾਰ ਹਾਂ, ਮੈਂ ਸਭ ਤੋਂ ਵਧੀਆ ਲੇਖਕ ਹਾਂ, ਮੈਂ ਸਭ ਤੋਂ ਵਧੀਆ ਗੀਤਕਾਰ ਹਾਂ, ਮੈਂ ਸਭ ਤੋਂ ਵਧੀਆ ਗਾਇਕ ਹਾਂ, ਆਦਿ ਆਦਿ। ਕਵਿਤਾਵਾਂ, ਕਹਾਣੀਆਂ ਆਦਿ ਦੀ ਇਕ ਕਿਤਾਬ ਲਿਖ ਕੇ ਅਤੇ ਛਾਪ ਕੇ ਕਈਆਂ ਨੂੰ ਭੁਲੇਖਾ ਹੋ ਜਾਂਦਾ ਹੈ ਕਿ ਉਹ ਬਹੁਤ ਵੱਡੇ ਲੇਖਕ ਬਣ ਗਏ ਹਨ। ਇਕ ਦੋ, ਤੇ ਉਹ ਵੀ ਆਮ ਜਿਹੇ, ਨਾਵਲ ਲਿਖ ਕੇ ਅਸੀਂ ਆਪ ਨੂੰ ਉੱਘਾ ਲੇਖਕ ਸਮਝਣ ਲੱਗ ਪੈਂਦੇ ਹਾਂ। ਥੋੜ੍ਹੇ ਜਿਹੇ ਗੀਤ ਲਿਖ ਕੇ ਅਸੀਂ ਆਪਣੀ ਗਿਣਤੀ ਉੱਘੇ ਗੀਤਕਾਰਾਂ ਵਿੱਚ ਕਰਨ ਲੱਗ ਪੈਂਦੇ ਹਾਂ। ਇਕ ਦੋ ਘਟੀਆ ਜਿਹੀਆਂ ਟੇਪਾਂ ਕੱਢ ਕੇ (ਉਹ ਵੀ ਆਪਣੇ ਕੋਲੋਂ ਪੈਸੇ ਖਰਚ ਕੇ) ਸਾਨੂੰ ਆਪਣੇ ਆਪ 'ਤੇ ਬਹੁਤ ਵੱਡਾ ਗਾਇਕ ਹੋਣ ਦਾ ਵਹਿਮ ਹੋ ਜਾਂਦਾ ਹੈ। ਪਿਓ ਜੇ ਪਟਵਾਰੀ ਵੀ ਹੋਵੇ ਤਾਂ ਉਸਦੇ ਸਿਰ ਉੱਤੇ ਅਸੀਂ ਆਪਣੇ ਆਪ ਨੂੰ ਮੁੱਖ ਮੰਤਰੀ

ਸਮਝਣ ਲੱਗ ਪੈਂਦੇ ਹਾਂ। ਪਿਓ ਦੇ ਹੱਥ ਥੋੜ੍ਹੀ ਜਿਹੀ ਤਾਕਤ ਆ ਜਾਵੇ ਤਾਂ ਪੁੱਤਰ ਦੇ ਪੈਰ ਧਰਤੀ ’ਤੇ ਨਹੀਂ ਲਗਦੇ। ਕੁਝ ਦਿਨ ਹੋਏ ਅਲਫਾ ਪੰਜਾਬੀ ਟੀ. ਵੀ. ਉੱਤੇ ਇਕ ਪੰਜਾਬ ਵਿੱਚ ਰਹਿੰਦੇ ਲੇਖਕ ਦੇ ਨਾਲ ਮੁਲਾਕਾਤ ਆ ਰਹੀ ਸੀ। ਮੈਂ ਐਵੇਂ ਸੁਨਣ ਲੱਗ ਪਿਆ। ਇਹ ਲੇਖਕ ਉਰਦੂ ਵਿੱਚ ਜ਼ਿਆਦਾ ਅਤੇ ਕੁਝ ਪੰਜਾਬੀ ਵਿੱਚ ਵੀ ਗ਼ਜ਼ਲਾਂ ਲਿਖਦਾ ਹੈ। ਮੈਂ ਉਸਦਾ ਨਾਂ ਪਹਿਲਾਂ ਕਦੇ ਵੀ ਨਹੀਂ ਸੀ ਸੁਣਿਆ। ਉਹ ਪੰਜਾਬੀ ਵਿੱਚ ਕੁਝ ਗੀਤ ਲਿਖਣ ਦਾ ਦਾਅਵਾ ਵੀ ਕਰ ਰਿਹਾ ਸੀ। ਹਉਮੈਂ ਉਸ ਲੇਖਕ ਦੇ ਸਿਰਫ਼ ਮੂੰਹ ਵਿੱਚੋਂ ਹੀ ਨਹੀਂ ਸੀ ਨਿਕਲ ਰਹੀ ਸਗੋਂ ਉਸਦੇ ਨੱਕ, ਕੰਨਾਂ, ਹੱਥਾਂ ਆਦਿ ਵਿਚੋਂ ਵੀ ਨਿਕਲਦੀ ਦਿੱਸਦੀ ਸੀ। ਉਹ ਆਪਣੇ ਆਪ ਨੂੰ ਬਹੁਤ ਮਹਾਨ ਲੇਖਕ ਕਹਿ ਰਿਹਾ ਸੀ ਅਤੇ ਬੜੀਆਂ ਬੜੀਆਂ ਡੀਂਘਾਂ ਮਾਰ ਰਿਹਾ ਸੀ। ਉਹ ਨਵੀਂ ਕਿਸਮ ਦੇ ਪੌਪ ਗਾਣੇ ਲਿਖਣ ਦਾ ਦਾਅਵਾ ਵੀ ਕਰ ਰਿਹਾ ਸੀ। ਉਸਦੇ ਨਾਲ ਮੁਲਾਕਾਤ ਕਰਨ ਵਾਲੀ ਸਤਿੰਦਰ ਸੱਤੀ ਹੈਰਾਨ ਹੋਈ ਸਿਰਫ਼ ਉਸ ਵੱਲ ਤੱਕ ਰਹੀ ਸੀ ਕਿ ਇਹ ਕੀ ਹੋ ਰਿਹਾ। ਉਹ ਜ਼ਰੂਰ ਸੋਚਦੀ ਹੋਵੇਗੀ ਉਸ ਕਿੱਥੋਂ ਇਸ ਬਲਾ ਨੂੰ ਇੱਥੇ ਬੁਲਾ ਲਿਆ। ਉਸ ਵੱਲੋਂ ਕੀਤੀਆਂ ਆਪਣੀਆਂ ਤਾਰੀਫ਼ਾਂ ਨੂੰ ਸੁਣ ਕੇ ਮੈਂ ਆਪਣੇ ਮੱਥੇ ’ਤੇ ਹੱਥ ਮਾਰਨ ਤੋਂ ਨਾ ਰਹਿ ਸਕਿਆ। ਜੋ ਤਿੰਨ-ਚਾਰ ਸ਼ੇਅਰ ਉਸਨੇ ਆਪਣੀਆਂ ਗ਼ਜ਼ਲਾਂ ਦੇ ਸੁਣਾਏ ਅਤੇ ਕੁਝ ਮਿਸਰੇ ਆਪਣੇ ਗੀਤਾਂ ਦੇ ਸੁਣਾਏ, ਉਹ ਸੁਣ ਕੇ ਉਸਦਾ ਖੋਖਲਾਪਨ ਸਾਹਮਣੇ ਸਾਫ਼ ਨਜ਼ਰ ਆ ਰਿਹਾ ਸੀ।

ਪੰਜਾਬੀ ਦੇ ਮੈਗਜ਼ੀਨ ‘ਹੁਣ’ ਦੇ ਜਨਵਰੀ-ਅਪ੍ਰੈਲ 2006 ਦੇ ਅੰਕ ਵਿੱਚ ਇਕ ਟੋਟਕਾ ਛਪਿਆ ਸੀ ਜੋ ਮੈਂ ਹੂ-ਬ-ਹੂ ਹੇਠਾਂ ਦੇ ਰਿਹਾਂ :

ਇਕ ਪਿੰਡ ਵਿੱਚ ਵਸਦੀ ਬੁੱਢੀ ਕੋਲ ਅਜਿਹਾ ਕੁੱਕੜ ਸੀ ਜੋ ਪਹੁ-ਫ਼ੁਟਾਲੇ ਬਾਂਗ ਦਿੰਦਾ ਸੀ। ਬੁੱਢੀ ਸਦਾ ਪ੍ਰਚਾਰ ਕਰਦੀ ਕਿ ਮੇਰਾ ਕੁੱਕੜ ਬੋਲਦਾ ਹੈ ਤਾਂ ਸੂਰਜ ਚੜ੍ਹਦਾ ਹੈ। ਪਿੰਡ ਵਾਸੀਆਂ ਨੇ ਇਹ ਕਹਾਣੀ ਸੁਣੀ ਤਾਂ ਕਹਿਣ ਲੱਗੇ, ‘ਜਾਹ ! ਅਸੀਂ ਆਪ ਦਿਨ ਚੜ੍ਹਾ ਲਵਾਂਗੇ।’ ਬੁੱਢੀ ਕੁੱਕੜ ਲੈ ਕੇ ਦੂਜੇ ਪਿੰਡ ਚਲੀ ਗਈ। ਅਗਲੇ ਦਿਨ ਪਹੁ-ਫ਼ੁਟਾਲੇ ਕੁੱਕੜ ਬੋਲਿਆ ਤਾਂ ਕਹਿਣ ਲੱਗੀ, ‘ਦੇਖਿਆ ਮੇਰਾ ਕੁੱਕੜ ! ਐਸ ਪਿੰਡ ਬੋਲਿਆ ਤਾਂ ਦਿਨ ਚੜ੍ਹਿਆ, ਹੁਣ ਉਹ ਪਿਛਲੇ ਪਿੰਡ ਵਾਲੇ ਖਸਮਾਂ ਨੂੰ ਖਾਣ, ਨ੍ਹੇਰੇ ’ਚ ਬੈਠੇ ਰਹਿਣ।’

ਕਈ ਵਾਰ ਇਸ ਬਜ਼ੁਰਗ ਔਰਤ ਵਾਂਗ ਇਹੋ ਜਿਹਾ ਵਹਿਮ ਬਹੁਤ ਸਾਰੇ ਲੋਕਾਂ ਨੂੰ ਹੋ ਜਾਂਦਾ ਹੈ ਕਿ ਉਨ੍ਹਾਂ ਤੋਂ ਬਗੈਰ ਦਿਨ ਹੀ ਨਹੀਂ ਚੜ੍ਹ ਸਕਦਾ। ਮੈਂ ਕਈ ਪੰਜਾਬੀ ਲੇਖਕ ਇਹ ਕਹਿੰਦੇ ਸੁਣੇ ਹਨ ਕਿ ਉਨ੍ਹਾਂ ਨੇ ਵੀਹ, ਤੀਹ ਜਾਂ ਚਾਲੀ ਕਿਤਾਬਾਂ ਲਿਖੀਆਂ ਹਨ ਅਤੇ ਉਹ ਬਹੁਤ ਪ੍ਰਸਿੱਧ ਲਿਖਾਰੀ ਹਨ ਜਦੋਂ ਕਿ ਉਨ੍ਹਾਂ ਦਾ ਨਾਂ ਕਦੇ ਵੀ ਕਿਧਰੇ ਨਹੀਂ ਪੜ੍ਹਿਆ ਸੁਣਿਆ ਜਾਂਦਾ। ਜਿਵੇਂ ਅਮਰੀਕਾ ਵਿੱਚ ਕਿਹਾ ਜਾਂਦਾ ਹੈ, it is not the quantity that matters, it is the quality. ਜੇ ਪੰਜਾਬੀ ਸਾਹਿਤ ’ਤੇ ਝਾਤ ਮਾਰ ਕੇ ਦੇਖੀਏ ਤਾਂ ਵਾਰਿਸ ਸ਼ਾਹ, ਬੁੱਲੇ ਸ਼ਾਹ, ਸ਼ਾਹ ਹੁਸੈਨ, ਬਾਹੂ, ਸ਼ਿਵ ਕੁਮਾਰ ਅਤੇ ਕੁਝ ਹੋਰ ਅਜਿਹੇ ਲੇਖਕਾਂ ਨੇ ਕਿੰਨਾ ਕੁ ਲਿਖਿਆ ਹੈ ? ਪਰ ਇਨ੍ਹਾਂ ਦਾ ਨਾਂ ਪੰਜਾਬੀ ਦੇ ਸਰਮੁੱਖ ਲੇਖਕਾਂ ਵਿੱਚ ਹਮੇਸ਼ਾ ਲਈ ਹੀ ਆਵੇਗਾ। ਦੂਜੇ ਪਾਸੇ ਕਈ ਲੇਖਕ ਹਨ ਜਿਹੜੇ ਢੇਰ ਸਾਰੀਆਂ ਕਿਤਾਬਾਂ ਲਿਖ ਕੇ ਵੀ ਆਪਣੀ ਜਗ੍ਹਾ ਪੰਜਾਬੀ ਸਾਹਿਤ ਵਿੱਚ ਨਹੀਂ ਬਣਾ ਸਕੇ ਪਰ ਉਹ ਹਮੇਸ਼ਾ ਆਪਣੇ ਆਪ ਨੂੰ ਮਹਾਨ ਲੇਖਕ ਸਮਝਦੇ ਹਨ। ਹਉਮੈਂ ਉਨ੍ਹਾਂ ਦੇ ਨੱਕ ਰਾਹੀਂ ਵੀ ਚੋਂਦੀ ਦਿੱਸਦੀ ਹੈ। ਉਹ ਇਸ ਬਜ਼ੁਰਗ ਔਰਤ ਵਾਂਗ ਇਕ ਤਰ੍ਹਾਂ ਨਾਲ ਵਹਿਮ ਦੇ ਸ਼ਿਕਾਰ ਹਨ।



ਕਈ ਵਾਰ ਇਸ ਹਉਮੈਂ ਵਿੱਚ ਹੀ ਅਸੀਂ ਵੱਡੀਆਂ ਵੱਡੀਆਂ ਡੀਂਗਾਂ ਵੀ ਮਾਰਨ ਲੱਗ ਪੈਂਦੇ ਹਾਂ। ਕੁਝ ਸਾਲ ਪਹਿਲਾਂ ਪੰਜਾਬ ਤੋਂ ਆ ਕੇ ਇਕ ਪੰਜਾਬੀ ਲੇਖਕ ਅਮਰੀਕਾ ਆ ਵਸਿਆ। ਇਕ ਦਿਨ ਗੱਲਾਂ ਗੱਲਾਂ ਵਿੱਚ ਮੈਨੂੰ ਕਹਿਣ ਲੱਗਾ, “ਯਾਰ ਪੰਜਾਬ ਵਿੱਚ ਤਾਂ ਮੈਨੂੰ ਡੀ. ਸੀ. ਵੀ. ਸਲੂਟ ਮਾਰਦੇ ਸਨ ਪਰ ਅਮਰੀਕਾ ਵਿੱਚ ਕੋਈ ਪੁੱਛਦਾ ਹੀ ਨਹੀਂ।” ਮੈਂ ਸਿਰਫ਼ ਹੱਸਣ ਤੋਂ ਸਿਵਾਏ ਇਸਦਾ ਜਵਾਬ ਦੇਣਾ ਠੀਕ ਨਾ ਸਮਝਿਆ ਅਤੇ ਨਾ ਹੀ ਇਹ ਪੁੱਛਣਾ ਮੁਨਾਸਬ ਸਮਝਿਆ ਕਿ ਕਿਹੋ ਜਿਹੇ ਡੀ. ਸੀ. ਉਸਨੂੰ ਸਲੂਟਾਂ ਮਾਰਦੇ ਸਨ। ਇਹੋ ਜਿਹੀਆਂ ਗੱਲਾਂ ਸਿਰਫ਼ ਇਹੋ ਜਿਹੇ ਲੋਕਾਂ ਦੀ ਝੂਠੀ ਹਉਮੈਂ ਨੂੰ ਦਰਸਾਉਂਦੀਆਂ ਹਨ।

ਪਿੱਛੇ ਜਿਹੇ ਪੰਜਾਬੀ ਦੇ ਲੇਖਕ ਸੁਰਿੰਦਰ ਸਿੰਘ ਨਰੂਲਾ ਸਵਰਗ ਸਿਧਾਰ ਗਏ। ਇਕ ਪੰਜਾਬੀ ਲੇਖਕ ਨੇ ਨਰੂਲਾ ਜੀ ’ਤੇ ਇਕ ਲੇਖ ਲਿਖ ਕੇ ਇਕ ਪਰਚੇ ਵਿੱਚ ਛਪਵਾਇਆ। ਇਸ ਲੇਖ ਵਿੱਚ ਇਸ ਲੇਖਕ ਨੇ ਨਰੂਲਾ ਜੀ ਬਾਰੇ ਘੱਟ ਜਾਣਕਾਰੀ ਦਿੱਤੀ ਸੀ ਅਤੇ ਆਪਣੇ ਬਾਰੇ ਜ਼ਿਆਦਾ। ਇਹ ਲੇਖ ਨਰੂਲਾ ਜੀ ਦੀ ਥਾਂ ਇਸ ਲੇਖਕ ਬਾਰੇ ਹੋ ਨਿਬੜਿਆ। ਇਹ ਹੈ ਹਉਮੈਂ ਦੀ ਨਿਸ਼ਾਨੀ।

ਜੇ ਅਸੀਂ ‘ਹਰ ਇਕ ਦਾ ਪਿਓ ਹੁੰਦੈ’ (Everyone has a father) ਦੇ ਅਰਥਾਂ ਨੂੰ ਸਮਝ ਲਈਏ ਤਾਂ ਇਹ ਹਉਮੈਂ ਸ਼ਾਇਦ ਕੁਝ ਦੂਰ ਹੋ ਜਾਵੇ। ਸੋ, ‘ਹਰ ਇਕ ਦਾ ਪਿਓ ਹੁੰਦੈ’ ਦਾ ਅਰਥ ਇਹੋ ਹੈ ਕਿ ਅਸੀਂ ਭਾਵੇਂ ਜਿੰਨੇ ਵਧੀਆ ਅਤੇ ਸਿਆਣੇ ਮਰਜ਼ੀ ਹੋਈਏ, ਇਸ ਦੁਨੀਆਂ ਵਿੱਚ ਕਿਧਰੇ ਕੋਈ ਨਾ ਕੋਈ ਸਾਥੋਂ ਵਧੀਆ ਅਤੇ ਸਿਆਣਾ ਜ਼ਰੂਰ ਹੈ, ਜਾਂ ਸੀ, ਅਤੇ ਜਾਂ ਇਕ ਦਿਨ ਹੋ ਜਾਵੇਗਾ। ਮੈਂ ਜਿੰਨਾ ਵੀ ਮਰਜ਼ੀ ਵਧੀਆ ਡਾਕਟਰ, ਇੰਜੀਨੀਅਰ, ਲੇਖਕ, ਖੋਜੀ, ਵਿਗਿਆਨੀ, ਸੰਪਾਦਕ, ਚਿਤਰਕਾਰ, ਗਾਇਕ ਆਦਿ ਹੋਵਾਂ, ਮੇਰੇ ਨਾਲੋਂ ਵਧੀਆ ਕੋਈ ਨਾ ਕੋਈ ਮੇਰੇ ਖੇਤਰ ਵਿੱਚ ਕਿਤੇ ਨਾ ਕਿਤੇ ਹੈ, ਜਾਂ ਸੀ, ਅਤੇ ਜਾਂ ਹੋ ਜਾਵੇਗਾ। ਅਸਲ ਵਿੱਚ ਸਾਥੋਂ ਵਧੀਆ ਅਤੇ ਸਿਆਣੇ ਲੱਖਾਂ-ਕਰੋੜਾਂ ਇਨਸਾਨ ਹਨ, ਜਾਂ ਹੋਏ ਹਨ, ਜਾਂ ਹੋਣਗੇ।

ਮਾਣ (pride) ਅਤੇ ਹੰਕਾਰ (Ego) ਦੋ ਵੱਖਰੇ ਸ਼ਬਦ ਹਨ। ਸਾਨੂੰ ਆਪਣੇ ਆਪ ਉੱਤੇ ਅਤੇ ਆਪਣੀਆਂ ਪ੍ਰਾਪਤੀਆਂ ਉੱਤੇ ਮਾਣ ਜ਼ਰੂਰ ਹੋਣਾ ਚਾਹੀਦਾ ਹੈ, ਪਰ ਹੰਕਾਰ ਨਹੀਂ। ਆਪਣੇ ਕੀਤੇ ਕੰਮਾਂ ਉੱਤੇ ਮਾਣ ਕਰਨਾ ਚੰਗੀ ਚੀਜ਼ ਹੈ ਪਰ ਹੰਕਾਰ ਕਰਨਾ ਇਕ ਬਿਮਾਰੀ ਹੈ, ਇਕ ਰੋਗ ਹੈ। ਜਿਵੇਂ ਕਹਿੰਦੇ ਹਨ, ਹੰਕਾਰਿਆ ਸੋ ਮਾਰਿਆ। ਹੰਕਾਰ ਹਮੇਸ਼ਾ ਇਨਸਾਨ ਨੂੰ ਗਿਰਾਵਟ ਵੱਲ ਹੀ ਲਿਜਾਂਦਾ ਹੈ। ਜਿਵੇਂ ਕਿਸੇ ਛੱਪੜ ਵਿੱਚ ਖੜਾ ਪਾਣੀ ਮੁਸ਼ਕ ਮਾਰਨ ਲੱਗ ਪੈਂਦਾ ਹੈ, ਇਸੇ ਤਰ੍ਹਾਂ ਹਉਮੈਂ ਅਤੇ ਹੰਕਾਰ ਨਾਲ ਭਰਿਆ ਇਨਸਾਨ ਵੀ ਖੜੋਤ ਵਿੱਚ ਆ ਕੇ ਦੂਰੋਂ ਹੀ ਬੁਦਵੋ ਮਾਰਨ ਲੱਗ ਪੈਂਦਾ ਹੈ।

ਜਦੋਂ ਸਾਡੇ ਵਿੱਚ ਹੰਕਾਰ ਆ ਜਾਵੇ ਤਾਂ ਅਸੀਂ ਸਮਝਣ ਲੱਗ ਪੈਂਦੇ ਹਾਂ ਕਿ ਅਸੀਂ ਸਦਾ ਹੀ ਠੀਕ ਹਾਂ ਅਤੇ ਕਦੇ ਵੀ ਗਲਤੀ ਨਹੀਂ ਕਰਦੇ। ਜਿਵੇਂ ਕਿ ਅਮਰੀਕਾ ਵਿੱਚ ਇਕ ਚੁਟਕਲਾ ਹੈ :

Rule 1 : Boss is always right.

Rule 2 : If you think Boss is wrong, see Rule number-1.

ਇਸ ਚੁਟਕਲੇ ਵਿੱਚ ਬੌਸ ਦੀ ਥਾਂ ਕਿਸੇ ਵੀ ਹਉਮੈਂ ਦੇ ਰੋਗੀ ਇਨਸਾਨ ਦਾ ਨਾਂ ਲਿਖ ਸਕਦੇ ਹੋ। ਜੋ ਵੀ ਇਨਸਾਨ ਇਹ ਸਮਝਦਾ ਹੈ ਕਿ ਉਹ ਕਦੇ ਵੀ ਗਲਤੀ ਨਹੀਂ ਕਰਦਾ, ਉਸਦਾ ਨਾਂ ਭਰ ਦੇਵੋ ਭਾਵੇਂ ਉਹ ਪਤੀ ਹੋਵੇ, ਪਤਨੀ ਹੋਵੇ, ਪਿਓ ਹੋਵੇ, ਮਾਂ ਹੋਵੇ, ਪੁੱਤਰ ਹੋਵੇ, ਧੀ ਹੋਵੇ, ਲੇਖਕ

ਹੋਵੇ, ਡਾਕਟਰ ਹੋਵੇ, ਰਾਜਨੀਤਕ ਆਗੂ ਹੋਵੇ, ਜਾਂ ਕੋਈ ਹੋਰ।

ਝੂਠੀ ਸ਼ੁਹਰਤ ਅਤੇ ਦਿਖਾਵੇ ਦੀ ਭੁੱਖ ਵੀ ਕਈ ਬਾਰ ਸਿਰਫ ਆਪਣੀ ਹਉਮੈਂ ਨੂੰ ਪੱਠੇ ਪਾਉਣ ਲਈ ਹੀ ਹੁੰਦੀ ਹੈ। ਮੈਂ ਕਈ ਇਨਸਾਨ ਦੇਖੇ ਹਨ ਜੋ ਪੀ. ਐਚ. ਡੀ. ਕਰਕੇ ਪ੍ਰੋਫੈਸਰ ਲੱਗੇ ਹੁੰਦੇ ਹਨ। ਉਹ ਹਮੇਸ਼ਾ ਹੀ ਆਪਣੇ ਨਾਂ ਨਾਲ ਡਾਕਟਰ ਅਤੇ ਪ੍ਰੋਫੈਸਰ ਦੋਵੇਂ ਹੀ ਲਿਖਣਗੇ। ਅਖੇ ਹੋਛੇ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫ਼ਰਿਆ।

ਅਸੀਂ ਰੋਜ਼ ਹੀ "ਹਉਮੈਂ ਦੀਰਘ ਰੋਗ ਹੈ...॥" ਪੜ੍ਹ ਸੁਣ ਕੇ ਵੀ ਹਉਮੈਂ ਦੇ ਭਾਰੇ ਅਤੇ ਨਿਗਰ ਬਸਤਰ ਪਹਿਨ ਕੇ ਘੁੰਮਦੇ ਫਿਰਦੇ ਰਹਿੰਦੇ ਹਾਂ। ਅਸੀਂ 'ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥' ਪੜ੍ਹ ਸੁਣ ਕੇ ਵੀ ਆਪਣੇ ਆਪ ਨੂੰ ਉੱਚਾ ਦਿਖਾਉਣ ਦੇ ਆਹਰ ਵਿੱਚ ਜੁੱਟੇ ਰਹਿੰਦੇ ਹਾਂ। ਕੋਈ ਵੀ ਲਾਇਕ ਅਤੇ ਨਿਰਪੱਖ ਸੋਚਣੀ ਵਾਲਾ ਇਨਸਾਨ ਇਹੋ ਜਿਹੇ ਇਨਸਾਨਾਂ ਨਾਲ ਦੋਸਤੀ ਨਹੀਂ ਕਰਦਾ। ਇਨ੍ਹਾਂ ਦੇ ਦੋਸਤ ਸਿਰਫ਼ ਉਹ ਝੋਲੀ ਚੁੱਕ ਹੁੰਦੇ ਹਨ ਜਿਨ੍ਹਾਂ ਨੇ ਇਨ੍ਹਾਂ ਤੋਂ ਕੋਈ ਨਿੱਜੀ ਫ਼ਾਇਦਾ ਲੈਣਾ ਹੋਵੇ।

ਜੇ ਅਸੀਂ ਆਪਣੇ ਆਲੇ ਦੁਆਲੇ ਝਾਤੀ ਮਾਰੀਏ ਤਾਂ ਸਾਨੂੰ ਜ਼ਰੂਰ ਇਹੋ ਜਿਹੇ ਇਨਸਾਨ ਦਿਸ ਪੈਣਗੇ ਜਿਨ੍ਹਾਂ ਨੂੰ ਇਹੋ ਜਿਹਾ ਵਹਿਮ ਹੋਵੇ ਅਤੇ ਜਾਂ ਜੋ ਇਸ ਵਹਿਮ ਦੇ ਸ਼ਿਕਾਰ ਹੋ ਕੇ ਗਿਰਾਵਟ ਵੱਲ ਕੂਚ ਕਰ ਗਏ ਹੋਣ। ਮੈਨੂੰ ਯਾਦ ਹੈ ਕਿ ਜਦੋਂ ਮੈਂ ਪੰਜਾਬ ਵਿੱਚ ਕਾਲਜ ਵਿੱਚ ਪੜ੍ਹਦਾ ਸੀ ਤਾਂ ਦੋ ਭਰਾ ਬਹੁਤ ਹੀ ਸੁਨੱਖੇ ਅਤੇ ਤਕੜੇ ਖਿਡਾਰੀ ਸਨ। ਵੱਡਾ ਭਰਾ ਮੈਥੋਂ ਦੋ ਸਾਲ ਅੱਗੇ ਸੀ ਅਤੇ ਛੋਟਾ ਭਰਾ ਦੋ ਸਾਲ ਪਿੱਛੇ ਸੀ। ਦੋਵੇਂ ਹੀ ਬਹੁਤ ਅੱਛੇ ਖਿਡਾਰੀ ਸਨ ਜੋ ਹਰ ਵਾਰੀ ਮੁਕਾਬਲਿਆਂ ਵਿੱਚ ਜੇਤੂ ਰਹਿੰਦੇ ਸਨ। ਫਿਰ ਉਨ੍ਹਾਂ ਨੇ ਹੰਕਾਰ ਵਿੱਚ ਆ ਕੇ ਮਾੜੀਆਂ ਹਰਕਤਾਂ ਸ਼ੁਰੂ ਕਰ ਦਿੱਤੀਆਂ। ਰੋਜ਼ ਨਸ਼ੇ ਕਰਨੇ, ਲੋਕਾਂ ਨੂੰ ਤੰਗ ਕਰਨਾ, ਰਾਹੇ ਆਉਂਦੀਆਂ ਜਾਂਦੀਆਂ ਲੜਕੀਆਂ ਨੂੰ ਮਜ਼ਾਕ ਕਰਨੇ, ਅਤੇ ਹੋਰ ਇਹੋ ਜਿਹੀਆਂ ਭੈੜੀਆਂ ਹਰਕਤਾਂ ਕਰਨੀਆਂ ਉਨ੍ਹਾਂ ਦਾ ਰੋਜ਼ ਦਾ ਕਿੱਤਾ ਬਣ ਗਿਆ ਸੀ। ਪੰਜਾਂ-ਛੇਆਂ ਸਾਲਾਂ ਬਾਅਦ ਹੀ ਛੋਟਾ ਭਰਾ ਗੱਡੀ ਦੀ ਲਾਈਨ ਤੋਂ ਗੱਡੀ ਹੇਠ ਆ ਕੇ ਮਰਿਆ ਮਿਲਿਆ। ਸ਼ਾਇਦ ਕਿਸੇ ਨੇ ਮਾਰ ਕੇ ਗੱਡੀ ਦੀ ਲਾਈਨ 'ਤੇ ਰੱਖ ਦਿੱਤਾ ਸੀ। ਉਸਤੋਂ ਕੁਝ ਸਾਲ ਪਿੱਛੋਂ ਵੱਡਾ ਭਰਾ ਕਿਸੇ ਨੇ ਮਾਰ ਦਿੱਤਾ। ਇਸ ਤਰ੍ਹਾਂ ਇਨ੍ਹਾਂ ਦੋਹਾਂ ਭਰਾਵਾਂ ਨੇ ਹੰਕਾਰ ਵਿੱਚ ਆ ਕੇ ਆਪਣੀਆਂ ਜਾਨਾਂ ਗੁਆ ਲਈਆਂ। ਜੇ ਉਹ ਸੰਭਲ ਕੇ ਚਲਦੇ ਤਾਂ ਉਹ ਜ਼ਿੰਦਗੀ ਵਿੱਚ ਬਹੁਤ ਕੁਝ ਪ੍ਰਾਪਤ ਕਰ ਸਕਦੇ ਸਨ। ਹੰਕਾਰ, ਨਸ਼ਿਆਂ, ਅਤੇ ਹੋਰ ਇਹੋ ਜਿਹੀਆਂ ਕਰਤੂਤਾਂ ਕਰਕੇ ਉਹ ਕਾਲਜ ਤੋਂ ਅੱਗੇ ਖੇਡਾਂ ਵਿੱਚ ਨਾ ਜਾ ਸਕੇ ਭਾਵੇਂ ਉਹ ਇਸਦੇ ਬਹੁਤ ਕਾਬਲ ਸਨ।

ਪਿਛਲੇ ਕੁਝ ਦਹਾਕਿਆਂ ਵਿੱਚ ਚੁਣੇ ਗਏ ਅਮਰੀਕਾ ਦੇ ਦੋ ਪ੍ਰਧਾਨ-ਜਿੰਮੀ ਕਾਰਟਰ ਅਤੇ ਬਿੱਲ ਕਲਿੰਟਨ ਲੋਕਾਂ ਨੂੰ ਬਹੁਤ ਹੀ ਪਸੰਦ ਹਨ ਅਤੇ ਇਹ ਦੋਵੇਂ ਹੀ ਸਾਰੀ ਦੁਨੀਆਂ ਵਿੱਚ ਬੇਹੱਦ ਸਤਿਕਾਰੇ ਜਾਂਦੇ ਹਨ। (ਮੈਂ ਖ਼ੁਦ ਇਨ੍ਹਾਂ ਦੋਹਾਂ ਇਨਸਾਨਾਂ ਦਾ ਬਹੁਤ ਜ਼ਿਆਦਾ ਪ੍ਰਸੰਸਕ ਹਾਂ।) ਇਹ ਦੋਵੇਂ ਇਨਸਾਨ ਇੰਨੇ ਲਾਇਕ ਅਤੇ ਵੱਡੇ ਹੋ ਕੇ ਵੀ ਬੇਹੱਦ ਨਿਮਰਤਾ ਵਾਲੇ ਹਨ। ਜਿੰਮੀ ਕਾਰਟਰ, ਹੋਰ ਬਹੁਤ ਸਾਰੇ ਚੰਗੇ ਕੰਮ ਕਰਨ ਤੋਂ ਇਲਾਵਾਂ, ਬਹੁਤ ਸਾਲਾਂ ਤੋਂ ਹੈਬੀਟੈਟ ਫਾਰ ਹੁਮੈਨੀਟੀ ਨਾਲ ਰਲ ਕੇ ਗਰੀਬ ਲੋਕਾਂ ਲਈ ਘਰ ਬਨਾਉਣ ਵਿੱਚ ਰੁੱਝਿਆ ਹੋਇਆ ਹੈ। ਬਿੱਲ ਕਲਿੰਟਨ ਬਹੁਤ ਸਾਰੇ ਗਰੀਬ ਮੁਲਕਾਂ ਵਿੱਚ, ਖਾਸ ਕਰਕੇ ਅਫਰੀਕਾ ਵਿੱਚ, ਲੋਕਾਂ ਦੀ ਮੱਦਦ ਕਰਨ ਵਲ ਲੱਗਾ ਹੋਇਆ ਹੈ।

ਜਿਵੇਂ ਪੰਜਾਬੀ ਵਿੱਚ ਕਹਾਵਤ ਹੈ, ਹਮੇਸ਼ਾ ਊਣਾ ਭਾਂਡਾ ਹੀ ਉੱਛਲਦਾ, ਭਰਿਆ ਭਾਂਡਾ



ਨਹੀਂ ਉੱਛਲਦਾ। ਜੇ ਅਸੀਂ ਇਸ ਝੂਠੀ ਹਉਮੈਂ ਅਤੇ ਸਭ ਤੋਂ ਵਧੀਆ ਹੋਣ ਦੇ ਵਹਿਮ ਨੂੰ ਤਿਆਗ ਦੇਈਏ ਤਾਂ ਅਸੀਂ ਬਹੁਤ ਅੱਛੇ ਇਨਸਾਨ ਬਣਨ ਦੇ ਰਾਹ ਪੈ ਸਕਦੇ ਹਾਂ।

(ਅਗਸਤ 1, 2007)

## ਹਮ ਹੈਂ ਹਿੰਦੁਸਤਾਨੀ! ਕਿੰਨੇ ਕੁ?

ਬੜੇ ਸਾਲਾਂ ਦੀ ਗੱਲ ਹੈ। ਮੈਂ ਸਿੱਖ ਨੈਸ਼ਨਲ ਕਾਲਜ ਬੰਗਾ ਵਿੱਚ ਪੜ੍ਹਦਾ ਸੀ। ਕਾਲਜ ਦਾ ਡੀ. ਪੀ. ਈ. ਮਹਿੰਗਾ ਸਿੰਘ ਮਾਨ ਸੀ। ਸਾਰੇ ਉਸਨੂੰ ਪੀ. ਟੀ. ਸਾਹਿਬ ਹੀ ਕਹਿੰਦੇ ਸਨ। ਬਹੁਤ ਹੀ ਅੜਬ ਸੁਭਾਅ ਦਾ ਪਰ ਸੱਚ ਬੋਲਣ ਵਾਲਾ। ਮੈਂ ਜਦੋਂ ਬੀ. ਏ. ਦੇ ਆਖਰੀ ਸਾਲ ਵਿੱਚ ਪੜ੍ਹਦਾ ਸੀ ਤਾਂ ਇਕ ਦਿਨ ਪੀ. ਟੀ. ਹੁਰੀਂ ਮਿਲ ਗਏ। ਕਹਿਣ ਲੱਗੇ, "ਮਸੰਦਾ ਬੀ. ਏ. ਤੋਂ ਬਾਅਦ ਕੀ ਕਰਨ ਦੀ ਸਲਾਹ ਹੈ?" ਉਹ ਮੈਨੂੰ ਹਮੇਸ਼ਾ "ਮਸੰਦ" ਕਹਿ ਕੇ ਹੀ ਬੁਲਾਉਂਦੇ ਸੀ। ਕਾਰਨ ਇਹ ਸੀ ਕਿ ਮੈਂ ਬੰਗਿਆਂ ਦੀ ਮਸੰਦਾਂ ਦੀ ਪੱਟੀ ਦਾ ਰਹਿਣ ਵਾਲਾ ਸੀ। ਪੀ. ਟੀ. ਹੁਰੀਂ ਆਪ ਬੰਗਿਆਂ ਦੀ ਹੀ ਦੂਜੀ ਪੱਟੀ ਦੇ ਰਹਿਣ ਵਾਲੇ ਸਨ। "ਪੀ. ਟੀ. ਸਾਹਿਬ ਐਮ. ਏ. ਕਰਕੇ ਕਾਲਜ ਵਿੱਚ ਪੜ੍ਹਾਉਣ ਦਾ ਇਰਾਦਾ," ਮੈਂ ਉਨ੍ਹਾਂ ਨੂੰ ਜਵਾਬ ਦਿੱਤਾ। "ਫੇਰ ਤੂੰ ਕੇਸ ਦਾਹੜੀ ਰੱਖ ਲੈ। ਹੈਦਾਂ ਤੈਨੂੰ ਕਿਸੇ ਨੇ ਨੌਕਰੀ ਨਹੀਂ ਦੇਣੀ। ਹਿੰਦੂ ਕਾਲਜਾਂ ਵਾਲਿਆਂ ਨੇ ਤੈਨੂੰ ਤਾਂ ਨੀ ਰੱਖਣਾ ਕਿ ਤੂੰ ਸਿੱਖ ਐਂ। ਸਿੱਖ ਕਾਲਜਾਂ ਨੇ ਤੈਨੂੰ ਤਾਂ ਨੀ ਰੱਖਣਾ ਕਿ ਤੂੰ ਕੇਸ ਕੱਟੇ ਹੋਏ ਆ।" ਪੀ. ਟੀ. ਸਾਹਿਬ ਨੇ ਸੱਚੀ ਅਤੇ ਖਰੀ ਖਰੀ ਗੱਲ ਆਖ ਦਿੱਤੀ ਸੀ। ਪਤਾ ਨਹੀਂ ਜ਼ਿੰਦਗੀ ਵਿੱਚ ਮੈਂ ਉਨ੍ਹਾਂ ਦੀ ਇਸ ਗੱਲ ਨੂੰ ਕਿੰਨੀ ਵਾਰ ਯਾਦ ਕੀਤਾ ਹੈ, ਵਿਚਾਰਿਆ ਹੈ, ਅਤੇ ਇਹੋ ਜਿਹੇ ਹਿੰਦੁਸਤਾਨੀ ਵਾਤਾਵਰਣ ਬਾਰੇ ਸੋਚਿਆ ਹੈ। ਇਸ ਗੱਲ ਵਿਚੋਂ ਪੂਰੀ ਸਚਾਈ ਝਲਕਦੀ ਨਜ਼ਰ ਆਉਂਦੀ ਹੈ। ਜੇ ਅਸੀਂ ਪੰਜਾਬ ਦੇ ਕਾਲਜਾਂ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਸਪੱਸ਼ਟ ਨਜ਼ਰ ਆ ਜਾਵੇਗਾ ਕਿ ਹਿੰਦੂ ਕਾਲਜਾਂ ਵਿੱਚ ਸਿਰਫ ਉਂਗਲੀਆਂ 'ਤੇ ਗਿਣੇ ਜਾਣ ਜੋਗੇ ਸਿੱਖ ਪ੍ਰੋਫੈਸਰ ਹਨ ਅਤੇ ਸਿੱਖ ਕਾਲਜਾਂ ਵਿੱਚ ਸਿਰਫ ਗਿਣਤੀ ਦੇ ਹੀ ਹਿੰਦੂ ਪ੍ਰੋਫੈਸਰ ਹਨ। ਇਹ ਗੱਲ ਹੋਰ ਕੰਮਾਂ ਵਿੱਚ ਵੀ ਦੇਖਣ ਵਿੱਚ ਆਉਂਦੀ ਹੈ। ਬਹੁਤ ਵਾਰ ਸਿੱਖ ਕੰਮਾਂ ਉੱਤੇ ਸਿੱਖਾਂ ਨੂੰ ਹੀ ਰੱਖ ਕੇ ਰਾਜ਼ੀ ਹਨ ਅਤੇ ਹਿੰਦੂ ਹਿੰਦੂਆਂ ਨੂੰ।

ਕਦੇ ਜ਼ਮਾਨਾ ਸੀ ਕਿ ਹਿੰਦੂ, ਸਿੱਖ, ਮੁਸਲਮਾਨ, ਅਤੇ ਹੋਰ ਧਰਮਾਂ ਦੇ ਲੋਕ ਪੰਜਾਬ ਵਿੱਚ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਵਿੱਚ ਰਲ ਮਿਲ ਕੇ ਰਹਿੰਦੇ ਸਨ। ਪਰ ਹੁਣ। ਦੱਸਣ ਦੀ ਲੋੜ ਹੀ ਨਹੀਂ। ਬਹੁਤੇ ਹਿੰਦੂ, ਬਹੁਤੇ ਸਿੱਖ, ਅਤੇ ਬਹੁਤੇ ਮੁਸਲਮਾਨ ਤਾਂ ਹੁਣ ਵੀ ਇਕ ਦੂਜੇ ਨਾਲ ਪਿਆਰ ਵਾਲਾ ਵਰਤਾਰਾ ਕਰਦੇ ਹਨ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਵਿੱਚ ਵਿਸ਼ਵਾਸ ਰੱਖਦੇ ਹਨ। ਪਰ ਪਿਛਲੇ ਚਾਲੀ-ਪੰਜਾਹ ਸਾਲਾਂ ਵਿੱਚ ਇਨ੍ਹਾਂ ਸਾਰੇ ਧਰਮਾਂ ਵਿੱਚ ਕੱਟੜਤਾ ਦਾ ਅੰਸ਼ ਬਹੁਤ ਹੀ ਵਧਿਆ ਹੈ। 'ਅਸੀਂ ਸਭ ਹਿੰਦੁਸਤਾਨੀ ਹਾਂ' ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦੀ ਪ੍ਰਤੀਸ਼ਤ ਗਿਣਤੀ ਘਟਦੀ ਜਾ ਰਹੀ ਹੈ, ਅਤੇ 'ਅਸੀਂ ਪੰਜਾਬੀ ਹਾਂ,' 'ਅਸੀਂ ਬਿਹਾਰੀ ਹਾਂ,' 'ਅਸੀਂ ਬੰਗਾਲੀ ਹਾਂ,' 'ਅਸੀਂ ਮਹਾਂਰਾਸ਼ਟਰੀ ਹਾਂ,' ਕਹਿਣ ਵਾਲੇ ਲੋਕਾਂ ਦੀ ਪ੍ਰਤੀਸ਼ਤ ਗਿਣਤੀ ਵਧਦੀ ਜਾ ਰਹੀ ਹੈ। ਇਹ ਕਹਿਣ ਦੀ ਵਜਾਏ ਕਿ 'ਅਸੀਂ ਹਿੰਦੁਸਤਾਨੀ ਪਹਿਲਾਂ ਅਤੇ ਬੰਗਾਲੀ, ਪੰਜਾਬੀ, ਮਹਾਂਰਾਸ਼ਟਰੀ ਆਦਿ ਬਾਅਦ ਵਿੱਚ', ਅਸੀਂ ਇਸਦੇ ਉਲਟ ਚਲਦੇ ਹਾਂ। ਅਸੀਂ ਬੰਗਾਲੀ, ਪੰਜਾਬੀ ਜਾਂ ਮਹਾਂਰਾਸ਼ਟਰੀ

ਪਹਿਲਾਂ ਅਤੇ ਹਿੰਦੁਸਤਾਨੀ ਬਾਅਦ ਵਿੱਚ ਹਾਂ।

ਮੈਂ ਜਦੋਂ ਵੀ ਹਿੰਦੁਸਤਾਨ ਵਾਪਸ ਜਾਂਦਾ ਹਾਂ ਤਾਂ ਬਹੁਤਾ ਸਮਾਂ ਪੰਜਾਬ ਵਿੱਚ ਹੀ ਬਿਤਾਉਂਦਾ ਹਾਂ। ਪੰਜਾਬ ਵਿੱਚ ਵੀ ਅਤੇ ਹਿੰਦੁਸਤਾਨ ਤੋਂ ਬਾਹਰ ਰਹਿੰਦੇ ਪੰਜਾਬੀ ਵੀ ਹਮੇਸ਼ਾ ਇਹੋ ਕਹਿਣਗੇ, "ਐਹ ਜਿਹੜੇ ਭਈਏ ਪੰਜਾਬ ਵਿੱਚ ਆ ਗਏ, ਇਨ੍ਹਾਂ ਨੇ ਤਾਂ ਪੰਜਾਬ ਵਿੱਚ ਬਹੁਤ ਗੰਦ ਪਾ ਦਿੱਤੈ।" ਉਨ੍ਹਾਂ ਅਨੁਸਾਰ ਪੰਜਾਬ ਉੱਤੇ ਬਿਹਾਰ, ਉੱਤਰ ਪ੍ਰਦੇਸ਼ ਬਗੈਰਾ ਤੋਂ ਆਉਣ ਵਾਲੇ ਲੋਕਾਂ ਦਾ ਕੋਈ ਅਧਿਕਾਰ ਨਹੀਂ। ਇਹ ਲੋਕ ਇਹ ਸਮਝਣ ਤੋਂ ਇਨਕਾਰ ਕਰਦੇ ਹਨ ਕਿ ਪੰਜਾਬ ਉੱਤੇ ਸਾਰੇ ਹਿੰਦੁਸਤਾਨੀਆਂ ਦਾ ਉਤਨਾ ਹੀ ਅਧਿਕਾਰ ਹੈ ਜਿਤਨਾ ਕਿਸੇ ਦਾ ਬਾਕੀ ਸੂਬਿਆਂ 'ਤੇ। ਪੰਜਾਬ ਵਿੱਚੋਂ ਜਾ ਕੇ ਕਰੋੜਾਂ ਹਿੰਦੂ ਸਿੱਖ ਹਿੰਦੁਸਤਾਨ ਦੇ ਦੂਜੇ ਸੂਬਿਆਂ ਵਿੱਚ ਵਸੇ ਹੋਏ ਹਨ। ਇਸੇ ਤਰ੍ਹਾਂ ਦੂਜੇ ਸੂਬਿਆਂ ਤੋਂ ਵੀ ਲੋਕਾਂ ਨੂੰ ਪੰਜਾਬ ਵਿੱਚ ਵਸਣ ਦਾ ਉਤਨਾ ਹੀ ਅਧਿਕਾਰ ਹੈ। ਹੁਣੇ ਹੁਣੇ ਪੰਜਾਬ ਦੇ ਇਕ ਤ੍ਰੈਮਾਸਿਕ ਪਰਚੇ ਵਿੱਚ ਇਕ ਕਵਿਤਾ ਛਪੀ ਹੈ ਜੋ ਪੰਜਾਬ ਵਿੱਚ ਬਿਹਾਰ, ਰਾਜਸਥਾਨ, ਅਤੇ ਨੇਪਾਲ ਤੋਂ ਆਏ ਲੋਕਾਂ ਦਾ ਬਿਆਨ ਕਰਦੀ ਹੈ। ਕਵੀ ਕਹਿੰਦਾ ਹੈ ਕਿ ਉਹ ਕਈ ਦਹਾਕਿਆਂ ਬਾਅਦ ਪੰਜਾਬ ਜਾ ਰਿਹਾ ਹੈ। ਪਰ ਪੰਜਾਬ ਪਹੁੰਚ ਕੇ ਉਹ ਸੋਚਦਾ ਹੈ ਕਿ ਪਤਾ ਨਹੀਂ ਉਹ ਪੰਜਾਬ ਆਇਆ ਹੈ ਜਾਂ ਪੰਜਾਬ ਤੋਂ ਗਿਆ ਹੈ ਕਿਉਂਕਿ ਉਸਨੂੰ ਪੰਜਾਬ ਵਿੱਚ ਕੰਮ ਕਰਨ ਵਾਲੇ ਸਾਰੇ ਹੀ ਬਿਹਾਰੀ, ਰਾਜਸਥਾਨੀ, ਨੇਪਾਲੀ, ਵਗੈਰਾ ਹੀ ਨਜ਼ਰ ਆਉਂਦੇ ਹਨ। ਇਸ ਕਵਿਤਾ ਦੀਆਂ ਕੁਝ ਲਾਈਨਾਂ ਹਾਜ਼ਰ ਹਨ :

ਕਈ ਦਹਾਕਿਆਂ ਬਾਦ
ਮੈਂ ਪੰਜਾਬ ਜਾ ਰਿਹਾਂ
........................
ਭਈਏ ਭਾਰ ਉਠਾ ਰਹੇ ਹਨ
ਰਿਕਸ਼ੇ ਚਲਾ ਰਹੇ ਹਨ
........................
ਨੇਪਾਲੀ ਰਸੋਈਆ
........................
ਬਿਹਾਰੀ ਟਰੈਕਟਰ ਦੁੜਾ ਰਿਹਾ
........................
ਗੁੜ ਦੀ ਖੁਸ਼ਬੂ
ਯੂ. ਪੀ. ਮੈਨ ਦੇ ਵੇਲਣੇ ਤੇ ਆ ਰਹੀ
........................
ਮੈਂ ਖੜ੍ਹਾ ਸੋਚ ਰਿਹਾਂ
ਮੈਂ ਪੰਜਾਬ ਆਇਆਂ
ਕਿ ਪੰਜਾਬ ਤੋਂ ਗਿਆਂ

ਇਸ ਕਵਿਤਾ ਵਿੱਚ ਕਵੀ ਇਹ ਕਹਿਣ ਦੀ ਕੋਸ਼ਿਸ਼ ਕਰਦਾ ਹੈ ਕਿ ਪੰਜਾਬੀ ਕੰਮ ਨਹੀਂ ਕਰਦੇ ਅਤੇ ਉਨ੍ਹਾਂ ਦੀ ਜਗ੍ਹਾ ਬਾਹਰਲੇ ਕਾਮੇ ਆ ਕੇ ਕੰਮ ਕਰਦੇ ਹਨ। ਪਰ ਇਸ ਕਵਿਤਾ ਨੂੰ ਇਕ



ਵਖਰੇ ਪਾਸਿਓਂ ਵੀ ਦੇਖਿਆ ਜਾ ਸਕਦਾ ਹੈ ਜਿਸ ਬਾਰੇ ਸ਼ਾਇਦ ਕਵੀ ਅਤੇ ਪਰਚੇ ਦਾ ਸੰਪਾਦਕ ਸੁਚੇਤ ਨਹੀਂ ਸਨ। ਇਹ ਕਵਿਤਾ ਇਹੋ ਦਰਸਾਉਂਦੀ ਹੈ ਕਿ ਅਸੀਂ ਪੰਜਾਬ ਵਿੱਚ ਸਿਰਫ਼ ਪੰਜਾਬੀਆਂ ਨੂੰ ਹੀ ਦੇਖਣਾ ਚਾਹੁੰਦੇ ਹਾਂ। ਇਥੇ ਪੰਜਾਬੀਆਂ ਤੋਂ ਕੀ ਭਾਵ ਹੈ, ਆਪਾਂ ਸਾਰੇ ਸਮਝਦੇ ਹੀ ਹਾਂ। ਵੈਸੇ ਤਾਂ ਜੇ ਸਮਝਿਆ ਜਾਵੇ ਤਾਂ ਜੋ ਵੀ ਇਨਸਾਨ ਪੰਜਾਬ ਵਿੱਚ ਰਹਿੰਦਾ ਹੈ ਉਹ ਪੰਜਾਬੀ ਹੈ ਭਾਵੇਂ ਉਹ ਕਿਤਿਉਂ ਵੀ ਆ ਕੇ ਵਸਿਆ ਹੋਵੇ। ਸਾਡੇ ਵਰਗੇ ਜੋ ਹੁਣ ਪੰਜਾਬ ਵਿੱਚ ਨਹੀਂ ਰਹਿੰਦੇ ਉਹ ਪੰਜਾਬੀ ਕਾਹਦੇ ਰਹਿ ਗਏ ? ਅਸੀਂ ਤਾਂ ਹੁਣ ਐਵੇਂ ਅਖੌਤੀ ਪੰਜਾਬੀ ਹੀ ਹਾਂ। ਅਸਲੀ ਪੰਜਾਬੀ ਤਾਂ ਓਹੀ ਹਨ ਜੋ ਪੰਜਾਬ ਵਿੱਚ ਰਹਿ ਰਹੇ ਹਨ ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਹੋਣ ਅਤੇ ਭਾਵੇਂ ਉਹ ਬਿਹਾਰ, ਰਾਜਸਥਾਨ, ਯੂ. ਪੀ. ਜਾਂ ਕਿਸੇ ਹੋਰ ਸੂਬੇ ਤੋਂ ਆ ਕੇ ਵਸੇ ਹੋਣ।

ਸੋ ਗੱਲ ਚਲ ਰਹੀ ਸੀ ਨਸਲੀ ਵਿਤਕਰੇ ਦੀ। ਅਸੀਂ (ਸਾਰੇ ਨਹੀਂ ਪਰ ਕਾਫੀ) ਹਿੰਦੁਸਤਾਨੀ, ਹਿੰਦੁਸਤਾਨ ਵਿੱਚ ਰਹਿਣ ਵਾਲੇ, ਕਈ ਗੱਲਾਂ ਦੇ ਅਧਾਰ 'ਤੇ ਇਕ ਦੂਜੇ ਨੂੰ ਨਫ਼ਰਤ ਕਿਉਂ ਕਰਦੇ ਹਾਂ ? ਅਸੀਂ ਸੂਬਿਆਂ ਦੇ ਅਧਾਰ 'ਤੇ, ਧਰਮ ਦੇ ਨਾਂ 'ਤੇ, ਅਤੇ ਜਾਤਾਂ ਦੇ ਅਧਾਰ 'ਤੇ ਇਕ ਦੂਜੇ ਨੂੰ ਬੇਹੱਦ ਨਫ਼ਰਤ ਕਰਦੇ ਹਾਂ। ਆਪਾਂ ਸਾਰੇ ਜਾਣਦੇ ਹੀ ਹਾਂ ਕਿ ਹਰ ਸਾਲ ਹੀ ਧਰਮ ਦੇ ਅਧਾਰ 'ਤੇ ਦੰਗੇ ਫਸਾਦ ਕਿਧਰੇ ਨਾ ਕਿਧਰੇ ਹੁੰਦੇ ਹੀ ਰਹਿੰਦੇ ਹਨ। ਕਦੇ ਦਿੱਲੀ, ਕਦੇ ਮੁੰਬਈ, ਕਦੇ ਹੈਦਰਾਬਾਦ, ਕਦੇ ਬਿਹਾਰ, ਕਦੇ ਉੱਤਰ ਪ੍ਰਦੇਸ਼, ਅਤੇ ਕਦੇ ਗੁਜਰਾਤ ਵਿੱਚ। ਕਿਧਰੇ ਨਾ ਕਿਧਰੇ ਧਰਮਾਂ ਜਾਂ ਜਾਤਾਂ ਦੇ ਨਾਂ 'ਤੇ ਕਤਲੇਆਮ ਹੁੰਦਾ ਹੀ ਰਹਿੰਦਾ ਹੈ। ਕਦੇ ਮਸੀਤਾਂ ਢਾਈਆਂ ਜਾਂਦੀਆਂ ਹਨ ਅਤੇ ਕਦੇ ਮੰਦਰ। ਕਦੇ ਝੁੱਗੀਆਂ ਨੂੰ ਅੱਗਾਂ ਲਾਈਆਂ ਜਾਂਦੀਆਂ ਹਨ ਅਤੇ ਦਲਿਤਾਂ ਨਾਲ ਦੁਰਵਿਓਹਾਰ ਕੀਤਾ ਜਾਂਦਾ ਹੈ। ਅਨੇਕਾਂ ਮਾਸੂਮ ਲੋਕਾਂ ਨੂੰ ਮਾਰਿਆ ਸਾੜਿਆ ਜਾਂਦਾ ਹੈ ਅਤੇ ਪਿੱਛੇ ਉਨ੍ਹਾਂ ਨੇ ਪਰਿਵਾਰ ਇਨ੍ਹਾਂ ਜੀਆਂ ਦੇ ਵਿਛੋੜੇ ਦੇ ਨਾਲ ਨਾਲ ਆਰਥਿਕ ਤੰਗੀਆਂ ਦਾ ਸਾਹਮਣਾ ਕਰਨ ਲਈ ਰਹਿ ਜਾਂਦੇ ਹਨ।

ਅਸੀਂ ਬਦੇਸ਼ਾਂ ਵਿੱਚ ਰਹਿਣ ਵਾਲੇ ਕਈ ਵਾਰ ਸ਼ਿਕਵਾ ਕਰਦੇ ਹਾਂ ਕਿ ਸਾਡੇ ਨਾਲ ਇਨ੍ਹਾਂ ਮੁਲਕਾਂ ਵਿੱਚ ਰੰਗ ਅਤੇ ਨਸਲ ਦੇ ਅਧਾਰ 'ਤੇ ਵਿਤਕਰਾ ਹੁੰਦਾ ਹੈ। ਅਸਲ ਵਿੱਚ ਮੈਂ ਅਮਰੀਕਾ ਵਿੱਚ ਹਿੰਦੁਸਤਾਨ ਨਾਲੋਂ ਆਪਣੇ ਨਾਲ ਘੱਟ ਵਿਤਕਰਾ ਹੁੰਦਾ ਦੇਖਿਆ ਹੈ। ਪਤਾ ਨਹੀਂ ਕਿਉਂ ਅਸੀਂ ਹਿੰਦੁਸਤਾਨੀ ਬਹੁਤ ਹੀ ਤੰਗ ਵਿਚਾਰਾਂ ਅਤੇ ਦਿਮਾਗਾਂ ਦੇ ਮਾਲਕ ਹਾਂ। ਪਿੱਛੇ ਜਿਹੇ ਇਕ ਆਦਮੀ ਦਾ ਮੈਨੂੰ ਫੋਨ ਆਇਆ ਜੋ ਅਮਰੀਕਾ ਵਿੱਚ ਰਹਿੰਦਾ ਹੈ ਅਤੇ ਕੋਈ ਵੈਬ ਸਾਈਟ ਵੀ ਚਲਾ ਰਿਹਾ ਹੈ। ਉਸਨੇ ਆਖਿਆ ਕਿ ਉਹ ਚਾਹੁੰਦਾ ਹੈ ਕਿ ਮੈਂ ਉਸਦੇ ਵੈਬ ਸਾਈਟ ਲਈ ਆਰਥਿਕ ਪੱਖ 'ਤੇ ਲੇਖ ਲਿਖਿਆ ਕਰਾਂ। ਮੈਂ ਕਿਹਾ ਕਿ ਮੈਂ ਸੋਚ ਲਵਾਂਗਾ। ਫਿਰ ਉਸਨੇ ਪੁੱਛਿਆ ਕਿ ਕੀ ਮੈਂ ਪੱਗ ਬੰਨਦਾ ਹਾਂ। ਜਦੋਂ ਮੈਂ ਨਾਂਹ ਵਿੱਚ ਜਵਾਬ ਦਿੱਤਾ ਤਾਂ ਉਸਨੇ ਆਖਿਆ ਕਿ ਉਸਨੂੰ ਕਿਸੇ ਪੱਗ ਵਾਲੇ ਲੇਖਕ ਦੀ ਭਾਲ ਹੈ। ਜੇ ਅਸੀਂ ਇੰਨੇ ਤੰਗ ਖ਼ਿਆਲੀ ਹੋ ਜਾਈਏ ਤਾਂ ਇਸ ਦੁਨੀਆਂ ਦਾ ਕੀ ਬਣੇਗਾ ? ਮੈਂ ਉਨ੍ਹਾਂ ਇਨਸਾਨਾਂ ਦੀ ਬਹੁਤ ਕਦਰ ਕਰਦਾ ਹਾਂ ਜੋ ਸਿੱਖ ਹੋ ਕੇ ਕੇਸ ਦਾੜ੍ਹੀ ਰੱਖ ਕੇ ਪੱਗ ਸਜਾਉਂਦੇ ਹਨ। ਪਰ ਸਾਨੂੰ ਆਪਣੇ ਵਿਚਾਰ ਦੂਜਿਆਂ ਉੱਤੇ ਨਹੀਂ ਠੋਸਣੇ ਚਾਹੀਦੇ। ਜੇ ਸਾਡੇ ਆਪਣੇ ਮੁਲਕ ਵਿੱਚ ਹੀ ਅਤੇ ਬਾਹਰਲੇ ਮੁਲਕਾਂ ਵਿੱਚ ਵੀ ਅਸੀਂ ਇਕ ਦੂਜੇ ਨਾਲ ਇੰਨਾ ਵਿਤਕਰਾ ਕਰਦੇ ਹਾਂ ਤਾਂ ਅਸੀਂ ਬਦੇਸ਼ਾਂ ਵਿੱਚ ਵਸਣ ਵਾਲੇ ਲੋਕ ਇੱਥੇ ਬਦੇਸ਼ੀਆਂ ਤੋਂ ਕਿਵੇਂ ਬਰਾਬਰਤਾ ਦੀ ਮੰਗ ਕਰ ਸਕਦੇ ਹਾਂ। ਜੇ ਅਸੀਂ ਆਪਣੇ ਮੁਲਕ ਵਿੱਚ ਹੀ ਕਿਸੇ ਨੂੰ ਇਨਸਾਫ਼ ਨਹੀਂ ਦੇ ਸਕਦੇ, ਤਾਂ ਅਸੀਂ ਬਦੇਸ਼ਾਂ ਵਿੱਚ ਕਿਵੇਂ ਇਨਸਾਫ਼ ਮੰਗ ਸਕਦੇ ਹਾਂ ?

ਗੱਲ ਸਿਰਫ਼ ਧਰਮ ਤੱਕ ਹੀ ਸੀਮਤ ਨਹੀਂ। ਅਸੀਂ ਜਾਤਾਂ ਦੇ ਅਧਾਰ ’ਤੇ ਵੀ ਸਿਰਫ਼ ਇਕ ਦੂਜੇ ਨਾਲ ਵਿਤਕਰਾ ਹੀ ਨਹੀਂ ਕਰਦੇ ਸਗੋਂ ਨਫ਼ਰਤ ਕਰਨ ਤੱਕ ਜਾਂਦੇ ਹਾਂ। ਇਹ ਜਾਣਦਿਆਂ ਹੋਇਆਂ ਵੀ ਕਿ ਸਿੱਖ ਧਰਮ ਜਾਤਾਂ ਦੀ ਨਿੰਦਿਆ ਕਰਦਾ ਹੈ, ਅਸੀਂ ਜਾਤਾਂ ਦੇ ਜਾਲ ਵਿੱਚ ਪੂਰੀ ਤਰ੍ਹਾਂ ਗਰਕੇ ਹੋਏ ਹਾਂ। ਅਸੀਂ ਉਸਤਾਦ ਨੁਸਰਤ ਜੀ ਦੇ ਗਾਣੇ ਵਰਗੇ ਖ਼ਿਆਲਾਂ ਨੂੰ ਬਿਲਕੁਲ ਭੁੱਲ ਜਾਂਦੇ ਹਾਂ :

ਉਥੇ ਅਮਲਾਂ ਤੇ ਹੋਣੇ ਨੇ ਨਬੇੜੇ
ਕਿਸੇ ਨਹੀਂ ਤੇਰੀ ਜ਼ਾਤ ਪੁੱਛਣੀ।
ਝੂਠੇ ਮਾਣ ਤੇਰੇ ਝੂਠੇ ਸਭ ਝੇੜੇ
ਕਿਸੇ ਨਹੀਂ ਤੇਰੀ ਜ਼ਾਤ ਪੁੱਛਣੀ।

ਪਿੱਛੇ ਜਿਹੇ ਪੰਜਾਬੀ ਕਵੀ ਲਾਲ ਸਿੰਘ ਦਿਲ ਦਾ ਦਿਹਾਂਤ ਹੋ ਗਿਆ। ਮੇਰੇ ਇਕ ਦੋਸਤ ਨੇ ਕਿਹਾ, “ਲਾਲ ਸਿੰਘ ਦਿਲ ਵੀ ਪਾਸ਼ ਦੇ ਬਰਾਬਰ ਦਾ ਕਵੀ ਸੀ, ਪਰ ਦਲਿਤ ਹੋਣ ਕਰਕੇ ਉਸਨੂੰ ਪਾਸ਼ ਵਰਗੀ ਮਾਨਤਾ ਨਹੀਂ ਮਿਲ ਸਕੀ।” ਮੈਂ ਪਾਸ਼ ਅਤੇ ਦਿਲ ਨੂੰ ਬਿਲਕੁਲ ਨਹੀਂ ਪੜ੍ਹਿਆ। ਇਸ ਲਈ ਮੈਂ ਇਸ ਬਾਰੇ ਆਪਣੀ ਰਾਏ ਨਹੀਂ ਪ੍ਰਗਟ ਕਰ ਸਕਦਾ ਪਰ ਇਹ ਕਥਨ ਸੱਚਾ ਲਗਦਾ ਹੈ।

ਅਸੀਂ ਕਿਸ ਜਾਤ ਵਿੱਚ ਜੰਮੇ ਹਾਂ, ਇਸਦੀ ਕੋਈ ਮਹੱਤਤਾ ਨਹੀਂ ਅਤੇ ਨਾ ਹੀ ਹੋਣੀ ਚਾਹੀਦੀ ਹੈ। ਅਸੀਂ ਜ਼ਿੰਦਗੀ ਵਿੱਚ ਕਿਹੋ ਜਿਹੇ ਕੰਮ ਕਰਦੇ ਹਾਂ, ਇਹ ਜ਼ਿਆਦਾ ਮਹੱਤਵਪੂਰਨ ਗੱਲ ਹੈ। ਸਾਨੂੰ ਸਿੱਖ, ਹਿੰਦੂ, ਮੁਸਲਮਾਨ, ਈਸਾਈ ਵਗੈਰਾ ਬਣਨ ਤੋਂ ਪਹਿਲਾਂ ਇਕ ਚੰਗਾ ਇਨਸਾਨ ਬਣਨ ਦੀ ਲੋੜ ਹੈ। ਜੇ ਅਸੀਂ ਚੰਗੇ ਇਨਸਾਨ ਹੀ ਨਹੀਂ ਤਾਂ ਅਸੀਂ ਅੱਛੇ ਸਿੱਖ, ਹਿਦੂ, ਮੁਸਲਮਾਨ, ਈਸਾਈ ਵਗੈਰਾ ਹੋ ਹੀ ਨਹੀਂ ਸਕਦੇ। ਕੀ ਅਸੀਂ ਓਸਾਮਾ ਬਿਨ-ਲਾਦਨ ਵਰਗੇ ਬੰਦਿਆਂ ਨੂੰ ਇਨਸਾਨ ਜਾਂ ਧਾਰਮਿਕ ਕਹਿ ਸਕਦੇ ਹਾਂ ? ਬਿਲਕੁਲ ਨਹੀਂ। ਇਹੋ ਜਿਹੇ ਲੋਕ ਧਰਮ ਦੀ ਆੜ ਲੈ ਕੇ ਕੁਧਰਮੀ ਵਾਲੇ ਕੰਮ ਕਰ ਰਹੇ ਹਨ।

ਅਸੀਂ ਜੇ ਹਿੰਦੁਸਤਾਨ ਨੂੰ ਅੱਗੇ ਵਧਦਾ ਦੇਖਣਾ ਹੈ ਤਾਂ ਇਸ ਨਸਲੀ ਵਿਤਕਰੇ ਅਤੇ ਨਫ਼ਰਤ ਨੂੰ ਠੱਲ ਪਾਉਣੀ ਪਵੇਗੀ, ਨਵੇਂ ਅਤੇ ਸਖਤ ਕਾਨੂੰਨ ਬਣਾ ਕੇ ਅਤੇ ਇਸ ਬਾਰੇ ਸਕੂਲਾਂ ਕਾਲਜਾਂ ਵਿੱਚ ਸਿਖਿਆ ਦੇ ਕੇ।

(ਸਤੰਬਰ 1, 2007)

## ਅਸੀਂ ਕਦੋਂ ਸਿੱਖਦੇ ਹਾਂ ਅਤੇ ਕਦੋਂ ਨਹੀਂ!

ਯੂ. ਐਸ. ਏ. ਟੂਡੇ ਅਮਰੀਕਾ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਅਖ਼ਬਾਰ ਹੈ। ਲੈਰੀ ਕਿੰਗ ਸੀ. ਐਨ. ਐਨ. ਟੀ. ਵੀ. ਉੱਤੇ ਮੁਲਾਕਾਤਾਂ ਕਰਦਾ ਹੈ ਜੋ ਦੁਨੀਆਂ ਦੇ ਲੱਗਭਗ ਹਰ ਮੁਲਕ ਵਿੱਚ ਦੇਖਿਆ ਸੁਣਿਆ ਜਾਂਦਾ ਹੈ ਅਤੇ ਸ਼ਾਇਦ ਸਭ ਤੋਂ ਵੱਧ ਦੇਖਿਆ-ਸੁਣਿਆ ਜਾਣ



ਵਾਲਾ ਮੁਲਾਕਾਤੀ ਹੈ। ਲੈਰੀ ਕਿੰਗ ਨੇ ਦੁਨੀਆਂ ਦੇ ਲਗਭਗ ਹਰ ਮਸ਼ਹੂਰ ਵਿਅਕਤੀ ਨਾਲ ਮੁਲਾਕਾਤ ਕੀਤੀ ਹੈ। ਕੁਝ ਸਾਲ ਪਹਿਲਾਂ ਲੈਰੀ ਕਿੰਗ ਯੂ. ਐਸ. ਏ. ਟੂਡੇ ਅਖ਼ਬਾਰ ਵਿੱਚ ਹਰ ਹਫ਼ਤੇ ਇਕ ਦਿਨ ਇਕ ਲੇਖ ਲਿਖਿਆ ਕਰਦਾ ਸੀ ਜਿਸਦਾ ਮੈਂ ਬਹੁਤ ਉਪਾਸ਼ਕ ਸਾਂ। ਕੁਝ ਸਾਲ ਪਹਿਲਾਂ ਲੈਰੀ ਕਿੰਗ ਨੇ ਇਸ ਅਖ਼ਬਾਰ ਵਿੱਚ ਇਕ ਲੇਖ ਵਿੱਚ ਕੁਝ ਇਸ ਤਰ੍ਹਾਂ ਲਿਖਿਆ ਸੀ, “ਜਦੋਂ ਮੈਂ ਬੋਲਦਾ ਹਾਂ ਉਦੋਂ ਮੈਂ ਕੁਝ ਨਹੀਂ ਸਿੱਖਦਾ।” ਇਸ ਇਕ ਵਾਕ ਵਿੱਚ ਕਿੰਨੀ ਅਸਲੀਅਤ ਹੈ! ਜਦੋਂ ਅਸੀਂ ਬੋਲਦੇ ਹਾਂ ਤਾਂ ਆਮ ਤੌਰ ’ਤੇ ਅਸੀਂ ਕੁਝ ਨਹੀਂ ਸਿੱਖਦੇ। ਸੋ ਅਸੀਂ ਕਦੋਂ ਸਿੱਖਦੇ ਹਾਂ ?

ਜਦੋਂ ਅਸੀਂ ਦੂਜਿਆਂ ਨੂੰ ਬਹੁਤ ਧਿਆਨ ਨਾਲ ਸੁਣੀਏ ਤਾਂ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ। ਸਿਰਫ਼ ਸੁਣਨ ਨਾਲ ਹੀ ਅਸੀਂ ਨਹੀਂ ਸਿੱਖ ਸਕਦੇ। ਸਿੱਖਣ ਲਈ ਪੂਰਾ ਧਿਆਨ ਦੇ ਕੇ ਸੁਣੀਆਂ ਗਈਆਂ ਗੱਲਾਂ ਨੂੰ ਵਿਚਾਰਨ ਦੀ ਲੋੜ ਹੈ। ਜੇ ਅਸੀਂ ਸੁਣੀਆਂ ਗੱਲਾਂ ਨੂੰ ਨਾ ਹੀ ਸੋਚੀਏ ਅਤੇ ਨਾ ਹੀ ਵੀਚਾਰੀਏ ਤਾਂ ਉਹ ਸੁਣੀਆਂ ਗੱਲਾਂ ਸਾਨੂੰ ਝੱਟ ਹੀ ਭੁੱਲ ਜਾਣਗੀਆਂ।

ਜ਼ਿੰਦਗੀ ਵਿੱਚ ਕੁਝ ਸਿੱਖਣ ਲਈ ਸਾਨੂੰ ਕੰਨ, ਅੱਖਾਂ, ਦਿਲ ਅਤੇ ਦਿਮਾਗ਼ ਖੋਲ੍ਹ ਕੇ ਰੱਖਣ ਦੀ ਲੋੜ ਹੈ। ਸਿੱਖਣ ਲਈ ਕੰਨਾਂ ਨਾਲ ਸੁਣਨ ਦੀ, ਅੱਖਾਂ ਨਾਲ ਦੇਖਣ ਦੀ, ਦਿਮਾਗ਼ ਨਾਲ ਵਿਚਾਰਨ ਦੀ, ਅਤੇ ਦਿਲ ਨਾਲ ਅਪਨਾਉਣ ਦੀ ਲੋੜ ਹੁੰਦੀ ਹੈ। ਕਈ ਵਾਰ ਅਸੀਂ ਗੱਲਾਂ ਸੁਣ ਲੈਂਦੇ ਹਾਂ, ਵਿਚਾਰ ਲੈਂਦੇ ਹਾਂ, ਅਤੇ ਉਹ ਗੱਲਾਂ ਸਾਨੂੰ ਚੰਗੀਆਂ ਵੀ ਬਹੁਤ ਲਗਦੀਆਂ ਹਨ ਪਰ ਦਿਲ ਨਹੀਂ ਮੰਨਦਾ ਕਿ ਅਸੀਂ ਉਨ੍ਹਾਂ ਨੂੰ ਅਪਨਾਈਏ। ਜਿਵੇਂ ਕਿਸੇ ਇਨਸਾਨ ਨੂੰ ਜੇ ਕਿਸੇ ਨਸ਼ੇ ਦਾ ਅਮਲ ਲੱਗਾ ਹੋਵੇ ਅਤੇ ਉਸਨੂੰ ਨਸੀਅਤ ਦਿੱਤੀ ਜਾਵੇ ਕਿ ਨਸ਼ਾ ਛੱਡਣਾ ਉਸ ਲਈ ਚੰਗਾ ਹੈ ਤਾਂ ਉਹ ਇਨਸਾਨ ਇਸ ਗੱਲ ਨੂੰ ਸੁਣ ਵੀ ਲਵੇਗਾ, ਵਿਚਾਰ ਵੀ ਲਵੇਗਾ, ਅਤੇ ਇਹ ਵੀ ਸਮਝੇਗਾ ਕਿ ਇਸ ਗੱਲ ਨੂੰ ਮੰਨ ਲੈਣਾ ਉਸਦੇ ਭਲੇ ਦੀ ਗੱਲ ਹੈ, ਪਰ ਉਸਦਾ ਦਿਲ ਇਸ ਗੱਲ ਨੂੰ ਅਪਨਾਉਣ ਲਈ ਤਿਆਰ ਨਹੀਂ ਹੁੰਦਾ। ਕਿਸੇ ਗੱਲ ਨੂੰ ਸਿੱਖਣ ਲਈ ਅਤੇ ਅਪਨਾਉਣ ਲਈ ਦਿਮਾਗ਼ ਨਾਲੋਂ ਦਿਲ ਨੂੰ ਮਨਾਉਣਾ ਬਹੁਤ ਔਖਾ ਹੈ। ਇਹ ਇਕ ਬਹੁਤ ਵੱਡੀ ਸਮੱਸਿਆ ਹੈ ਜਿਸਨੂੰ ਜਿੱਤਣਾ ਸੌਖਾ ਨਹੀਂ। ਦਿਲ ਮਾੜੀਆਂ ਗੱਲਾਂ ਸਿੱਖਣ ਲਈ ਝੱਟ ਮੰਨ ਜਾਂਦਾ ਹੈ ਪਰ ਚੰਗੀਆਂ ਗੱਲਾਂ ਸਿੱਖਣ ਲਈ ਬਹੁਤ ਔਖਾ ਤਿਆਰ ਹੁੰਦਾ ਹੈ। ਆਮ ਤੌਰ ’ਤੇ ਬੱਚੇ ਗਾਲਾਂ ਝੱਟ ਸਿੱਖ ਜਾਂਦੇ ਹਨ। ਪਰ ਚੰਗੀ ਗੱਲ ਸਿਖਾਉਣ ਲਈ ਉਨ੍ਹਾਂ ਨੂੰ ਵਾਰ-ਵਾਰ ਸਮਝਾਉਣਾ ਪੈਂਦਾ ਹੈ।

ਕੁਝ ਸਿੱਖਣ ਵਿੱਚ ਅੱਖਾਂ ਤਾਂ ਕੰਨਾਂ ਨਾਲੋਂ ਵੀ ਜ਼ਿਆਦਾ ਕੰਮ ਕਰਦੀਆਂ ਹਨ। ਅਸੀਂ ਦੂਜਿਆਂ ਵਲ ਦੇਖ ਕੇ ਬੇਅੰਤ ਗੱਲਾਂ, ਢੰਗ, ਤਰਤੀਬਾਂ ਆਦਿ ਸਿੱਖ ਸਕਦੇ ਹਾਂ। ਜਦੋਂ ਅਸੀਂ ਕਿਸੇ ਇਨਸਾਨ ਨੂੰ ਕੰਮ ਕਰਦਾ ਦੇਖਦੇ ਹਾਂ ਅਤੇ ਸਾਨੂੰ ਉਹ ਕੰਮ ਦਿਲਚਸਪ ਲਗਦਾ ਹੈ ਤਾਂ ਅਸੀਂ ਬਹੁਤ ਤੀਬਰਤਾ ਅਤੇ ਧਿਆਨ ਨਾਲ ਉਸ ਇਨਸਾਨ ਨੂੰ ਕੰਮ ਕਰਦਾ ਦੇਖ ਕੇ ਸਿੱਖ ਸਕਦੇ ਹਾਂ। ਪਰ ਜਦੋਂ ਸਾਨੂੰ ਕਿਸੇ ਦੇ ਕੰਮ ਵਿੱਚ ਦਿਲਚਸਪੀ ਨਾ ਹੋਵੇ ਤਾਂ ਅਸੀਂ ਉਸਦੇ ਕੰਮ ਵਲ ਬਿਲਕੁਲ ਧਿਆਨ ਨਹੀਂ ਦਿੰਦੇ। ਜਦੋਂ ਅਸੀਂ ਕਿਸੇ ਨੂੰ ਦੂਜਿਆਂ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆਉਂਦਿਆਂ ਦੇਖਦੇ ਹਾਂ ਤਾਂ ਅਸੀਂ ਉਸਨੂੰ ਦੇਖ ਕੇ ਹੀ ਇਹ ਗੱਲ ਸਿੱਖ ਸਕਦੇ ਹਾਂ। ਜਦੋਂ ਅਸੀਂ ਕਿਸੇ ਵਿੱਚ ਪਿਆਰ, ਸਹਿਨਸ਼ੀਲਤਾ, ਨਿਮਰਤਾ ਆਦਿ ਦੇਖਦੇ ਹਾਂ ਤਾਂ ਇਹ ਗੱਲਾਂ ਅਸੀਂ ਦੇਖਣ ਨਾਲ ਹੀ ਅਪਣਾ ਸਕਦੇ ਹਾਂ। ਪਰ ਇਨ੍ਹਾਂ ਗੱਲਾਂ ਨੂੰ ਅਪਨਾਉਣ ਲਈ ਸਾਨੂੰ ਆਪਣੇ ਦਿਲ ਨੂੰ ਮਨਾਉਣਾ ਪਵੇਗਾ। ਜਦੋਂ ਅਸੀਂ ਦੂਸਰੇ ਲੋਕਾਂ ਨੂੰ ਗੁੱਸੇ ਵਿੱਚ ਆਉਂਦਿਆਂ ਦੇਖਦੇ ਹਾਂ ਜਾਂ ਮੁਸਕਰਾਉਂਦਿਆਂ ਦੇਖਦੇ ਹਾਂ ਤਾਂ ਅਸੀਂ ਆਪਣਾ ਦਿਮਾਗ਼

ਵਰਤ ਕੇ ਸੋਚ ਸਕਦੇ ਹਾਂ ਕਿ ਇਨ੍ਹਾਂ ਵਿਚੋਂ ਕਿਹੜੀ ਗੱਲ ਸਾਡੇ ਲਈ ਅਪਨਾਉਣੀ ਚੰਗੀ ਹੈ। ਪਰ ਦਿਲ ਫਿਰ ਵੀ ਬਹੁਤੀ ਵਾਰ ਮੁਸਕਰਾਹਟ ਨੂੰ ਅਪਨਾਉਣ ਦੀ ਵਜਾਏ ਗੁੱਸੇ ਨੂੰ ਅਪਨਾਉਣ ਵਿੱਚ ਜ਼ਿਆਦਾ ਦਿਲਚਸਪੀ ਦਿਖਾਉਂਦਾ ਹੈ। ਕਈ ਵਾਰ ਅਸੀਂ ਕਿਸੇ ਇਨਸਾਨ ਨੂੰ ਬਹੁਤ ਖ਼ੂਬਸੂਰਤੀ ਨਾਲ ਆਪਣੇ ਆਪ ਨੂੰ ਸਜਾਇਆ ਦੇਖਦੇ ਹਾਂ ਤਾਂ ਸਾਡੀ ਵੀ ਇੱਛਾ ਹੁੰਦੀ ਹੈ ਕਿ ਅਸੀਂ ਵੀ ਉਸ ਇਨਸਾਨ ਵਰਗੇ ਬਣੀਏ। ਜਦੋਂ ਅਸੀਂ ਕਿਸੇ ਇਨਸਾਨ ਨੂੰ ਚੰਗੇ ਕੰਮ ਕਰਦੇ ਦੇਖਦੇ ਹਾਂ ਤਾਂ ਸਾਡੇ ਬਹੁਤਿਆਂ ਦੇ ਮਨ ਵਿੱਚ ਆਉਂਦਾ ਹੈ ਕਿ ਅਸੀਂ ਵੀ ਇਸ ਇਨਸਾਨ ਵਰਗੇ ਚੰਗੇ ਕੰਮ ਕਰੀਏ। ਜਦੋਂ ਅਸੀਂ ਕਿਸੇ ਨੂੰ ਸ਼ਰਾਬ ਪੀ ਕੇ ਡਿਗਿਆ ਦੇਖਦੇ ਹਾਂ ਤਾਂ ਝੱਟ ਸਾਡੇ ਮਨ ਵਿੱਚ ਆਉਂਦਾ ਹੈ ਕਿ ਅਸੀਂ ਇਸ ਇਨਸਾਨ ਵਰਗੇ ਨਹੀਂ ਬਣਨਾ। ਜਦੋਂ ਅਸੀਂ ਕਿਸੇ ਇਨਸਾਨ ਨੂੰ ਮਾੜੇ ਕੰਮ ਕਰਨ ਕਾਰਨ ਸਜ਼ਾ ਭੁਗਤਦਾ ਦੇਖਦੇ ਹਾਂ ਤਾਂ ਸਾਡੇ ਮਨ ਵਿੱਚ ਆਉਂਦਾ ਹੈ ਕਿ ਅਸੀਂ ਇਹੋ ਜਿਹੇ ਕੰਮਾਂ ਤੋਂ ਦੂਰ ਹੀ ਰਹਿਣਾ ਹੈ। ਪਰ ਫਿਰ ਵੀ ਕਈ ਵਾਰ ਦਿਲ ਸਾਨੂੰ ਧੋਖਾ ਦੇ ਦਿੰਦਾ ਹੈ ਅਤੇ ਅਸੀਂ ਮਾੜੇ ਕੰਮ ਕਰਦੇ ਹਾਂ। ਭਾਵ ਕਿ ਅਸੀਂ ਦੂਜੇ ਲੋਕਾਂ ਨੂੰ ਦੇਖ ਕੇ ਸਿੱਖਦੇ ਜ਼ਰੂਰ ਹਾਂ ਕਿ ਕਿਨ੍ਹਾਂ ਗੱਲਾਂ ਨੂੰ ਸਾਨੂੰ ਅਪਨਾਉਣਾ ਚਾਹੀਦਾ ਹੈ ਅਤੇ ਕਿਨ੍ਹਾਂ ਨੂੰ ਨਹੀਂ ਅਪਨਾਉਣਾ ਚਾਹੀਦਾ। ਪਰ ਇਹ ਸਮਝਦਿਆਂ ਹੋਇਆਂ ਵੀ ਸਾਡਾ ਦਿਲ ਸਾਨੂੰ ਧੋਖਾ ਦੇ ਜਾਂਦਾ ਹੈ।

ਅਸੀਂ ਉਦੋਂ ਹੀ ਕੁਝ ਸਿੱਖ ਸਕਦੇ ਹਾਂ ਜਦੋਂ ਸਾਡੇ ਵਿੱਚ ਕੁਝ ਸਿੱਖਣ ਦੀ ਇੱਛਾ ਅਤੇ ਚਾਹ ਹੋਵੇ। ਜੇ ਕੁਝ ਸਿੱਖਣ ਦੀ ਇੱਛਾ ਹੀ ਨਾ ਹੋਵੇ ਤਾਂ ਕੁਝ ਨਹੀਂ ਸਿੱਖਿਆ ਜਾ ਸਕਦਾ। ਕਈ ਵਾਰ ਸਾਡੀ ਇੱਛਾ ਵੀ ਸਾਨੂੰ ਧੋਖਾ ਦੇ ਜਾਂਦੀ ਹੈ। ਜੇ ਸਾਨੂੰ ਕੋਈ ਆਖੇ ਕਿ ਆ ਆਪਾਂ ਸੈਰ ਕਰਕੇ ਆਈਏ, ਥੋੜ੍ਹੀ ਕਸਰਤ ਹੋ ਜਾਵੇਗੀ ਤਾਂ ਅਸੀਂ ਕਹਿ ਦਿੰਦੇ ਹਾਂ, "ਯਾਰ ਜੀਅ ਨਹੀਂ ਕਰਦਾ। ਬਹੁਤ ਥਕਾਵਟ ਹੋਈ ਹੋਈ ਹੈ।" ਪਰ ਜੇ ਉਸੇ ਵੇਲੇ ਉਹ ਇਨਸਾਨ ਕਹੇ, "ਸ਼ੇਰੇ ਦੇ ਘਰ ਪਾਰਟੀ ਹੋ ਰਹੀ ਹੈ। ਖ਼ੂਬ ਸ਼ਰਾਬ ਚਲੇਗੀ। ਆ ਚਲੀਏ।" ਤਾਂ ਸਾਡੇ ਵਿਚੋਂ ਬਹੁਤਿਆਂ ਦੀ ਥਕਾਵਟ ਉਸੇ ਵੇਲੇ ਜਾਂਦੀ ਰਹੇਗੀ ਅਤੇ ਅਸੀਂ ਜਾਣ ਲਈ ਝੱਟ-ਪੱਟ ਤਿਆਰ ਹੋ ਜਾਵਾਂਗੇ। ਸੋ ਇਹ ਸਾਡੀ ਕੁਝ ਕਰਨ ਜਾਂ ਨਾ ਕਰਨ ਦੀ, ਅਤੇ ਕੁਝ ਸਿੱਖਣ ਜਾਂ ਨਾ ਸਿੱਖਣ ਦੀ ਇੱਛਾ ਹੈ।

ਬਹੁਤੀ ਵਾਰ ਅਸੀਂ ਆਪਣੇ ਤੋਂ ਅਹੁਦੇ ਵਿੱਚ ਵੱਡਿਆਂ ਨਾਲੋਂ ਛੋਟਿਆਂ ਤੋਂ ਜ਼ਿਆਦਾ ਸਿੱਖ ਸਕਦੇ ਹਾਂ। ਅਹੁਦੇ ਵਿੱਚ ਵੱਡਿਆਂ ਤੋਂ ਤਾਂ ਜ਼ਿਆਦਾ ਤੌਰ 'ਤੇ ਆਕੜ ਅਤੇ ਹੰਕਾਰ ਹੀ ਸਿੱਖਣ ਵਿੱਚ ਮਿਲਦਾ ਹੈ। ਕਦੇ ਕਦੇ ਕੋਈ ਚੰਗੀ ਗੱਲ ਵੀ ਮਿਲ ਜਾਂਦੀ ਹੈ। ਪਰ ਛੋਟਿਆਂ ਤੋਂ ਬਹੁਤ ਕੁਝ ਸਿੱਖਣ ਲਈ ਮਿਲ ਜਾਂਦਾ ਹੈ ਜੇ ਅਸੀਂ ਸਿੱਖਣ ਲਈ ਤਿਆਰ ਹੋਈਏ। ਅਹੁਦੇ ਵਿੱਚ ਛੋਟਿਆਂ ਤੋਂ ਪਿਆਰ, ਹਲੀਮੀ, ਸਹਿਨਸ਼ੀਲਤਾ, ਨਿਮਰਤਾ ਆਦਿ ਸਿੱਖਣ ਲਈ ਆਮ ਮਿਲਦੇ ਹਨ। ਅਮੀਰਾਂ ਤੋਂ ਸਾਨੂੰ ਲਾਲਚ, ਮਾਇਆ ਨਾਲ ਪਿਆਰ ਕਰਨਾ, ਹੇਰਾ ਫੇਰੀਆਂ ਅਤੇ ਠਗੀਆਂ ਕਰਨੀਆਂ ਆਦਿ ਦੀ ਸਿੱਖਿਆ ਆਮ ਮਿਲਦੀ ਹੈ। ਪਰ ਗਰੀਬਾਂ ਤੋਂ ਥੋੜ੍ਹੀ ਚੀਜ਼ ਨਾਲ ਗੁਜ਼ਾਰਾ ਕਰਨ, ਸਬਰ, ਹਰ ਚੀਜ਼ ਲਈ ਵਾਹਿਗੁਰੂ ਦਾ ਸ਼ੁਕਰ ਕਰਨਾ ਅਤੇ ਸਾਦੀ ਜ਼ਿੰਦਗੀ ਬਤੀਤ ਕਰਨ ਦੀ ਸਿੱਖਿਆ ਮਿਲਦੀ ਹੈ। ਮੈਂ ਆਪਣੀ 25-26 ਸਾਲਾਂ ਦੀ ਪੜ੍ਹਾਉਣ ਦੀ ਜ਼ਿੰਦਗੀ ਵਿੱਚ ਜਿੰਨਾ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ ਉਸ ਤੋਂ ਵੱਧ ਉਨ੍ਹਾਂ ਤੋਂ ਸਿੱਖਿਆ ਹੈ। ਮੈਂ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਕਹਿੰਦਾ ਹਾਂ ਕਿ ਜੇ ਉਹ ਮੇਰੇ ਵਿੱਚ ਕੋਈ ਖਾਮੀਆਂ ਦੇਖਣ ਤਾਂ ਬਿਨਾਂ ਝਿਜਕ ਆ ਕੇ ਮੈਨੂੰ ਦੱਸਣ। ਮੇਰੇ ਵਿਦਿਆਰਥੀਆਂ ਨੇ ਇਸ ਤਰ੍ਹਾਂ ਮੈਨੂੰ ਮੇਰੀਆਂ ਬਹੁਤ ਸਾਰੀਆਂ ਖਾਮੀਆਂ ਦਾ ਅਹਿਸਾਸ ਕਰਾਇਆ



ਹੈ। ਇਨ੍ਹਾਂ ਵਿਚੋਂ ਦੋ ਗੱਲਾਂ ਦਾ ਜ਼ਿਕਰ ਕਰਦਾ ਹਾਂ। ਪਹਿਲੀ ਗੱਲ ਤਾਂ ਉਦੋਂ ਦੀ ਹੈ ਜਦੋਂ ਮੈਂ ਹਾਲੇ ਅਮਰੀਕਾ ਵਿੱਚ ਪੜ੍ਹਾਉਣਾ ਸ਼ੁਰੂ ਹੀ ਕੀਤਾ ਸੀ। ਬਹੁਤੇ ਪੰਜਾਬੀਆਂ ਵਾਂਗ ਮੈਂ ਵੀ ਯੀਰੋ ਨੂੰ ਜੀਰੋ ਹੀ ਕਹਿੰਦਾ ਸੀ। ਥੋੜ੍ਹੇ ਹਫਤਿਆਂ ਬਾਅਦ ਹੀ ਮੇਰੇ ਇਕ ਵਿਦਿਆਰਥੀ ਨੇ ਮੈਨੂੰ ਇਸ ਗਲਤੀ ਦਾ ਅਹਿਸਾਸ ਕਰਾਇਆ। ਇਸ ਨਾਲ ਮੈਂ ਕਈ ਸ਼ਬਦਾਂ ਦਾ ਉਚਾਰਣ ਠੀਕ ਕੀਤਾ। ਦੂਜੀ ਗੱਲ ਕੋਈ ਪੰਦਰਾਂ ਕੁ ਸਾਲ ਪੁਰਾਣੀ ਹੈ। ਮੈਂ ਯੂਨੀਵਰਸਿਟੀ ਵਿੱਚ ਹੀ ਇਕ ਪਾਰਟੀ ਵਿੱਚ ਖਾਣਾ ਖਾ ਰਿਹਾ ਸੀ। ਮੇਰੀ ਇਕ ਵਿਦਿਆਰਥਣ ਮੈਨੂੰ ਇਕੱਲੇ ਨੂੰ ਕਹਿਣ ਲੱਗੀ, "ਡਾਕਟਰ ਮਾਨ, ਖਾਣਾ ਮੂੰਹ ਖੋਲ੍ਹ ਕੇ ਨਹੀਂ ਖਾਈਦਾ। ਬੁੱਲ੍ਹ ਬੰਦ ਰੱਖਕੇ ਖਾਣਾ ਚਿੱਥਣਾ ਚਾਹੀਦਾ।" ਮੈਂ ਉਸਦਾ ਇਸ ਗੱਲ ਲਈ ਬਹੁਤ ਹੀ ਧੰਨਵਾਦ ਕੀਤਾ। ਬਾਅਦ ਵਿੱਚ ਵੀ ਜਦੋਂ ਉਹ ਕਦੇ ਮੈਨੂੰ ਮਿਲੀ ਤਾਂ ਮੈਂ ਉਸਦਾ ਇਸ ਗੱਲ ਲਈ ਧੰਨਵਾਦ ਕੀਤਾ। ਇਸ ਘਟਨਾ ਤੋਂ ਬਾਅਦ ਮੈਂ ਬਹੁਤ ਲੋਕਾਂ ਨੂੰ ਖਾਣਾ ਖਾਂਦਿਆਂ ਬੜੇ ਧਿਆਨ ਨਾਲ ਦੇਖਿਆ ਹੈ। ਤੁਹਾਨੂੰ ਅਮਰੀਕਨ ਲੋਕ ਮੂੰਹ ਬੰਦ ਕਰਕੇ ਖਾਂਦੇ ਦਿਸਣਗੇ। ਪਰ ਹਿੰਦੋਸਤਾਨੀ ਲੋਕ ਆਮ ਤੌਰ 'ਤੇ ਮੂੰਹ ਖੋਲ੍ਹ ਕੇ ਖਾਂਦੇ ਹੀ ਨਜ਼ਰ ਆਉਣਗੇ। ਜੇ ਤੁਸੀਂ ਉਨ੍ਹਾਂ ਵਲ ਝਾਤੀ ਮਾਰੋ ਤਾਂ ਤੁਹਾਨੂੰ ਉਨ੍ਹਾਂ ਦੇ ਮੂੰਹ ਵਿੱਚ ਚਿੱਥਿਆ ਜਾ ਰਿਹਾ ਖਾਣਾ ਦਿਸੇਗਾ।

ਜਦੋਂ ਅਸੀਂ ਸਿਰਫ਼ ਆਪਣੀ ਸ਼ਲਾਘਾ ਅਤੇ ਵਾਹ ਵਾਹ ਸੁਣਨ ਦੇ ਆਦੀ ਬਣ ਜਾਈਏ ਤਾਂ ਅਸੀਂ ਬਿਲਕੁਲ ਕੁਝ ਨਹੀਂ ਸਿੱਖ ਸਕਦੇ। ਅਸੀਂ ਉਦੋਂ ਹੀ ਸਿੱਖ ਸਕਦੇ ਹਾਂ ਜਦੋਂ ਕੋਈ ਸਾਡੇ ਨੁਕਸ ਸਾਨੂੰ ਦੱਸੇ ਅਤੇ ਸਾਡੀ ਆਲੋਚਨਾ ਕਰੇ ਅਤੇ ਅਸੀਂ ਇਸਨੂੰ ਪਿਆਰ ਨਾਲ ਸਵੀਕਾਰ ਕਰਨ ਲਈ ਤਿਆਰ ਹੋਈਏ। ਆਲੋਚਨਾ ਉਸਾਰੂ ਵੀ ਹੋ ਸਕਦੀ ਹੈ ਅਤੇ ਫ਼ਜ਼ੂਲ ਵੀ। ਜਦੋਂ ਕੋਈ ਕਿਸੇ ਦੀ ਆਲੋਚਨਾ ਸਿਰਫ਼ ਇਸ ਕਰਕੇ ਕਰੇ ਕਿ ਉਹ ਇਨਸਾਨ ਉਸਨੂੰ ਪਸੰਦ ਨਹੀਂ ਤਾਂ ਉਸ ਆਲੋਚਨਾ ਤੋਂ ਅਸੀਂ ਕੁਝ ਨਹੀਂ ਸਿੱਖਦੇ। ਪਰ ਜਦੋਂ ਕੋਈ ਸਹੀ ਅਰਥਾਂ ਵਿੱਚ ਕਿਸੇ ਦੇ ਔਗੁਣਾਂ ਦੀ ਗੱਲ ਕਰਕੇ ਉਸ ਵਲ ਧਿਆਨ ਦੁਆਵੇ ਤਾਂ ਅਸੀਂ ਉਸਤੋਂ ਬਹੁਤ ਕੁਝ ਸਿੱਖ ਸਕਦੇ ਹਾਂ। ਆਮ ਤੌਰ 'ਤੇ ਜਦੋਂ ਕੋਈ ਸਾਨੂੰ ਸਾਡੀਆਂ ਗਲਤੀਆਂ ਵਲ ਧਿਆਨ ਦੁਆਵੇ ਤਾਂ ਸਾਨੂੰ ਇਹ ਚੰਗਾ ਨਹੀਂ ਲੱਗਦਾ। ਪਰ ਜਦੋਂ ਕੋਈ ਝੂਠੀ ਵਾਹ ਵਾਹ ਕਰੇ ਤਾਂ ਅਸੀਂ ਫੁੱਲੇ ਨਹੀਂ ਸਮਾਉਂਦੇ। ਅਸੀਂ ਉਸ ਸ਼ਲਾਘਾ ਕਰਨ ਵਾਲੇ ਨੂੰ ਜੱਫੀਆਂ ਪਾਉਂਦੇ ਨਹੀਂ ਥੱਕਦੇ। ਸਾਨੂੰ ਦੂਜਿਆਂ ਦਾ ਮਰਾਸੀਪੁਣਾ ਬਹੁਤ ਪਸੰਦ ਆਉਂਦਾ ਹੈ। ਮੈਂ ਇੱਥੇ ਮਰਾਸੀ ਜਾਤ ਦੀ ਗੱਲ ਨਹੀਂ ਕਰ ਰਿਹਾ ਸਗੋਂ ਮਰਾਸੀਪੁਣੇ ਦੀ ਆਦਤ ਦੀ ਗੱਲ ਕਰ ਰਿਹਾਂ। ਜਦੋਂ ਕੋਈ ਗਰੀਬ ਇਨਸਾਨ ਕਿਸੇ ਅਮੀਰ ਨੂੰ ਕਹੇ, "ਸਰਦਾਰ ਜੀ ਤੁਸੀਂ ਤਾਂ ਰੱਬ ਹੋ। ਅਸੀਂ ਤਾਂ ਤੁਹਾਡਾ ਦਿੱਤਾ ਹੀ ਖਾਂਦੇ ਹਾਂ। ਤੁਹਾਡੇ ਵਰਗਾ ਦਿਆਲੂ ਇਨਸਾਨ ਤਾਂ ਦੁਨੀਆਂ ਵਿੱਚ ਹੀ ਨਹੀਂ ਲੱਭਣਾ।" ਤਾਂ ਉਸ ਅਮੀਰ ਦੀਆਂ ਨਾਸਾਂ ਹੋਰ ਵੀ ਫੁੱਲ ਜਾਂਦੀਆਂ ਹਨ। ਇਹੋ ਜਿਹੀਆਂ ਤਾਰੀਫ਼ਾਂ ਸੁਣਨ ਵਾਲਾ ਇਨਸਾਨ ਆਪਣੀ ਆਲੋਚਨਾ ਕਦੋਂ ਸੁਣ ਸਕੇਗਾ ?

ਜ਼ਿੰਦਗੀ ਵਿੱਚ ਕੁਝ ਸਿੱਖਣ ਲਈ ਪੜ੍ਹਨਾ ਬਹੁਤ ਜ਼ਰੂਰੀ ਹੈ। ਚੰਗੀਆਂ ਕਿਤਾਬਾਂ, ਅਖ਼ਬਾਰਾਂ, ਰਸਾਲੇ, ਅਤੇ ਅੱਜ ਕਲ੍ਹ ਇੰਟਰਨੈਟ ਆਦਿ ਪੜ੍ਹ ਕੇ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ। ਆਮ ਲੋਕਾਂ ਦੀ ਗੱਲ ਤਾਂ ਕੀ ਕਰਨੀ ਹੈ, ਪੰਜਾਬੀ ਦੇ ਬਹੁਤ ਸਾਰੇ ਲੇਖਕ ਵੀ ਲਿਖਦੇ ਜ਼ਿਆਦਾ ਹਨ ਅਤੇ ਪੜ੍ਹਦੇ ਬਹੁਤ ਘੱਟ ਹਨ। ਕਈ ਤਾਂ ਸਿਰਫ ਲਿਖਣ 'ਤੇ ਹੀ ਜ਼ੋਰ ਦਿੰਦੇ ਹਨ, ਪੜ੍ਹਦੇ ਬਿਲਕੁਲ ਹੀ ਨਹੀਂ। ਬਹੁਤ ਸਾਰੇ ਲੋਕ ਜੋ ਕਿਤਾਬਾਂ ਵਗੈਰਾ ਪੜ੍ਹਦੇ ਹਨ, ਉਹ ਸਿਰਫ਼ ਦਿਲ ਖੁਸ਼ ਕਰਨ ਵਾਲੀਆਂ ਕਿਤਾਬਾਂ ਹੀ ਪੜ੍ਹਦੇ ਹਨ। ਜਿਵੇਂ ਸਿਹਤ ਨੂੰ ਠੀਕ ਰੱਖਣ ਲਈ ਚੰਗੀ ਖੁਰਾਕ ਦੀ ਲੋੜ ਹੈ,

ਇਸੇ ਤਰ੍ਹਾਂ ਦਿਮਾਗ਼ ਨੂੰ ਠੀਕ ਰੱਖਣ ਲਈ ਚੰਗੀਆਂ ਲਿਖ਼ਤਾਂ ਪੜ੍ਹਣ ਦੀ ਜ਼ਰੂਰਤ ਹੈ।

(ਅਕਤੂਬਰ 1, 2007)

## ਹਮ ਹੈਂ ਹਿੰਦੁਸਤਾਨੀ!-ਭਾਗ ਦੂਜਾ।

ਇਕ : ਹੁਣੇ ਹੁਣੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਜਨਮ ਸ਼ਤਾਬਦੀ ਮਨਾਈ ਗਈ ਹੈ। ਦੁਨੀਆਂ ਭਰ ਵਿੱਚ ਜਸ਼ਨ ਕੀਤੇ ਗਏ। ਅਨੇਕਾਂ ਸਭਿਆਚਾਰਕ ਪ੍ਰੋਗਰਾਮ ਵੀ ਕੀਤੇ ਗਏ। ਇਨ੍ਹਾਂ ਪ੍ਰੋਗਰਾਮਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਗਏ। ਇਹ ਬਹੁਤੇ ਪ੍ਰੋਗਰਾਮ ਤਾਂ ਸਿਰਫ਼ ਪ੍ਰਬੰਧਕਾਂ, ਵਜ਼ੀਰਾਂ ਅਤੇ ਰਾਜਨੀਤਕ ਲੀਡਰਾਂ ਨੂੰ ਉਪਰ ਚੁੱਕਣ ਲਈ ਕੀਤੇ ਗਏ ਸਨ। ਜ਼ਿਆਦਾਤਰ ਇਹੋ ਜਿਹੇ ਪ੍ਰੋਗਰਾਮ ਆਮ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਹੀ ਹੁੰਦੇ ਹਨ। ਥੋੜ੍ਹੇ ਜਿਹੇ ਦਿਨ ਨਾਹਰੇ ਮਾਰੇ, ਤਕਰੀਰਾਂ ਕੀਤੀਆਂ, ਵਾਅਦੇ ਕੀਤੇ, ਲੋਕਾਂ ਨੂੰ ਸਬਜ਼-ਬਾਗ ਦਿਖਾਏ, ਅਤੇ ਆਪਣੀ ਬੱਲੇ ਬੱਲੇ ਕਰਵਾਈ। ਥੋੜ੍ਹੇ ਦਿਨ ਲੰਘੇ ਤਾਂ ਕਿਹੜੇ ਵਾਅਦੇ, ਕਿਹੜੇ ਸਬਜ਼-ਬਾਗ, ਅਤੇ ਕੌਣ ਭਗਤ ਸਿੰਘ! ਇਹ ਹੈ ਸਾਡਾ ਹਿੰਦੁਸਤਾਨੀਆਂ ਦਾ ਹਾਲ! ਕਿੰਨੇ ਕੁ ਨਾਹਰੇ ਹਨ ਜਿਨ੍ਹਾਂ ਨੂੰ ਅਸਲੀਅਤ ਦਾ ਰੂਪ ਦਿੱਤਾ ਗਿਆ ਹੈ ਜਾਂ ਦਿੱਤਾ ਜਾਵੇਗਾ? ਕਿੰਨੇ ਕੁ ਹਨ ਰਾਜਨੀਤਕਾਂ ਦੇ ਕੀਤੇ ਵਾਅਦੇ ਜੋ ਯਾਦ ਰੱਖੇ ਗਏ ਹਨ ਜਾਂ ਯਾਦ ਰੱਖੇ ਜਾਣਗੇ ਅਤੇ ਕਿੰਨੇ ਕੁ ਹਨ ਵਾਅਦੇ ਜੋ ਪੂਰੇ ਕੀਤੇ ਗਏ ਹਨ ਜਾਂ ਪੂਰੇ ਕੀਤੇ ਜਾਣਗੇ? ਕਿੰਨੀ ਕੁ ਸੰਭਾਲ ਕੀਤੀ ਜਾਂਦੀ ਹੈ ਸ਼ਹੀਦਾਂ ਦੇ ਨਾਂ 'ਤੇ ਬਣਾਈਆਂ ਯਾਦਗਾਰਾਂ ਦੀ? ਕਿੰਨਾ ਕੁ ਅੱਗੇ ਤੋਰਿਆ ਜਾਂਦਾ ਹੈ ਇਨ੍ਹਾਂ ਸ਼ਹੀਦਾਂ ਦੇ ਟੀਚਿਆਂ ਅਤੇ ਸੁਨੇਹਿਆਂ ਨੂੰ? ਕਿੰਨਾ ਕੁ ਅਮਲ ਕੀਤਾ ਜਾਂਦਾ ਹੈ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ? ਇਨ੍ਹਾਂ ਗੱਲਾਂ ਨੂੰ ਸੋਚਣ ਵਿਚਾਰਨ ਦੀ ਲੋੜ ਹੈ। ਕੀ ਇਹੀ ਪੈਸਾ ਜੋ ਰਾਜਨੀਤਕ ਲੀਡਰਾਂ ਨੇ ਭਗਤ ਸਿੰਘ ਦੇ ਨਾਂ 'ਤੇ ਆਪਣੇ ਆਪ ਨੂੰ ਚਮਕਾਉਣ ਲਈ ਵਰਤਿਆ ਹੈ, ਅਸੀਂ ਭਗਤ ਸਿੰਘ ਵਰਗੇ ਯੋਧਿਆਂ ਦੇ ਸੁਨੇਹਿਆਂ ਨੂੰ ਪੂਰਾ ਕਰਨ 'ਤੇ ਵਰਤਦੇ ਤਾਂ ਚੰਗਾ ਨਹੀਂ ਸੀ? ਇਹੀ ਪੈਸਾ ਭਗਤ ਸਿੰਘ ਦੇ ਨਾਂ 'ਤੇ ਕੋਈ ਸਕੂਲ ਜਾਂ ਕਾਲਜ ਬਣਾਉਣ 'ਤੇ ਵਰਤਦੇ ਤਾਂ ਚੰਗਾ ਨਹੀਂ ਸੀ? ਰਾਜਨੀਤਕ ਲੀਡਰ ਤਾਂ ਹੁਣ ਤੱਕ ਭੁੱਲ ਗਏ ਹੋਣੇ ਹਨ ਕਿ ਭਗਤ ਸਿੰਘ ਕੌਣ ਸੀ ਅਤੇ ਉਸਦੇ ਨਾਂ 'ਤੇ ਉਨ੍ਹਾਂ ਨੇ ਕੀ ਕੀ ਵਾਅਦੇ ਕੀਤੇ ਸਨ!

ਦੋ : ਬਹੁਤ ਸਾਰੇ ਹਿੰਦੁਸਤਾਨੀ ਅੰਗਰੇਜ਼ੀ ਬੋਲਨ ਵਿੱਚ ਬਹੁਤ ਹੀ ਫ਼ਖ਼ਰ ਅਤੇ ਮਹੱਤਤਾ ਮਹਿਸੂਸ ਕਰਦੇ ਹਨ ਭਾਵੇਂ ਅੰਗਰੇਜ਼ੀ ਚੰਗੀ ਤਰ੍ਹਾਂ ਆਉਂਦੀ ਹੋਵੇ ਜਾਂ ਨਾ। ਮੇਰੇ ਵਰਗੇ ਪਰਵਾਸੀ ਭਾਰਤੀ ਜਦੋਂ ਹਿੰਦੁਸਤਾਨ ਜਾਂਦੇ ਹਨ ਤਾਂ ਅਸੀਂ ਭਾਵੇਂ ਪੰਜਾਬੀ ਹੀ ਬੋਲੀਏ ਪਰ ਕਈ ਹਿੰਦੁਸਤਾਨ ਵਿੱਚ ਰਹਿੰਦੇ ਇਨਸਾਨ ਤਾਂ ਸਾਡੇ ਨਾਲ ਅੰਗਰੇਜ਼ੀ ਬੋਲਣਗੇ। ਕਈ ਵਾਰ ਪਰਵਾਸੀ ਵੀ ਅੰਗਰੇਜ਼ੀ ਤੋਂ ਘੱਟ ਕਿਸੇ ਬੋਲੀ ਵਿੱਚ ਗੱਲ ਕਰਨਾ ਆਪਣੀ ਹੇਠੀ ਸਮਝਦੇ ਹਨ। ਚਲੋ ਕਦੇ ਕਦਾਈਂ ਕੋਈ ਸ਼ਬਦ ਜਾਂ ਵਾਕ ਅੰਗਰੇਜ਼ੀ ਵਿੱਚ ਵਰਤ ਲਿਆ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ। ਪਰ ਜਦੋਂ ਗੱਲਾਂ ਕਰਨ ਵਾਲੇ ਸਾਰੇ ਇਨਸਾਨ ਹੀ ਪੰਜਾਬੀ ਜਾਂ ਹਿੰਦੀ ਬੋਲੀਆਂ ਅੰਗਰੇਜ਼ੀ ਨਾਲੋਂ ਵਧੀਆ ਸਮਝ ਸਕਦੇ ਹੋਣ ਤਾਂ ਫਿਰ ਅੰਗਰੇਜ਼ੀ ਵਿੱਚ ਗੱਲ ਕਰਨ ਦੀ ਕੀ ਲੋੜ ਹੈ? ਜਿਹੜੀ ਬੋਲੀ ਸਾਨੂੰ ਜ਼ਿਆਦਾ ਚੰਗੀ ਤਰ੍ਹਾਂ ਆਉਂਦੀ ਹੈ ਕਿਉਂ ਨਾ ਉਸ ਬੋਲੀ ਵਿੱਚ ਗੱਲ ਕੀਤੀ ਜਾਵੇ ਜੇ ਗੱਲਾਂ ਕਰਨ ਵਾਲੇ ਸਾਰੇ ਇਨਸਾਨ ਉਸ ਬੋਲੀ ਨੂੰ ਸਮਝ ਸਕਦੇ ਹੋਣ। ਅੱਜ ਕਲ੍ਹ ਤਾਂ ਹਿੰਦੀ-ਪੰਜਾਬੀ ਵਿੱਚ ਬਣਨ ਵਾਲੀਆਂ ਬਹੁਤੀਆਂ



ਫਿਲਮਾਂ ਵਿੱਚ ਵੀ ਬੇਹੱਦ ਅੰਗਰੇਜ਼ੀ ਬੋਲੀ ਜਾਂਦੀ ਹੈ ਭਾਵੇਂ ਇਨ੍ਹਾਂ ਫਿਲਮਾਂ ਦੇ ਅੱਧੇ ਦਰਸ਼ਕ ਅੰਗਰੇਜ਼ੀ ਨਾ ਹੀ ਜਾਣਦੇ ਹੋਣ। ਫਿਰ ਇਨ੍ਹਾਂ ਫਿਲਮਾਂ ਦੇ ਅਦਾਕਾਰ ਜਦੋਂ ਕਿਸੇ ਟੀ. ਵੀ. ਵਗੈਰਾ 'ਤੇ ਬੋਲਦੇ ਹਨ ਤਾਂ ਬਹੁਤੀ ਵਾਰ ਅੰਗਰੇਜ਼ੀ ਵਿੱਚ ਹੀ ਬੋਲਦੇ ਹਨ। ਅੱਜ ਕਲ੍ਹ ਦੇ ਜ਼ਮਾਨੇ ਵਿੱਚ ਜਦੋਂ ਸਾਰਾ ਸੰਸਾਰ ਸੁੰਗੜ ਕੇ ਇਕ ਹੋ ਰਿਹਾ ਹੈ, ਅੰਗਰੇਜ਼ੀ ਆਉਣੀ ਬਹੁਤ ਹੀ ਜ਼ਰੂਰੀ ਹੈ ਖਾਸ ਕਰ ਕੇ ਜੇ ਤੁਸੀਂ ਬਦੇਸ਼ਾਂ ਵਿੱਚ ਜਾ ਕੇ ਕੰਮ ਕਰਨਾ ਹੈ, ਅੰਤਰ-ਰਾਸ਼ਟਰੀ ਸੰਸਥਾਵਾਂ ਲਈ ਕੰਮ ਕਰਨਾ ਹੈ, ਜਾਂ ਫਿਰ ਸਿਰਫ਼ ਘੁੰਮਣ ਫਿਰਨ ਲਈ ਹੀ ਦੂਸਰੇ ਮੁਲਕਾਂ ਵਿੱਚ ਜਾਣਾ ਹੈ। ਪਰ ਇਸਦਾ ਅਰਥ ਇਹ ਨਹੀਂ ਕਿ ਅਸੀਂ ਹਰ ਵੇਲੇ ਅਤੇ ਹਰ ਥਾਂ ਹੀ ਅੰਗਰੇਜ਼ੀ ਵਿੱਚ ਹੀ ਗੱਲ ਕਰੀਏ। ਹੋਰਨਾਂ ਦੀ ਗੱਲ ਤਾਂ ਕੀ ਕਰਨੀ ਹੈ, ਹੁਣ ਤਾਂ ਪੰਜਾਬ ਵਿੱਚ ਵਸਦੇ ਬਹੁਤ ਸਾਰੇ ਆਪਣੇ ਆਪ ਨੂੰ ਪੰਜਾਬੀ ਦੇ ਮੁਦਈ ਅਖਵਾਉਣ ਵਾਲਿਆਂ ਦੇ ਘਰਾਂ ਵਿੱਚ ਵੀ ਅੰਗਰੇਜ਼ੀ ਬੋਲੀ ਜਾਂਦੀ ਹੈ। ਪੰਜਾਬ ਦੇ ਕਾਲਜਾਂ ਵਿੱਚ ਬਹੁਤ ਸਾਰੇ ਭਾਸ਼ਣ ਵੀ ਅੰਗਰੇਜ਼ੀ ਵਿੱਚ ਕੀਤੇ ਜਾਂਦੇ ਹਨ ਭਾਵੇਂ ਵਿਦਿਆਰਥੀਆਂ ਨੂੰ ਸਮਝ ਆਉਣ ਜਾਂ ਨਾ।

ਤਿੰਨ : ਜੇ ਤੁਸੀਂ ਹਿੰਦੀ ਪੰਜਾਬੀ ਫਿਲਮਾਂ ਦੇਖੋ ਤਾਂ ਬਹੁਤ ਵਾਰੀ ਤੁਹਾਨੂੰ ਅਮਰੀਕਨ ਝੰਡਾ ਝੁਲਾਇਆ ਕਿਤੇ ਨਾ ਕਿਤੇ ਦਿਸ ਪਵੇਗਾ। ਕਈ ਵਾਰੀ ਤਾਂ ਕਿਸੇ ਨਾ ਕਿਸੇ ਅਦਾਕਾਰ ਨੇ ਅਮਰੀਕਨ ਝੰਡੇ ਦੀ ਕਮੀਜ਼, ਟੋਪੀ, ਰੁਮਾਲ, ਜਾਂ ਪੈਂਟ ਵਗੈਰਾ ਬਣਾ ਕੇ ਵੀ ਪਹਿਨ ਰੱਖੀ ਹੋਵੇਗੀ। ਹੁਣੇ ਜਿਹੇ ਮੈਂ ਇਕ ਪੰਜਾਬੀ ਦੇ ਗੀਤ ਦੀ ਡੀ. ਵੀ. ਡੀ. ਵਿੱਚ ਵੀ ਅਮਰੀਕਨ ਝੰਡਾ ਲਹਿਰਾਉਂਦਾ ਦੇਖਿਆ ਹੈ। ਹਿੰਦੁਸਤਾਨ ਵਿੱਚ ਬਣਦੀਆਂ ਫਿਲਮਾਂ ਵਿੱਚ ਅਮਰੀਕਨ ਝੰਡਾ ਕਿਉਂ ਲਹਿਰਾਇਆ ਜਾਂਦਾ ਹੈ, ਮੈਨੂੰ ਇਸਦੀ ਸਮਝ ਨਹੀਂ ਆਉਂਦੀ। ਇਹ ਲੋਕ ਹਿੰਦੀ-ਪੰਜਾਬੀ ਫਿਲਮਾਂ ਵਿੱਚ ਹਿੰਦੁਸਤਾਨੀ ਝੰਡਾ ਦਿਖਾਉਣ ਤੋਂ ਕਿਉਂ ਸ਼ਰਮਿੰਦਗੀ ਮਹਿਸੂਸ ਕਰਦੇ ਹਨ ਅਤੇ ਬਦੇਸ਼ੀ ਝੰਡੇ ਦਿਖਾਉਣ ਵਿੱਚ ਕਿਉਂ ਫ਼ਖ਼ਰ ਮਹਿਸੂਸ ਕਰਦੇ ਹਨ।

ਚਾਰ : ਪੰਜਾਬ ਨੂੰ ਅਸੀਂ ਜਿੱਥੇ ਪੀਰਾਂ, ਪੈਗੰਬਰਾਂ, ਗੁਰੂਆਂ, ਦਰਵੇਸ਼ਾਂ, ਸ਼ਹੀਦਾਂ, ਯੋਧਿਆਂ, ਸੂਰਬੀਰਾਂ ਅਤੇ ਦੇਸ਼ ਭਗਤਾਂ ਦੀ ਧਰਤੀ ਆਖਦੇ ਹਾਂ, ਉਥੇ ਇਹ ਆਸ਼ਕਾਂ, ਮਸ਼ੂਕਾਂ, ਹੀਰਾਂ, ਸੋਹਣੀਆਂ, ਸੱਸੀਆਂ, ਸਾਹਿਬਾਂ, ਰਾਂਝਿਆਂ, ਮਹੀਂਵਾਲਾਂ, ਅਤੇ ਮਿਰਜ਼ਿਆਂ ਦੀ ਧਰਤੀ ਵੀ ਅਖਵਾਉਂਦੀ ਹੈ। ਅਸੀਂ ਸਾਰੇ ਪੰਜਾਬੀ ਹੀ ਇਨ੍ਹਾਂ ਆਸ਼ਕਾਂ-ਮਾਸ਼ੂਕਾਂ ਦੇ ਕਿੱਸੇ ਪੜ੍ਹਦੇ ਹਾਂ, ਇਨ੍ਹਾਂ ਬਾਰੇ ਰੋਜ਼ ਗੀਤ ਸੁਣਦੇ ਹਾਂ, ਅਤੇ ਇਨ੍ਹਾਂ ਦੀਆਂ ਕਹਾਣੀਆਂ ਪਾਉਂਦੇ ਹਾਂ। ਸੋਭਾ ਸਿੰਘ ਦੀ ਸੋਹਣੀ-ਮਹੀਂਵਾਲ ਦੀ ਬਣਾਈ ਤਸਵੀਰ ਸ਼ਾਇਦ ਪੰਜਾਬ ਵਿੱਚ ਸਭ ਤੋਂ ਵੱਧ ਵਿਕਣ ਵਾਲੀ ਤਸਵੀਰ ਹੈ। ਵਾਰਿਸ ਦੀ ਹੀਰ ਪੰਜਾਬੀ ਵਿੱਚ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਵਿੱਚੋਂ ਪਹਿਲੇ ਜਾਂ ਦੂਜੇ ਨੰਬਰ 'ਤੇ ਹੈ। ਹੀਰ ਅਤੇ ਸੋਹਣੀ ਉੱਤੇ ਤਾਂ ਹਿੰਦੀ ਅਤੇ ਪੰਜਾਬੀ ਵਿੱਚ ਕਈ ਫਿਲਮਾਂ ਵੀ ਬਣ ਚੁੱਕੀਆਂ ਹਨ। ਹਿੰਦੁਸਤਾਨ ਵਿੱਚ ਬਣਨ ਵਾਲੀਆਂ ਬਹੁਤੀਆਂ ਫਿਲਮਾਂ ਵੀ ਸਿਰਫ਼ ਪਿਆਰ ਦੀ ਦਾਸਤਾਨ ਹੀ ਹੁੰਦੀਆਂ ਹਨ ਅਤੇ ਇਸ ਤੋਂ ਬਿਨ੍ਹਾਂ ਕੁਝ ਹੋਰ ਕੰਮ ਦੀ ਚੀਜ਼ ਕਿਸੇ ਕਿਸੇ ਫਿਲਮ ਵਿੱਚ ਹੀ ਹੁੰਦੀ ਹੈ। ਹਿੰਦੁਸਤਾਨੀ ਫਿਲਮਾਂ ਵਿੱਚ ਜਦੋਂ ਕਿਸੇ ਦੇ ਪਿਆਰ ਦੀ ਜਿੱਤ ਹੁੰਦੀ ਹੈ ਤਾਂ ਸਾਰੇ ਦਰਸ਼ਕ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ ਅਤੇ ਤਾਲੀਆਂ ਵਜਾਉਂਦੇ ਹਨ। ਪਰ ਜਦੋਂ ਇਹੋ ਜਿਹੀ ਵਾਰਦਾਤ ਆਪਣੇ ਘਰ ਵਿੱਚ ਵਾਪਰੇ ਤਾਂ ਸਾਡੇ ਵਿਚੋਂ ਬਹੁਤੇ ਇਸਨੂੰ ਬਰਦਾਸ਼ਤ ਨਹੀਂ ਕਰਦੇ। ਖਾਸ ਕਰਕੇ ਆਪਣੀਆਂ ਲੜਕੀਆਂ ਨੂੰ ਅਸੀਂ ਹੀਰ ਦੇ ਰਾਹ 'ਤੇ ਤੁਰਦਿਆਂ ਦੇਖ ਕੇ ਬਿਲਕੁਲ ਨਹੀਂ ਸਹਿੰਦੇ। ਪੰਜਾਬ ਵਿੱਚ ਕਈ ਪਰਿਵਾਰ

ਤਾਂ ਪਿਆਰ ਦੇ ਰਾਹ 'ਤੇ ਤੁਰਦੀਆਂ ਆਪਣੀਆਂ ਲੜਕੀਆਂ ਨੂੰ ਮਾਰਨ ਤੋਂ ਵੀ ਦਰੇਗ ਨਹੀਂ ਕਰਦੇ। ਇਹ ਦੋਗਲਾਪਣ ਕਿਉਂ ? ਹੁਣ ਕੁਝ ਸਾਲਾਂ ਤੋਂ ਤਾਂ ਹਿੰਦੁਸਤਾਨ ਵਿੱਚ ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰਨ ਦਾ ਜੁਰਮ ਵੀ ਪ੍ਰਚਲਤ ਹੋ ਗਿਆ ਹੈ। ਆਖਿਰ ਇਹੋ ਜਿਹੇ ਵਤੀਰੇ ਅਸੀਂ ਕਦੋਂ ਤੱਕ ਪ੍ਰਚਲਤ ਰੱਖਾਂਗੇ ਅਤੇ ਸਹਿਣ ਕਰਦੇ ਰਹਾਂਗੇ ?

ਹਿੰਦੁਸਤਾਨ ਵਿੱਚ ਬਹੁਤ ਕੁਝ ਬਦਲਣ ਦੀ ਲੋੜ ਹੈ। ਸਾਨੂੰ ਬਹੁਤ ਸਾਰੇ ਇਹੋ ਜਿਹੇ ਭਗਤ ਸਿੰਘਾਂ ਦੀ ਲੋੜ ਹੈ ਜੋ ਇਨ੍ਹਾਂ ਗੱਲਾਂ ਵਿੱਚ ਸਾਡੀ ਅਗਵਾਈ ਕਰ ਸਕਣ ਅਤੇ ਇਹ ਤਬਦੀਲੀਆਂ ਸ਼ਾਂਤਮਈ ਢੰਗ ਨਾਲ ਲਿਆ ਸਕਣ।

(ਨਵੰਬਰ 2, 2007)

## ਸਾਡੀਆਂ ਆਦਤਾਂ, ਸਾਡੇ ਸੁਭਾਅ-ਭਾਗ ਪਹਿਲਾ ਬੇਈਮਾਨੀ, ਚੋਰ-ਬਜ਼ਾਰੀ ਅਤੇ ਹੇਰਾ ਫੇਰੀ!

ਕਿਸੇ ਵੇਲੇ ਹਿੰਦੁਸਤਾਨ ਇਮਾਨਦਾਰੀ ਲਈ ਮਸ਼ਹੂਰ ਸੀ। ਮੇਰੀ ਉਮਰ ਦੇ ਲੋਕਾਂ ਨੇ ਵੀ 1947 ਦੀ ਵੰਡ ਤੋਂ ਕਾਫ਼ੀ ਬਾਅਦ ਈਮਾਨਦਾਰੀ ਦੀ ਝਲਕ ਦੇਖੀ ਹੈ। ਪਰ ਆਜ਼ਾਦੀ ਤੋਂ ਬਾਅਦ ਹੌਲੀ ਹੌਲੀ ਹਿੰਦੁਸਤਾਨ ਨੂੰ ਬੇਈਮਾਨੀ, ਚੋਰ-ਬਜ਼ਾਰੀ, ਹੇਰਾ ਫੇਰੀ ਆਦਿ ਨੇ ਆਪਣੀ ਜਕੜ ਵਿੱਚ ਅਜਿਹਾ ਜਕੜਿਆ ਕਿ ਇਹ ਬੀਮਾਰੀ ਦਿਨ-ਬ-ਦਿਨ ਵਧਦੀ ਹੀ ਗਈ ਹੈ ਅਤੇ ਰੋਜ਼ਾਨਾ ਹੀ ਇਸਦੀ ਲਪੇਟ ਵਿੱਚ ਆਏ ਲੋਕਾਂ ਦੀ ਗਿਣਤੀ ਦੁਗਣੀ ਚੌਗੁਣੀ ਹੁੰਦੀ ਗਈ ਹੈ। ਮੁਆਫ਼ ਕਰਨਾ ਪਰ ਇਹ ਗੱਲ ਬਿਲਕੁਲ ਠੀਕ ਹੈ ਕਿ ਹਿੰਦੁਸਤਾਨ ਦੀ ਗੱਲ ਤਾਂ ਹੁਣ ਬਿਲਕੁਲ ਪੰਜਾਬੀ ਦੇ ਹੇਠਲੇ ਮੁਹਾਵਰੇ ਵਰਗੀ ਹੋ ਗਈ ਹੈ:

ਚੋਰ ਉਚੱਕਾ ਚੌਧਰੀ, ਗੁੰਡੀ ਰੰਨ ਪ੍ਰਧਾਨ।

ਹਰ ਇਨਸਾਨ ਪੈਸੇ ਦੀ ਦੌੜ ਵਿੱਚ ਹੋਰ ਅੱਗੇ ਵਧਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਸ ਦੌੜ ਵਿੱਚ ਉਹ ਹਰ ਹੀਲੇ ਨਾਲ ਪੈਸਾ ਇਕੱਠਾ ਕਰਨ ਦਾ ਯਤਨ ਕਰ ਰਿਹਾ ਹੈ। ਇਸ ਬੀਮਾਰੀ ਤੋਂ ਬਹੁਤ ਥੋੜ੍ਹੇ ਲੋਕ ਹੀ ਬਚੇ ਹੋਏ ਹਨ ਅਤੇ ਇਨ੍ਹਾਂ ਵਿਚਾਰਿਆਂ ਦੀ ਕੋਈ ਪੇਸ਼ ਨਹੀਂ ਚਲਦੀ। ਬਹੁਤੇ ਰਾਜਨੀਤਕ ਲੀਡਰ ਅਤੇ ਬਹੁਤ ਸਾਰੇ ਅਫ਼ਸਰ ਤਾਂ ਇਸ ਰਿਸ਼ਵਤਖੋਰੀ ਦੇ ਚਿੱਕੜ ਵਿੱਚ ਬਹੁਤ ਬੁਰੀ ਤਰ੍ਹਾਂ ਖੁੱਭੇ ਹੋਏ ਹੀ ਨਹੀਂ ਸਗੋਂ ਗਰਕੇ ਹੋਏ ਹਨ। ਜਿਹੜੇ ਈਮਾਨਦਾਰ ਹਨ, ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ। ਅੱਜ ਦੇ ਹਿੰਦੁਸਤਾਨ ਵਿੱਚ ਇਹੋ ਜਿਹੇ ਈਮਾਨਦਾਰਾਂ ਦਾ ਜੀਣਾ ਸੌਖਾ ਨਹੀਂ। ਜਿਹੜੇ ਅਫ਼ਸਰ ਰਿਸ਼ਵਤਾਂ ਨਹੀਂ ਲੈਂਦੇ ਅਤੇ ਅਗਾਂਹ ਲੀਡਰਾਂ ਨੂੰ ਹਿੱਸਾ ਨਹੀਂ ਦਿੰਦੇ, ਆਮ ਤੌਰ 'ਤੇ ਉਨ੍ਹਾਂ ਦੀਆਂ ਤਬਦੀਲੀਆਂ ਇਹੋ ਜਿਹੇ ਥਾਵੀਂ ਕਰ ਦਿੱਤੀਆਂ ਜਾਂਦੀਆਂ ਹਨ ਜਿੱਥੇ ਉਨ੍ਹਾਂ ਦੀ ਕੋਈ ਵੁੱਕਤ ਨਹੀਂ ਹੁੰਦੀ। ਈਮਾਨਦਾਰ ਰਾਜਨੀਤਕ ਲੀਡਰ ਅਤੇ ਅਫ਼ਸਰ ਅੱਜ ਦੇ ਮਾਹੌਲ ਵਿੱਚ ਅਸਾਨੀ ਨਾਲ ਚਲ ਹੀ ਨਹੀਂ ਸਕਦੇ।

ਹਿੰਦੁਸਤਾਨ ਵਿੱਚ ਬੇਈਮਾਨੀਆਂ ਕਰਨ ਵਾਲੇ ਲੋਕ ਤਾਂ ਦੂਜਿਆਂ ਦੀਆਂ ਜਾਨਾਂ ਨਾਲ ਵੀ ਖੇਡਣ ਤੋਂ ਗੁਰੇਜ਼ ਨਹੀਂ ਕਰਦੇ। ਖਾਣ ਵਾਲੀਆਂ ਚੀਜ਼ਾਂ ਵਿੱਚ ਇਹੋ ਜਿਹੀਆਂ ਮਿਲਾਵਟਾਂ ਕਰਦੇ ਹਨ ਕਿ ਅਸੀਂ ਸੋਚ ਵੀ ਨਹੀਂ ਸਕਦੇ। ਇਨ੍ਹਾਂ ਲੋਕਾਂ ਦਾ ਚਰਿੱਤਰ ਇੰਨਾ ਗਿਰ ਚੁੱਕਾ ਹੈ ਕਿ ਅਸੀਂ ਇਨ੍ਹਾਂ



ਨੂੰ ਇਨਸਾਨ ਵੀ ਨਹੀਂ ਆਖ ਸਕਦੇ। ਮੈਂ ਦੁੱਧ ਵਿੱਚ ਸਿਆਹੀ ਚੂਸਣ ਵਾਲੇ ਪੇਪਰ ਨੂੰ ਰਗੜ ਕੇ ਪਾਏ ਜਾਣ ਦੀਆਂ ਗੱਲਾਂ ਸੁਣੀਆਂ ਹਨ। ਹੁਣੇ ਹੁਣੇ ਦਿਵਾਲੀ 'ਤੇ ਪੰਜਾਬ ਵਿੱਚ ਸੈਂਕੜੇ ਟਨ ਬਨਾਵਟੀ ਖੋਆ ਫੜੇ ਜਾਣ ਦੀਆਂ ਖ਼ਬਰਾਂ ਪੜ੍ਹੀਆਂ ਅਤੇ ਸੁਣੀਆਂ ਹਨ। ਪੇਪਰਾਂ ਵਿੱਚ ਕਈ ਸੜਕਾਂ ਕਈ ਵਾਰ ਬਣਦੀਆਂ ਅਤੇ ਟੁੱਟਦੀਆਂ ਦਿਖਾਈਆਂ ਜਾਂਦੀਆਂ ਹਨ ਪਰ ਅਸਲੀਅਤ ਵਿੱਚ ਇਹ ਕਦੇ ਵੀ ਨਹੀਂ ਬਣੀਆਂ, ਸਿਰਫ ਟੁੱਟੀਆਂ ਹੀ ਰਹਿੰਦੀਆਂ ਹਨ। ਇਹੋ ਜਿਹੀਆਂ ਹੋਰ ਵੀ ਸੈਂਕੜੇ ਘਟਨਾਵਾਂ ਸੁਣੀਆਂ ਅਤੇ ਪੜ੍ਹੀਆਂ ਹਨ।

ਕੋਈ ਜ਼ਮਾਨਾ ਸੀ ਅਧਿਆਪਕਾਂ ਨੂੰ ਗੁਰੂ ਦਾ ਰੁਤਬਾ ਦਿੱਤਾ ਜਾਂਦਾ ਸੀ ਅਤੇ ਉਹ ਈਮਾਨਦਾਰੀ ਦਾ ਸਿਖਰ ਸਮਝੇ ਜਾਂਦੇ ਸਨ। ਪਰ ਹੁਣ ਇਸ ਕਿੱਤੇ ਵਿੱਚ ਵੀ ਬੇਹੱਦ ਬੇਈਮਾਨੀ ਆ ਘੁਸੀ ਹੈ। ਸਾਡੇ ਵੇਲਿਆਂ ਵਿੱਚ ਸਕੂਲ ਤੋਂ ਬਾਅਦ ਅਧਿਆਪਕ ਮੁਫ਼ਤ ਵਾਧੂ ਸਮਾਂ ਲਾ ਕੇ ਪੜ੍ਹਾਉਂਦੇ ਹੁੰਦੇ ਸਨ। ਹੁਣ ਜੇ ਇਹ ਗੱਲ ਕਿਸੇ ਨੂੰ ਦੱਸੀਏ ਤਾਂ ਉਨ੍ਹਾਂ ਨੇ ਯਕੀਨ ਨਹੀਂ ਕਰਨਾ ਹਾਲਾਂਕਿ ਇਹ ਗੱਲ ਸਿਰਫ਼ 30-40 ਸਾਲ ਪੁਰਾਣੀ ਹੈ। ਅੱਜ ਕਲ੍ਹ ਵੀ ਬਹੁਤ ਸਾਰੇ ਅਧਿਆਪਕ ਬਹੁਤ ਈਮਾਨਦਾਰ ਹਨ। ਪਰ ਕਾਫ਼ੀ ਅਧਿਆਪਕ ਹਨ ਜੋ ਸਕੂਲਾਂ ਵਿੱਚ ਘੱਟ ਪੜ੍ਹਾਉਂਦੇ ਹਨ ਅਤੇ ਸਕੂਲ ਤੋਂ ਬਾਅਦ ਟਿਊਸ਼ਨਾਂ ਪੜ੍ਹਾਉਣ ਵੱਲ ਜ਼ਿਆਦਾ ਧਿਆਨ ਦਿੰਦੇ ਹਨ। ਸਭ ਮਾਇਆ ਦਾ ਚੱਕਰ ਹੈ। ਮੈਂ ਇਹੋ ਜਿਹੇ ਅਧਿਆਪਕਾਂ ਦੀਆਂ ਕਹਾਣੀਆਂ ਸੁਣੀਆਂ ਹਨ ਜੋ ਆਪਣੇ ਬੱਚਿਆਂ ਨੂੰ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਆਪ ਨਕਲ ਕਰਾਉਂਦੇ ਹਨ ਅਤੇ ਜਾਂ ਰਿਸ਼ਵਤਾਂ ਲੈ ਕੇ ਦੂਜਿਆਂ ਨੂੰ ਨਕਲ ਕਰਾਉਂਦੇ ਹਨ। ਇਕ ਵਾਰ ਜਦੋਂ ਮੈਂ ਹਿੰਦੁਸਤਾਨ ਗਿਆ ਤਾਂ ਇਕ ਵਾਕਫ਼ ਇਹ ਸੁਣ ਕੇ ਹੈਰਾਨ ਰਹਿ ਗਿਆ ਕਿ ਅਮਰੀਕਾ ਵਿੱਚ ਸਕੂਲਾਂ, ਕਾਲਜਾਂ, ਅਤੇ ਯੂਨੀਵਰਸਿਟੀਆਂ ਵਿੱਚ ਜਿਹੜੇ ਅਧਿਆਪਕ ਪੜ੍ਹਾਉਂਦੇ ਹਨ ਉਹ ਆਪ ਹੀ ਇਮਤਿਹਾਨ ਲਿਖਦੇ ਹਨ, ਆਪ ਹੀ ਵਿਦਿਆਰਥੀਆਂ ਦੇ ਇਮਤਿਹਾਨ ਲੈਂਦੇ ਹਨ, ਆਪ ਹੀ ਉਨ੍ਹਾਂ ਦੇ ਇਮਤਿਹਾਨਾਂ ਨੂੰ ਗਰੇਡ ਕਰਦੇ ਹਨ, ਅਤੇ ਆਪ ਹੀ ਆਪਣੇ ਵਿਦਿਆਰਥੀਆਂ ਨੂੰ ਗਰੇਡ ਦਿੰਦੇ ਹਨ। ਕੋਈ ਵੀ ਉਨ੍ਹਾਂ ਦੇ ਇਸ ਕੰਮ ਵਿੱਚ ਦਖ਼ਲ-ਅੰਦਾਜ਼ੀ ਨਹੀਂ ਦਿੰਦਾ। ਉਸ ਵਾਕਫ਼ ਨੇ ਪੁੱਛਿਆ, "ਫਿਰ ਤੁਹਾਡੇ ਮਨ ਵਿੱਚ ਬੇਈਮਾਨੀ ਨਹੀਂ ਆਉਂਦੀ ?" ਮੇਰਾ ਜਵਾਬ ਸੀ, "ਉਥੇ ਸਿਸਟਮ ਹੀ ਇਹੋ ਜਿਹਾ ਬਣਿਆ ਹੋਇਆ ਹੈ ਕਿ ਬੇਈਮਾਨੀ ਦਾ ਕਦੇ ਖ਼ਿਆਲ ਹੀ ਨਹੀਂ ਆਉਂਦਾ।" ਮੇਰੇ ਨਾਲ ਪੜ੍ਹਾਉਂਦੇ ਕਈ ਪ੍ਰੋਫੈਸਰਾਂ ਦੇ ਬੱਚੇ ਮੇਰੇ ਕੋਲੋਂ ਪੜ੍ਹੇ ਹਨ। ਉਨ੍ਹਾਂ ਵਿਚੋਂ ਦੋ ਕੁ ਬੱਚਿਆਂ ਨੂੰ ਮੈਂ ਫੇਲ੍ਹ ਵੀ ਕੀਤਾ ਹੈ ਅਤੇ ਕੁਝ ਬੱਚਿਆਂ ਨੂੰ ਭੈੜੇ ਗਰੇਡ ਵੀ ਦਿੱਤੇ ਹਨ ਪਰ ਅੱਜ ਤੱਕ ਇਨ੍ਹਾਂ ਬੱਚਿਆਂ ਦਾ ਕੋਈ ਵੀ ਪਿਓ ਅਧਿਆਪਕ ਮੇਰੇ ਨਾਲ ਇਸ ਗੱਲੋਂ ਨਰਾਜ਼ ਨਹੀਂ ਹੋਇਆ। ਕਦੇ ਕਿਸੇ ਨੇ ਅੱਜ ਤੱਕ ਆ ਕੇ ਮੈਨੂੰ ਇਹ ਨਹੀਂ ਕਿਹਾ, "ਇਹ ਮੇਰਾ ਲੜਕਾ/ਲੜਕੀ ਹੈ। ਥੋੜ੍ਹਾ ਖ਼ਿਆਲ ਰੱਖੀਂ।" ਇਸਦਾ ਮਤਲਬ ਇਹ ਨਹੀਂ ਕਿ ਅਮਰੀਕਾ ਦੇ ਸਾਰੇ ਅਧਿਆਪਕ ਬਿਲਕੁਲ ਈਮਾਨਦਾਰ ਹਨ। ਕੁਝ ਇਕ ਤਾਂ ਹਰ ਕਿੱਤੇ ਵਿੱਚ ਅਤੇ ਹਰ ਮੁਲਕ ਵਿੱਚ ਭੈੜੇ ਇਨਸਾਨ ਹੁੰਦੇ ਹੀ ਹਨ। ਪਰ ਅਮਰੀਕਾ ਵਿੱਚ ਪੈਸੇ ਲੈ ਕੇ ਕੋਈ ਅਧਿਆਪਕ ਕਿਸੇ ਨੂੰ ਅੱਛੇ ਗਰੇਡ ਨਹੀਂ ਦੇਵੇਗਾ। ਕਦੇ ਕਦੇ ਕੋਈ ਕੋਈ ਅਧਿਆਪਕ ਵਾਕਫ਼ੀਅਤ ਦੇ ਅਧਾਰ 'ਤੇ ਜਾਂ ਇਸ਼ਕ ਦੇ ਚੱਕਰ ਵਿੱਚ ਫਸ ਕੇ ਈਮਾਨਦਾਰੀ ਤੋਂ ਜ਼ਰੂਰ ਥਿੜਕ ਜਾਂਦਾ ਹੈ।

ਅਮਰੀਕਾ ਵਿੱਚ ਜੇ ਕਾਰ ਚਲਾਉਂਦਿਆਂ ਕੋਈ ਪੁਲੀਸ ਵਾਲਾ ਤੁਹਾਨੂੰ ਖੜ੍ਹਾ ਕਰ ਲਵੇ ਤਾਂ ਕਦੇ ਵੀ ਰਿਸ਼ਵਤ ਦੇ ਕੇ ਛੁੱਟਿਆ ਨਹੀਂ ਜਾ ਸਕਦਾ। ਕੋਈ ਦੋਸਤ ਦੱਸ ਰਿਹਾ ਸੀ ਕਿ ਇਕ

ਪੰਜਾਬੀ ਨਵਾਂ ਨਵਾਂ ਹਿੰਦੁਸਤਾਨ ਤੋਂ ਕਨੇਡਾ ਆਇਆ। ਉਹ ਕਾਰ ਗਲਤ ਚਲਾ ਰਿਹਾ ਸੀ। ਪੁਲੀਸ ਵਾਲੇ ਨੇ ਖੜ੍ਹਾ ਕਰ ਲਿਆ। ਪੁਲੀਸ ਅਫਸਰ ਨੇ ਉਸਦੇ ਕਾਰ ਦੇ ਪੇਪਰ ਅਤੇ ਉਸਦਾ ਲਾਈਸੈਂਸ ਮੰਗੇ। ਉਸ ਭੱਦਰ ਪੁਰਸ਼ ਨੇ ਕਾਗਜ਼ਾਂ ਦੇ ਨਾਲ 100 ਡਾਲਰ ਰੱਖ ਕੇ ਪੁਲੀਸ ਅਫ਼ਸਰ ਨੂੰ ਫੜਾ ਦਿੱਤੇ। ਅੱਗਿਉਂ ਪੁਲੀਸ ਵਾਲਾ 100 ਡਾਲਰ ਮੋੜਦਾ ਹੋਇਆ ਕਹਿਣ ਲੱਗਾ, "ਜੇ ਮੈਂ ਚਾਹਾਂ ਤਾਂ ਤੈਨੂੰ ਰਿਸ਼ਵਤ ਦੇਣ ਵਿੱਚ ਹੁਣੇ ਹੀ ਗ੍ਰਿਫਤਾਰ ਕਰ ਸਕਦਾ ਹਾਂ।" ਹਾਜ਼ਰ ਜਵਾਬ ਪੰਜਾਬੀ ਕਹਿਣ ਲੱਗਾ, "ਮੈਂ ਸੋਚਿਆ ਕਿ ਮੈਂ ਇੱਥੇ ਹੀ ਜੁਰਮਾਨਾ ਦੇ ਦਿਆਂ ਅਤੇ ਮੈਨੂੰ ਕਚਹਿਰੀ ਵਿੱਚ ਨਾ ਜਾਣਾ ਪਵੇ।" ਪਤਾ ਨਹੀਂ ਇਹ ਸੱਚੀ ਵਾਪਰੀ ਘਟਨਾ ਹੈ ਜਾਂ ਪੰਜਾਬੀਆਂ ਬਾਰੇ ਬਣਾਇਆ ਹੋਇਆ ਚੁਟਕਲਾ ਹੈ। ਇਸਦੇ ਬਿਲਕੁਲ ਉਲਟ, ਹਿੰਦੁਸਤਾਨ ਵਿੱਚ ਪੁਲੀਸ ਵਾਲੇ ਮੌਕੇ 'ਤੇ ਹੀ ਜ਼ੁਰਮਾਨਾ ਲੈ ਕੇ ਜੇਬ ਵਿੱਚ ਪਾਉਣ ਵਿੱਚ ਯਕੀਨ ਰੱਖਦੇ ਹਨ। ਉਹ ਤਾਂ ਹਮੇਸ਼ਾ ਸ਼ਿਕਾਰ ਦੀ ਭਾਲ ਵਿੱਚ ਰਹਿੰਦੇ ਹਨ। ਬਹੁਤ ਥੋੜ੍ਹੇ ਹੀ ਪੁਲੀਸ ਵਾਲੇ ਈਮਾਨਦਾਰ ਹਨ। ਕਈ ਸਾਲ ਪਹਿਲਾਂ ਮੈਂ ਕਾਰ ਵਿੱਚ ਪੰਜਾਬ ਤੋਂ ਦਿੱਲੀ ਏਅਰਪੋਰਟ ਨੂੰ ਜਾ ਰਿਹਾ ਸੀ। ਦਿੱਲੀ ਵੜਦਿਆਂ ਹੀ ਇਕ ਪੁਲੀਸ ਵਾਲੇ ਨੇ ਕਾਰ ਰੋਕ ਲਈ। ਸਭ ਕੁਝ ਠੀਕ ਹੁੰਦਿਆਂ ਵੀ ਕਾਰ ਇਕ ਪਾਸੇ ਲੁਆ ਲਈ ਕਿ ਦਿੱਲੀ ਵਿੱਚ ਟੈਕਸੀ ਚਲਾ ਰਹੇ ਹੋ। ਹਰ ਗੱਲ ਦੇ ਜਵਾਬ ਵਿੱਚ ਆਖੀ ਜਾਵੇ, "ਬੜੇ ਸਾਹਿਬ ਆਕਰ ਹੀ ਫੈਸਲਾ ਕਰੇਂਗੇ।" ਪਰ ਬੜੇ ਸਾਹਿਬ ਨੇ ਕਿੱਥੋਂ ਆਉਣਾ ਸੀ ? ਅਖੀਰ ਉਸਨੂੰ ਕੁਝ ਦੇ ਕੇ ਛੁਟਕਾਰਾ ਕਰਵਾਉਣਾ ਪਿਆ। ਇਸੇ ਤਰ੍ਹਾਂ ਇਕ ਵਾਰ ਤੜਕੇ ਜਿਹੇ ਜਲੰਧਰ ਤੋਂ ਅੰਮ੍ਰਿਤਸਰ ਨੂੰ ਕਾਰ ਵਿੱਚ ਜਾ ਰਿਹਾ ਸੀ ਕਿ ਰਸਤੇ ਵਿੱਚ ਨਾਕਾ ਲਾ ਕੇ ਖੜੀ ਪੁਲੀਸ ਨੇ ਕਾਰ ਰੋਕ ਲਈ। ਥਾਣੇਦਾਰ ਆਪ ਬਿਲਕੁਲ ਸ਼ਰਾਬੀ ਹੋਇਆ ਡਿਗਦਾ ਫਿਰਦਾ ਸੀ-ਲੋਕਾਂ ਸਿਰੋਂ ਪੀ ਕੇ। ਡਰਾਈਵਰ ਨੇ ਸਾਰੇ ਕਾਗ਼ਜ਼ ਦਿਖਾਏ ਜੋ ਬਿਲਕੁਲ ਠੀਕ ਸਨ। ਜਦੋਂ ਪੁਲੀਸ ਵਾਲਿਆਂ ਨੇ ਦੇਖਿਆ ਕਿ ਸਾਰੇ ਕਾਗਜ਼ ਠੀਕ ਹਨ ਤਾਂ ਉਨ੍ਹਾਂ ਨੂੰ ਹੱਥੋਂ ਸ਼ਿਕਾਰ ਨਿਕਲਦਾ ਚੰਗਾ ਨਾ ਲੱਗਾ। ਸ਼ਰਾਬੀ ਹੋਇਆ ਥਾਣੇਦਾਰ ਰੋਟੀ ਪਾਣੀ ਲਈ ਕੁਝ ਦੇ ਕੇ ਜਾਣ ਲਈ ਮਿੰਨਤਾਂ ਹੀ ਕਰਨ ਲੱਗ ਪਿਆ। ਪਰ ਅਸੀਂ ਉਸਨੂੰ ਕੁਝ ਨਾ ਦਿੱਤਾ। ਇਹ ਹਾਲਤ ਹੈ ਹਿੰਦੁਸਤਾਨ ਵਿੱਚ ਦੇਸ਼ ਦੇ ਰਾਖਿਆਂ ਦੀ।

ਅਸੀਂ ਹਿੰਦੁਸਤਾਨੀਆਂ ਨੇ ਤਾਂ ਬਾਹਰਲੇ ਮੁਲਕਾਂ ਵਿੱਚ ਆ ਕੇ ਵੀ ਹੇਰਾ ਫੇਰੀ ਅਤੇ ਬੇਈਮਾਨੀ ਨਹੀਂ ਛੱਡੀ। ਇਕ ਪਾਸੇ ਬੇਰੁਜ਼ਗਾਰੀ ਭੱਤਾ ਲੈਣਾ ਅਤੇ ਦੂਜੇ ਪਾਸੇ ਨਕਦ ਪੈਸੇ ਲੈ ਕੇ ਕੰਮ ਕਰਨਾ ਕਈ ਹਿੰਦੁਸਤਾਨੀਆਂ ਦਾ ਕੰਮ ਹੈ। ਬਹੁਤ ਸਾਰੇ ਵੱਡੇ ਵੱਡੇ ਧਨਾਢ ਹਿੰਦੁਸਤਾਨੀ ਇਨ੍ਹਾਂ ਮੁਲਕਾਂ ਵਿੱਚ ਪੁਲੀਸ ਅਫ਼ਸਰਾਂ, ਜੱਜਾਂ, ਅਤੇ ਰਾਜਨੀਤਕ ਲੀਡਰਾਂ ਨੂੰ ਕ੍ਰਿਸਮਿਸ 'ਤੇ ਬਹੁਤ ਮਹਿੰਗੇ ਮਹਿੰਗੇ ਤੋਹਫ਼ੇ ਦਿੰਦੇ ਹਨ ਤਾਂ ਜੋ ਲੋੜ ਪੈਣ ਵੇਲੇ ਇਨ੍ਹਾਂ ਤੋਂ ਕੰਮ ਲਿਆ ਜਾ ਸਕੇ। ਭਾਵੇਂ ਤੋਹਫ਼ੇ ਰਿਸ਼ਵਤ ਵਿੱਚ ਨਹੀਂ ਗਿਣੇ ਜਾਂਦੇ ਪਰ ਜਦੋਂ ਇਹ ਸਿਰਫ਼ ਭਵਿੱਖ ਵਿੱਚ ਆਪਣਾ ਕੰਮ ਕਢਵਾਉਣ ਲਈ ਦਿੱਤੇ ਜਾਣ ਤਾਂ ਇਹ ਇਕ ਕਿਸਮ ਦੀ ਰਿਸ਼ਵਤ ਹੀ ਬਣ ਜਾਂਦੇ ਹਨ। ਹੁਣ ਅਮਰੀਕਾ ਵਰਗੇ ਮੁਲਕਾਂ ਵਿੱਚ ਵੀ ਬੇਈਮਾਨੀ ਵਧਦੀ ਜਾ ਰਹੀ ਹੈ। ਕਾਰਨ ਹੈ ਬਾਹਰੋਂ ਹਿੰਦੁਸਤਾਨ , ਰੂਸ, ਇਟਲੀ, ਅਤੇ ਹੋਰ ਪੂਰਬੀ ਯੂਰਪ, ਅਫਰੀਕਾ ਅਤੇ ਏਸ਼ੀਆਂ ਤੋਂ ਹਰ ਸਾਲ ਆਉਂਦੇ ਲੋਕ ਜਿਨ੍ਹਾਂ ਵਿੱਚੋਂ ਕਈ ਬੇਈਮਾਨੀ, ਚੋਰ ਬਜ਼ਾਰੀ, ਅਤੇ ਹੇਰਾ ਫੇਰੀ ਨੂੰ ਆਪਣੇ ਨਾਲ ਹੀ ਲੈ ਆਉਂਦੇ ਹਨ। ਪਰ ਫ਼ਰਕ ਇੰਨਾ ਹੈ ਕਿ ਅਮਰੀਕਾ ਵਰਗੇ ਮੁਲਕਾਂ ਵਿੱਚ ਜੇ ਕੋਈ ਗਲਤ ਕੰਮ ਕਰਦਾ ਫੜਿਆ ਜਾਵੇ ਤਾਂ ਉਹ ਆਮ ਤੌਰ 'ਤੇ ਛੁੱਟਦਾ ਨਹੀਂ। ਬਹੁਤ ਸਾਰੇ ਮਸ਼ਹੂਰ ਰਾਜਨੀਤਕ ਅਤੇ ਧਾਰਮਿਕ ਲੀਡਰ ਹੇਰਾ ਫੇਰੀਆਂ ਲਈ



ਜੇਲ੍ਹ ਗਏ ਹਨ। ਹੁਣੇ ਹੁਣੇ ਦੋ ਸੂਬਿਆਂ ਦੇ ਸਾਬਕਾ ਗਵਰਨਰ ਜੇਲ੍ਹ ਭੇਜੇ ਗਏ ਹਨ ਰਿਸ਼ਵਤ ਲੈਣ ਲਈ। ਹਿੰਦੁਸਤਾਨ ਵਿੱਚ ਕਿੰਨੇ ਕੁ ਰਾਜਨੀਤਕ ਜਾਂ ਧਾਰਮਿਕ ਲੀਡਰ ਜੇਲ੍ਹ ਗਏ ਹਨ ? ਹਿੰਦੁਸਤਾਨ ਵਿੱਚ ਤਾਂ ਸ਼ਰ੍ਹੇਆਮ ਨਸਲੀ ਦੰਗੇ ਕਰਵਾ ਕੇ ਅਤੇ ਹਜ਼ਾਰਾਂ ਇਨਸਾਨ ਮਰਵਾ ਕੇ ਵੀ ਰਾਜਨੀਤਕ ਲੀਡਰ ਸਿਰਫ਼ ਅਜ਼ਾਦੀ ਨਾਲ ਘੁੰਮ ਹੀ ਨਹੀਂ ਰਹੇ ਸਗੋਂ ਚੋਣਾਂ ਵਿੱਚ ਵੀ ਜਿੱਤਦੇ ਹਨ।

ਹਿੰਦੁਸਤਾਨ ਵਿੱਚੋਂ ਬਾਹਰ ਆਉਂਦੇ ਕਈ ਗੀਤਕਾਰ ਅਤੇ ਰਾਜਨੀਤਕ ਅਤੇ ਧਾਰਮਿਕ ਲੀਡਰ ਆਪਣੇ ਨਾਲ ਪੈਸੇ ਲੈ ਕੇ ਬੰਦਿਆਂ ਨੂੰ ਲੈ ਆਉਂਦੇ ਹਨ ਜਿਹੜੇ ਫਿਰ ਕਦੇ ਵੀ ਵਾਪਸ ਨਹੀਂ ਜਾਂਦੇ। ਹੁਣੇ ਜਿਹੇ ਕੁਝ ਪੰਜਾਬੀ ਹਿੰਦੁਸਤਾਨ ਤੋਂ ਨਸ਼ੇ ਲੈ ਕੇ ਬਾਹਰ ਨੂੰ ਆਉਂਦੇ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ। ਬਹੁਤ ਸਾਰੇ ਪੰਜਾਬੀ ਗਭਰੂ ਜੋ ਕਨੇਡਾ ਤੋਂ ਅਮਰੀਕਾ ਨੂੰ ਟਰੱਕ ਚਲਾਉਂਦੇ ਹਨ, ਇਨ੍ਹਾਂ ਟਰੱਕਾਂ ਵਿੱਚ ਨਸ਼ੇ ਲੈ ਕੇ ਆਉਂਦੇ ਫੜੇ ਗਏ ਅਤੇ ਅਮਰੀਕਾ ਦੀਆਂ ਜੇਲ੍ਹਾਂ ਵਿੱਚ ਸਜ਼ਾ ਭੁਗਤ ਰਹੇ ਹਨ।

ਟਰਾਂਸਪੇਰੈਂਸੀ ਇੰਟਰਨੈਸ਼ਨਲ (Transparency International) ਭ੍ਰਿਸ਼ਟਾਚਾਰ ਦੇ ਵਿਰੁੱਧ ਲੜਨ ਵਾਲੀ ਏਜੈਂਸੀ ਹੈ। ਇਹ ਏਜੈਂਸੀ ਹਰ ਸਾਲ ਹੀ ਇਕ ਸਰਵੇਖਣ ਕਰਦੀ ਹੈ ਇਹ ਦੇਖਣ ਲਈ ਕਿ ਸਾਰੇ ਮੁਲਕਾਂ ਵਿੱਚ ਕਿੰਨਾ ਕੁ ਭ੍ਰਿਸ਼ਟਾਚਾਰ ਹੈ। ਹਰ ਮੁਲਕ ਨੂੰ ਈਮਾਨਦਾਰੀ ਦੇ ਅਧਾਰ 'ਤੇ 0 ਤੋਂ 10 ਦੇ ਵਿਚਕਾਰ ਇਕ ਨੰਬਰ (index) ਨਿਯੁਕਤ ਕੀਤਾ ਜਾਂਦਾ ਹੈ। ਇੱਥੇ 0 ਨੰਬਰ ਦਾ ਅਰਥ ਹੈ ਕਿ ਇਸ ਮੁਲਕ ਵਿੱਚ ਕੋਈ ਈਮਾਨਦਾਰੀ ਨਹੀਂ, ਜਾਂ ਕਹਿ ਲਵੋ ਕਿ ਇੱਥੇ ਬੇਹੱਦ ਭ੍ਰਿਸ਼ਟਾਚਾਰ ਹੈ। ਅਤੇ 10 ਦਾ ਅਰਥ ਹੈ ਕਿ ਇੱਥੇ ਪੂਰੀ ਈਮਾਨਦਾਰੀ ਹੈ ਅਤੇ ਕੋਈ ਵੀ ਭ੍ਰਿਸ਼ਟਾਚਾਰ ਨਹੀਂ। ਸਾਲ 2007 ਦੇ ਸਰਵੇਖਣ ਅਨੁਸਾਰ, ਸਭ ਤੋਂ ਵੱਧ ਈਮਾਨਦਾਰੀ (ਜਾਣੀ ਕਿ ਘੱਟ ਭ੍ਰਿਸ਼ਟਾਚਾਰ) ਵਾਲੇ ਮੁਲਕ ਡੈਨਮਾਰਕ, ਫਿਨਲੈਂਡ, ਅਤੇ ਨਿਊਜ਼ੀਲੈਂਡ ਹਨ। ਇਨ੍ਹਾਂ ਤਿੰਨਾਂ ਮੁਲਕਾਂ ਨੂੰ 9.4 ਨੰਬਰ ਪ੍ਰਾਪਤ ਹੋਇਆ। ਸਰਵੇਖਣ ਕੀਤੇ ਗਏ 179 ਦੇਸ਼ਾਂ ਵਿੱਚ ਸਭ ਤੋਂ ਘੱਟ ਈਮਾਨਦਾਰ ਮੁਲਕ (ਜਾਣੀ ਕਿ ਸਭ ਤੋਂ ਵੱਧ ਭ੍ਰਿਸ਼ਟਾਚਾਰ ਵਾਲੇ ਮੁਲਕ) ਹਨ ਸੋਮਾਲੀਆ ਅਤੇ ਮਾਇਨਮਾਰ (ਪੁਰਾਣਾ ਬਰਮਾ)। ਇਨ੍ਹਾਂ ਦੋਹਾਂ ਮੁਲਕਾਂ ਨੂੰ 1.4 ਨੰਬਰ ਦਿੱਤਾ ਗਿਆ। ਇਨ੍ਹਾਂ 179 ਮੁਲਕਾਂ ਵਿਚੋਂ 84 ਮੁਲਕਾਂ ਵਿੱਚ ਹਿੰਦੁਸਤਾਨ ਨਾਲੋਂ ਜ਼ਿਆਦਾ ਭ੍ਰਿਸ਼ਟਾਚਾਰ ਹੈ। ਛੇ ਹੋਰ ਮੁਲਕਾਂ ਵਿੱਚ ਹਿੰਦੁਸਤਾਨ ਜਿੰਨਾ ਹੀ ਭ੍ਰਿਸ਼ਟਾਚਾਰ ਹੈ ਅਤੇ ਇਨ੍ਹਾਂ ਮੁਲਕਾਂ ਵਿੱਚ ਚੀਨ ਵੀ ਸ਼ਾਮਲ ਹੈ। ਹਿੰਦੁਸਤਾਨ ਸਣੇ ਇਨ੍ਹਾਂ ਸੱਤਾਂ ਮੁਲਕਾਂ ਨੂੰ ਸਿਰਫ਼ 3.5 ਨੰਬਰ ਮਿਲਿਆ।

ਜੇ ਚੀਨ ਵੱਲ ਦੇਖੀਏ ਤਾਂ ਲਗਦਾ ਹੈ ਕਿ ਚੀਨ ਅੰਤਰਰਾਸ਼ਟਰੀ ਪੂੰਜੀ ਨੂੰ ਖਿੱਚਣ ਲਈ ਭ੍ਰਿਸ਼ਟਾਚਾਰ ਨੂੰ ਘਟਾ ਰਿਹਾ ਹੈ। ਪਿੱਛੇ ਜਿਹੇ ਹੀ ਚੀਨ ਦੀ ਇਕ ਖਿਡੌਣੇ ਬਣਾਉਣ ਵਾਲੀ ਫੈਕਟਰੀ ਦੇ ਮੁਖੀ ਨੇ ਭ੍ਰਿਸ਼ਟਾਚਾਰ ਦੀ ਨਮੋਸ਼ੀ ਨਾ ਸਹਾਰਦਿਆਂ ਹੋਇਆਂ ਆਤਮਹੱਤਿਆ ਕਰ ਲਈ ਸੀ। ਮਈ 2007 ਨੂੰ ਚੀਨ ਵਿੱਚ ਖਾਣੇ ਅਤੇ ਦੁਆਈਆਂ ਦੇ ਵਿਭਾਗ ਦੇ 1998 ਤੋਂ 2005 ਤੱਕ ਰਹਿ ਚੁੱਕੇ ਮੁਖੀ Zheng Xiaoyu ਨੂੰ ਭ੍ਰਿਸ਼ਟਾਚਾਰ ਅਤੇ ਰਿਸ਼ਵਤਾਂ ਲੈ ਕੇ ਗਲਤ ਦੁਆਈਆਂ ਨੂੰ ਮਨਜ਼ੂਰੀ ਦੇਣ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਦਿੱਤੀ ਗਈ ਸੀ। ਅਕਤੂਬਰ 2007 ਦੀ ਇਕ ਖ਼ਬਰ ਅਨੁਸਾਰ, ਚੀਨ ਵਿੱਚ 774 ਇਨਸਾਨ ਖਾਣੇ ਵਾਲੀਆਂ ਚੀਜ਼ਾਂ, ਦੁਆਈਆਂ ਆਦਿ ਵਿੱਚ ਮਿਲਾਵਟਾਂ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਏ ਗਏ ਸਨ। ਨਵੰਬਰ 2007 ਦੇ ਅਖੀਰ ਵਿੱਚ ਚੀਨ ਦੇ ਬਹੁਤ ਅਮੀਰ ਇਨਸਾਨ zhou Zhengyi ਨੂੰ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਅਤੇ ਟੈਕਸ ਨਾ ਦੇਣ ਦੇ ਦੋਸ਼

ਵਿੱਚ 16 ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਪਰ ਹਿੰਦੁਸਤਾਨ ਇਸ ਪੱਖ ਵਿੱਚ ਹਾਲੇ ਬਹੁਤ ਪਿੱਛੇ ਹੈ। ਇਸ ਪਾਸੇ ਬਹੁਤ ਧਿਆਨ ਦੇਣ ਦੀ ਲੋੜ ਹੈ।

ਹਿੰਦੁਸਤਾਨ ਵਿੱਚ ਸਾਨੂੰ ਕਦਰਾਂ-ਕੀਮਤਾਂ ਅਤੇ ਇਨਸਾਨਾਂ ਦੇ ਚਰਿੱਤਰ ਨੂੰ ਸੁਧਾਰਨ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ। ਇਹ ਕੰਮ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਚੰਗੇ ਈਮਾਨਦਾਰ ਲੀਡਰ ਚੁਣੀਏ, ਰਿਸ਼ਵਤਖੋਰ ਅਫ਼ਸਰਾਂ ਨੂੰ ਰਿਸ਼ਵਤਾਂ ਦੇਣ ਦੀ ਥਾਂ ਉਨ੍ਹਾਂ ਦੇ ਵਿਰੁੱਧ ਰਿਪੋਰਟਾਂ ਲਿਖਾਈਏ, ਮਾਂ-ਪਿਓ ਆਪਣੇ ਬੱਚਿਆਂ ਨੂੰ ਈਮਾਨਦਾਰੀ ਸਿਖਾਉਣ। ਜੇ ਬੱਚੇ ਘਰ ਵਿੱਚ ਮਾਂ ਪਿਓ ਨੂੰ ਬੇਈਮਾਨੀਆਂ ਕਰਦੇ ਦੇਖਣ ਤਾਂ ਉਹ ਵੀ ਇਹੋ ਕੁਝ ਕਰਨਗੇ। ਸਕੂਲਾਂ ਵਿੱਚ ਵੀ ਈਮਾਨਦਾਰੀ ਸਿਖਾਉਣ ਵੱਲ ਧਿਆਨ ਦੇਣ ਦੀ ਲੋੜ ਹੈ। ਬੇਈਮਾਨੀ ਕਰਨ ਵਾਲਿਆਂ ਅਤੇ ਰਿਸ਼ਤਵਖੋਰਾਂ ਨੂੰ ਬਹੁਤ ਹੀ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਲੋਕਾਂ ਦੀਆਂ ਜਾਨਾਂ ਨਾਲ ਖੇਡਣ ਵਾਲਿਆਂ ਲਈ ਤਾਂ ਮੌਤ ਦੀ ਸਜ਼ਾ ਵੀ ਬਹੁਤ ਥੋੜ੍ਹੀ ਹੈ।

ਸਭ ਤੋਂ ਵੱਧ ਜ਼ਰੂਰਤ ਹੈ ਸਾਨੂੰ ਸੁਚੇਤ ਹੋਣ ਦੀ। ਜੇ ਅਸੀਂ ਕੋਈ ਗਲਤ ਕੰਮ ਹੁੰਦਾ ਦੇਖਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਉਸ ਵਿਰੁੱਧ ਆਵਾਜ਼ ਉਠਾਈਏ। ਚੁੱਪ ਕਰਕੇ ਬੈਠਣ ਨਾਲ ਅਤੇ ਬੇਈਮਾਨੀਆਂ ਸਹਿਣ ਨਾਲ ਅਸੀਂ ਵੀ ਉਨ੍ਹਾਂ ਲੋਕਾਂ ਦਾ ਸਾਥ ਦਿੰਦੇ ਹਾਂ।

## ਸਾਡੀਆਂ ਆਦਤਾਂ, ਸਾਡੇ ਸੁਭਾਅ: ਅਸੂਲ!

ਅਸਲ ਵਿੱਚ ਅਸੂਲ (principles) ਜ਼ਿੰਦਗੀ ਹਨ ਅਤੇ ਜ਼ਿੰਦਗੀ ਅਸੂਲ ਹੈ। ਜੇ ਸਾਡੇ ਕੋਈ ਅਸੂਲ ਨਹੀਂ ਤਾਂ ਅਸੀਂ ਇਨਸਾਨੀਅਤ ਤੋਂ ਬਹੁਤ ਦੂਰ ਹਾਂ, ਜੇ ਅਸੀਂ ਅਸੂਲਾਂ ਵਿੱਚ ਰਹਿੰਦੇ ਹਾਂ, ਤਾਂ ਅਸੀਂ ਇਨਸਾਨੀਅਤ ਦੇ ਨੇੜੇ ਹਾਂ। ਹਰ ਧਰਮ ਹੀ ਅਸੂਲਾਂ ਦੀ ਗੁਥਲੀ ਹੈ। ਧਰਮ ਸਾਨੂੰ ਬਹੁਤ ਸਾਰੇ ਅਸੂਲਾਂ ਦੇ ਵਿੱਚ ਰਹਿਣ ਦੀ ਸਿੱਖਿਆ ਦਿੰਦਾ ਹੈ। ਜੇ ਅਸੀਂ ਇਨ੍ਹਾਂ ਅਸੂਲਾਂ ਦਾ ਸਤਿਕਾਰ ਨਹੀਂ ਕਰਦੇ ਤਾਂ ਅਸੀਂ ਧਰਮ ਵਿੱਚ ਵਿਸ਼ਵਾਸ ਰੱਖਦੇ ਹੋਏ ਵੀ ਧਾਰਮਿਕ ਨਹੀਂ ਹੋ ਸਕਦੇ। ਸਿੱਖ ਧਰਮ ਦੀ ਬਾਣੀ ਜ਼ਿੰਦਗੀ ਦੇ ਅਸੂਲਾਂ ਨਾਲ ਭਰੀ ਹੋਈ ਹੈ। ਹਮੇਸ਼ਾਂ ਸੱਚ ਬੋਲਣਾ ਅਤੇ ਝੂਠ ਤੋਂ ਪਰਹੇਜ਼ ਕਰਨਾ, ਬੇਈਮਾਨੀ ਕਰਨ ਤੋਂ ਬਚਣਾ, ਵੰਡ ਕੇ ਛੱਕਣਾ, ਸੇਵਾ-ਭਾਵ, ਲੋੜਵੰਦਾਂ ਦੀ ਮੱਦਦ ਕਰਨੀ, ਰੱਬ ਦੀ ਰਜ਼ਾ ਵਿੱਚ ਰਹਿਣਾ, ਮਨ ਨੀਵਾਂ ਮੱਤ ਉੱਚੀ, ਆਦਿ ਆਦਿ ਸਭ ਜ਼ਿੰਦਗੀ ਜਿਉਣ ਦੇ ਅਸੂਲ ਕਹੇ ਜਾ ਸਕਦੇ ਹਨ। ਗੁਰੂ ਸਾਹਿਬਾਨ ਦੇ ਹੇਠ ਲਿਖੇ ਸ਼ਬਦ ਸਾਨੂੰ ਜ਼ਿੰਦਗੀ ਦੇ ਅਸੂਲ ਹੀ ਤਾਂ ਦੱਸਦੇ ਹਨ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥

ਜਾਂ

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ ॥

ਜਾਂ

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥

ਜੇ ਅਸੀਂ ਬਾਬਾ ਫ਼ਰੀਦ ਜੀ ਦੇ ਸਲੋਕ ਪੜ੍ਹੀਏ, ਉਹ ਤਾਂ ਜ਼ਿੰਦਗੀ ਦੇ ਅਸੂਲਾਂ ਨਾਲ ਇਸ ਤਰ੍ਹਾਂ ਭਰੇ ਪਏ ਹਨ ਜਿਨ੍ਹਾਂ ਦਾ ਕੋਈ ਸਾਨੀ ਨਹੀਂ। ਈਸਾਈ ਮੱਤ ਵਿੱਚ ਵੀ ਦਸ ਖਾਸ ਹੁਕਮ (ten commandments) ਹਨ ਅਤੇ ਈਸਾਈ ਮੱਤ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਇਨ੍ਹਾਂ ਨੂੰ



ਅਪਣਾਉਣਾ ਜ਼ਰੂਰੀ ਸਮਝਿਆ ਜਾਂਦਾ ਹੈ।

ਪਰ ਦੁਖਾਂਤ ਇਹ ਹੈ ਕਿ ਅਸੀਂ ਧਰਮ ਵਿੱਚ ਵਿਸ਼ਵਾਸ ਰੱਖਦੇ ਹੋਏ ਵੀ ਅਤੇ ਇਨ੍ਹਾਂ ਅਸੂਲਾਂ ਨੂੰ ਰੋਜ਼ ਪੜ੍ਹਦੇ ਸੁਣਦੇ ਹੋਏ ਵੀ ਜ਼ਿੰਦਗੀ ਵਿੱਚ ਇਨ੍ਹਾਂ ਨੂੰ ਨਹੀਂ ਅਪਣਾਉਂਦੇ। ਅਸੀਂ ਹਰ ਰੋਜ਼ ਇਨ੍ਹਾਂ ਅਸੂਲਾਂ ਨੂੰ ਤੋੜਦੇ ਹੀ ਨਹੀਂ, ਸਗੋਂ ਇਨ੍ਹਾਂ ਨੂੰ ਬੜੀ ਬੁਰੀ ਤਰ੍ਹਾਂ ਭੰਗ ਕਰ ਕੇ ਇਨ੍ਹਾਂ ਦੀ ਇਹੋ ਜਿਹੀ ਚਟਣੀ ਬਣਾਉਂਦੇ ਹਾਂ ਕਿ ਦੇਖਣ-ਸੁਣਨ ਵਾਲਿਆਂ ਦੇ ਸਿਰ ਸ਼ਰਮ ਨਾਲ ਝੁਕ ਜਾਂਦੇ ਹਨ।

ਜੇ ਅਸੀਂ ਆਪਣੇ ਆਲੇ ਦੁਆਲੇ ਦੇਖੀਏ ਤਾਂ ਅਸੀਂ ਧਾਰਮਿਕ ਅਸਥਾਨਾਂ, ਕਾਲਜਾਂ ਅਤੇ ਯੂਨੀਵਰਸਿਟੀਆਂ, ਹਸਪਤਾਲਾਂ, ਸਾਹਿਤਕ ਸੰਸਥਾਵਾਂ, ਅਤੇ ਹੋਰ ਸਭਾਵਾਂ ਵਗੈਰਾ ਦੇ ਅਹੁਦੇਦਾਰਾਂ ਨੂੰ ਇਨ੍ਹਾਂ ਸੰਸਥਾਵਾਂ ਦੇ ਅਸੂਲਾਂ ਨੂੰ ਹਰ ਰੋਜ਼ ਭੰਗ ਕਰਦੇ ਦੇਖ ਸਕਦੇ ਹਾਂ। ਸਿਰਫ਼ ਇਥੇ ਹੀ ਬੱਸ ਨਹੀਂ, ਫਿਰ ਅਸੂਲਾਂ ਦੇ ਭੰਗ ਕਰਨ ਨੂੰ ਲੁਕਾਉਣ ਲਈ ਜਾਂ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਜੋ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਦੇਖ ਸੁਣ ਕੇ ਬਾਕੀਆਂ ਨੂੰ ਸ਼ਰਮ ਆਉਣ ਲੱਗ ਪੈਂਦੀ ਹੈ। ਕਈ ਵਾਰੀ ਤਾਂ ਦੋਸਤ ਵੀ ਇਨ੍ਹਾਂ ਅਹੁਦੇਦਾਰਾਂ ਨੂੰ ਬਚਾਉਣ ਲਈ ਹਰ ਠੀਕ ਜਾਂ ਗਲਤ ਕੋਸ਼ਿਸ਼ ਕਰਦੇ ਹਨ। ਦੁਖਾਂਤ ਦੀ ਗੱਲ ਇਹ ਹੈ ਕਿ ਅਸੀਂ ਜੋ ਇਨ੍ਹਾਂ ਸੰਸਥਾਵਾਂ ਦੇ ਅਹੁਦੇਦਾਰ ਬਣ ਜਾਂਦੇ ਹਾਂ, ਇਸ ਦੀ ਬਜਾਏ ਕਿ ਇਨ੍ਹਾਂ ਸੰਸਥਾਵਾਂ ਨੂੰ ਉਪਰ ਚੁੱਕਣ ਲਈ ਠੋਸ ਕੰਮ ਕਰੀਏ, ਅਸੀਂ ਸਾਰਾ ਜ਼ੋਰ ਆਪਣੇ ਆਪ ਅਤੇ ਆਪਣੇ ਸਮਰਥਕ ਦੋਸਤਾਂ ਨੂੰ ਉਪਰ ਚੁੱਕਣ ਵਿੱਚ ਲਾ ਦਿੰਦੇ ਹਾਂ। ਧਾਰਮਿਕ ਸਥਾਨਾਂ ’ਤੇ, ਜਿੱਥੇ ਸਿਰਫ਼ ਪ੍ਰਾਰਥਨਾ ਅਤੇ ਅਰਦਾਸ ਹੀ ਹੋਣੀ ਚਾਹੀਦੀ ਹੈ, ਅਸੀਂ ਲੜਾਈਆਂ ਕਰਦੇ ਹਾਂ ਸਿਰਫ਼ ਚੌਧਰਾਂ ਖ਼ਾਤਰ। ਕਿੰਨਾ ਚੰਗਾ ਹੋਵੇ ਜੇ ਇਹ ਕੋਸ਼ਿਸ਼ਾਂ ਕੰਮ ਕਰਨ ਲਈ ਕੀਤੀਆਂ ਜਾਣ ਨਾ ਕਿ ਚੌਧਰਾਂ ਕਰਨ ਜਾਂ ਕਾਇਮ ਰੱਖਣ ਲਈ। ਬਹੁਤੇ ਅਹੁਦੇਦਾਰ ਆਪਣੇ ਆਪ ਨੂੰ ਸੇਵਾਦਾਰ ਸਮਝਣ ਦੀ ਬਜਾਏ ਰੱਬ ਸਮਝਣ ਲੱਗ ਪੈਂਦੇ ਹਨ। ਫਿਰ ਉਨ੍ਹਾਂ ਦਾ ਕੰਮ ਸਿਰਫ਼ ਆਪਣੇ ਸਮਰੱਥਕ ਦੋਸਤਾਂ ਨੂੰ ਲਾਭ ਪਹੁੰਚਾਉਣਾ ਅਤੇ ਆਪਣੇ ਵਿਰੋਧੀਆਂ ਨੂੰ ਥੱਲੇ ਲਾਉਣਾ ਹੀ ਹੁੰਦਾ ਹੈ। ਅਸੀਂ ਇਨ੍ਹਾਂ ਸੰਸਥਾਵਾਂ ਦੇ ਨੈਤਿਕਤਾ, ਈਮਾਨਦਾਰੀ, ਅਸੂਲਾਂ, ਅਤੇ ਪਵਿਤਰਤਾ (ethics, integrity, principles, and sancitity) ਵਾਲੇ ਪੱਖਾਂ ਨੂੰ ਬਿਲਕੁਲ ਭੁੱਲ ਜਾਂਦੇ ਹਾਂ। ਇਨ੍ਹਾਂ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਲਈ ਇਨ੍ਹਾਂ ਸੰਸਥਾਵਾਂ ਦੀ ਨੈਤਿਕਤਾ, ਈਮਾਨਦਾਰੀ, ਅਸੂਲਾਂ ਦੀ ਬਰਕਰਾਰੀ ਅਤੇ ਪਵਿਤਰਤਾ ਨੂੰ ਹਮੇਸ਼ਾ ਲਈ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਗੱਲਾਂ ਦੇ ਭੰਗ ਹੋਣ ਨਾਲ ਇਹ ਸੰਸਥਾਵਾਂ ਹਮੇਸ਼ਾਂ ਲਈ ਦਾਗ਼ੀ ਹੋ ਜਾਂਦੀਆਂ ਹਨ।

ਸਾਨੂੰ ਹਿੰਦੁਸਤਾਨ ਵਿੱਚ ਅਤੇ ਹਿੰਦੁਸਤਾਨ ਤੋਂ ਬਾਹਰ ਸਥਾਪਤ ਕੀਤੇ ਧਾਰਮਿਕ ਅਸਥਾਨਾਂ ਦੀ ਹਾਲਤ ਦਾ ਤਾਂ ਬਹੁਤ ਚੰਗੀ ਤਰ੍ਹਾਂ ਪਤਾ ਹੀ ਹੈ। ਇਨ੍ਹਾਂ ਅਸਥਾਨਾਂ ’ਤੇ ਜਿਸ ਤਰ੍ਹਾਂ ਲੜਾਈਆਂ ਹੁੰਦੀਆਂ ਹਨ, ਜਿਸ ਤਰ੍ਹਾਂ ਇਨ੍ਹਾਂ ਅਸਥਾਨਾਂ ਦੀ ਬੇਇੱਜ਼ਤੀ ਅਤੇ ਦੁਰਦਸ਼ਾ ਕੀਤੀ ਜਾਂਦੀ ਹੈ, ਉਹ ਬੜੇ ਸ਼ਰਮ ਵਾਲੀ ਗੱਲ ਹੈ। ਇਨ੍ਹਾਂ ਸੰਸਥਾਵਾਂ ਦੇ ਅਹੁਦੇਦਾਰ ਹਰ ਧਾਰਮਿਕ ਮੌਕੇ ’ਤੇ ਅਖ਼ਬਾਰਾਂ ਵਿੱਚ ਆਪਣਾ ਅਹੁਦਾ ਵਰਤ ਕੇ ਵਧਾਈਆਂ ਦੀਆਂ ਖ਼ਬਰਾਂ ਦਿੰਦੇ ਹਨ ਜਿਨ੍ਹਾਂ ਵਿੱਚ ਉਹ ਅਸਲ ਵਿੱਚ ਆਪਣੇ ਵਪਾਰਾਂ ਦੇ ਇਸ਼ਤਿਹਾਰ ਦਿੰਦੇ ਹਨ। ਅਸਲ ਵਿੱਚ ਅਸੂਲਾਂ ਅਨੁਸਾਰ, ਇਹ ਵਧਾਈਆਂ ਜਾਂ ਤਾਂ ਸਿਰਫ਼ ਅਹੁਦੇਦਾਰਾਂ ਵੱਲੋਂ ਹੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਜਾਂ ਫਿਰ ਆਪਣੇ ਵਪਾਰਾਂ ਵੱਲੋਂ, ਪਰ ਦੋਹਾਂ ਵਲੋਂ ਨਹੀਂ।

ਜੇ ਅਸੀਂ ਹਿੰਦੁਸਤਾਨ ਵਿੱਚ ਬਣੀਆਂ ਪੰਜਾਬੀ ਸਾਹਿਤਕ ਸੰਸਥਾਵਾਂ ਵੱਲ ਝਾਤੀ ਮਾਰੀਏ

ਤਾਂ ਕਈਆਂ ਦੇ ਅਹੁਦੇਦਾਰ ਸਿਰਫ਼ ਆਪਣੇ ਮਾਨ-ਸਨਮਾਨ ਕਰਾਉਣ, ਸਮਾਗਮਾਂ ਦੀਆਂ ਪ੍ਰਧਾਨਗੀਆਂ ਕਰਨ, ਆਪਣੇ ਦੋਸਤਾਂ ਜਾਂ ਆਸ਼ਕਾਂ-ਮਾਸ਼ੂਕਾਂ ਦੇ ਮਾਨ-ਸਨਮਾਨ ਕਰਨ ਕਰਾਉਣ ਅਤੇ ਉਨ੍ਹਾਂ ਨੂੰ ਇਨਾਮ ਦਿਵਾਉਣ ਵਿੱਚ ਇੰਨੀ ਬੁਰੀ ਤਰ੍ਹਾਂ ਫਸੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਇਨ੍ਹਾਂ ਸੰਸਥਾਵਾਂ ਲਈ ਕੋਈ ਠੋਸ ਕੰਮ ਕਰਨ ਦਾ ਚੇਤਾ ਹੀ ਨਹੀਂ ਰਹਿੰਦਾ। ਸਾਡੀ ਹਿੰਦੁਸਤਾਨੀਆਂ ਦੀ, ਅਤੇ ਖਾਸ ਕਰ ਕੇ ਪੰਜਾਬੀਆਂ ਦੀ, ਇਹ ਬਹੁਤ ਵੱਡੀ ਬਦਕਿਸਮਤੀ ਹੈ।

ਹਿੰਦੁਸਤਾਨ ਵਿੱਚ ਬਹੁਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਿਸ ਤਰ੍ਹਾਂ ਮੁਲਾਜ਼ਮਾਂ ਨੂੰ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਜਿਸ ਤਰ੍ਹਾਂ ਉਨ੍ਹਾਂ ਨਾਲ ਵਿਵਹਾਰ ਕੀਤਾ ਜਾਂਦਾ ਹੈ, ਉਸ ਤੋਂ ਬਹੁਤ ਸਾਰੇ ਲੋਕ ਜਾਣੂ ਹੀ ਹਨ। ਬਹੁਤੀ ਵਾਰੀ ਇਹੋ ਜਿਹੇ ਫੈਸਲੇ ਕਰਨ ਲਈ ਕਿਸੇ ਅਸੂਲ ਜਾਂ ਈਮਾਨਦਾਰੀ ਨੂੰ ਨੇੜੇ ਹੀ ਨਹੀਂ ਫਟਕਣ ਦਿੱਤਾ ਜਾਂਦਾ।

ਹਿੰਦੁਸਤਾਨ ਦੀ ਰਾਜਨੀਤੀ ਵਿੱਚ ਵੀ ਲੀਡਰ ਕੋਈ ਠੋਸ ਕੰਮ ਕਰਨ ਵੱਲ ਧਿਆਨ ਦੇਣ ਦੀ ਵਜਾਏ ਹਰ ਅਸੂਲ ਨੂੰ ਭੰਗ ਕਰ ਕੇ ਆਪਣੇ ਵਿਰੋਧੀਆਂ ਨੂੰ ਜੇਲ੍ਹ ਭੇਜਣ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਬਦਨਾਮ ਕਰਨ ਵਿੱਚ ਜ਼ਿਆਦਾ ਰੁੱਝੇ ਰਹਿੰਦੇ ਹਨ। ਕਿੰਨਾ ਚੰਗਾ ਹੋਵੇ ਜੇ ਇਹ ਲੀਡਰ ਜਿਨ੍ਹਾਂ ਕੰਮਾਂ ਲਈ ਚੁਣੇ ਗਏ ਹਨ ਉਨ੍ਹਾਂ ਕੰਮਾਂ ਵੱਲ ਧਿਆਨ ਦੇਣ ਅਤੇ ਬੇਈਮਾਨਾਂ ਨੂੰ ਜੇਲ੍ਹਾਂ ਵਿੱਚ ਭੇਜਣ ਦਾ ਕੰਮ ਕਚਹਿਰੀਆਂ 'ਤੇ ਛੱਡ ਦੇਣ। ਹੁਣੇ ਹੁਣੇ ਆਏ ਗੁਰਦਾਸ ਮਾਨ ਦੇ ਗੀਤ ਦੇ ਬੋਲ ਹਨ :

ਰੋਟੀ ਹੱਕ ਦੀ ਖਾਈਏ ਜੀ, ਭਾਵੇਂ ਬੂਟ ਪਾਲਸ਼ਾਂ ਕਰੀਏ।

.......................................................

ਬਾਹਰੋਂ ਕੀ ਖੱਟਣਗੇ, ਅੰਦਰੋਂ ਨੀਤ ਜਿਨ੍ਹਾਂ ਦੀ ਖੋਟੀ।

ਇਨ੍ਹਾਂ ਦੋ ਸਤਰਾਂ ਵਿੱਚ ਕਿੰਨਾ ਕੁਝ ਸਿੱਖਣ ਲਈ ਭਰਿਆ ਪਿਆ ਹੈ। ਅਸੀਂ ਇਹ ਜਾਣਦੇ ਹੋਏ ਵੀ ਦੂਜਿਆਂ ਦੇ ਹੱਕਾਂ 'ਤੇ ਕਬਜ਼ਾ ਕਰਨ ਦੀ ਹਰ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਭਰਾ ਭਰਾਵਾਂ ਦੀ ਜ਼ਮੀਨ ਹੜੱਪਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ। ਸਰਮਾਏਦਾਰ ਗਰੀਬਾਂ ਦਾ ਹੱਕ ਮਾਰ ਕੇ ਹੋਰ ਅਮੀਰ ਬਣਨ ਦੀ ਜਦੋ-ਜਹਿਦ ਵਿੱਚ ਰਾਤ ਦਿਨ ਪਸੀਨੋ-ਪਸੀਨਾ ਹੋਏ ਰਹਿੰਦੇ ਹਨ। ਅਸੀਂ ਅਮੀਰਾਂ ਦੇ ਗੋਡੀਂ ਹੱਥ ਲਾਉਣ ਜਾਂ ਪੈਰ ਚੁੰਮਣ ਤੱਕ ਅਤੇ ਗਰੀਬਾਂ ਦੇ ਥੱਪੜ ਮਾਰਨ ਤੱਕ ਜਾਂਦੇ ਹਾਂ। ਅਸੀਂ ਜ਼ਿੰਦਗੀ ਦੇ ਅਸੂਲਾਂ ਦੇ ਬਿਲਕੁਲ ਵਿਰੋਧ ਵਿੱਚ ਤੁਰਨ ਦੀ ਕੋਸ਼ਿਸ਼ ਕਰਨ ਵਿੱਚ ਰੁਝੇ ਰਹਿੰਦੇ ਹਾਂ।

ਅਸੂਲ ਵੀ ਕਈ ਤਰ੍ਹਾਂ ਦੇ ਹੁੰਦੇ ਹਨ। ਕੁਝ ਅਸੂਲ, ਜਿਨ੍ਹਾਂ ਨੂੰ ਅਸੀਂ ਸਿਧਾਂਤ ਜਾਂ ਨਿਯਮ ਵੀ ਕਹਿ ਸਕਦੇ ਹਾਂ, ਲਿਖਤੀ ਰੂਪ ਵਿੱਚ ਹੁੰਦੇ ਹਨ। ਉਨ੍ਹਾਂ ਨੂੰ ਤੋੜਨ ਨਾਲ ਸਾਨੂੰ ਸਜ਼ਾ ਮਿਲਦੀ ਹੈ। ਜਿਵੇਂ ਕਾਰ ਚਲਾਉਂਦਿਆਂ ਗਲਤੀ ਕਰਨ 'ਤੇ ਸਾਨੂੰ ਜੁਰਮਾਨਾ ਹੋ ਸਕਦਾ ਹੈ; ਸ਼ਰਾਬ ਪੀ ਕੇ ਕਾਰ ਚਲਾਉਣ ਲਈ ਅਸੀਂ ਜੇਲ੍ਹ ਜਾ ਸਕਦੇ ਹਾਂ। ਕਿਸੇ ਦੀ ਕੁੱਟ-ਮਾਰ ਕਰਨ ਨਾਲ ਸਾਨੂੰ ਸਜ਼ਾ ਹੋ ਸਕਦੀ ਹੈ। ਕੁਝ ਅਸੂਲ ਅਣਲਿਖੇ ਹੁੰਦੇ ਹਨ। ਸੱਚ ਬੋਲਣਾ ਇਕ ਅਜਿਹਾ ਅਸੂਲ ਹੈ ਜੋ ਸਰਕਾਰ ਨੇ ਤਾਂ ਨਹੀਂ ਬਣਾਇਆ ਪਰ ਇਸਨੂੰ ਅਪਨਾਉਣਾ ਸਾਡਾ ਆਪਣਾ ਇਖਲਾਕੀ ਫ਼ਰਜ਼ ਹੈ। ਆਮ ਤੌਰ 'ਤੇ ਝੂਠ ਬੋਲਣ ਨਾਲ ਸਾਨੂੰ ਸਜ਼ਾ ਭਾਵੇਂ ਨਾ ਹੋਵੇ ਪਰ ਇਸ ਨਾਲ ਸਾਡੀ ਇੱਜ਼ਤ ਅਤੇ ਸ਼ਾਨੋ-ਸ਼ੌਕਤ ਨੂੰ ਜ਼ਰੂਰ ਨੁਕਸਾਨ ਪਹੁੰਚ ਸਕਦਾ ਹੈ। ਕੁਝ ਅਸੂਲ ਨਿੱਜੀ ਹੁੰਦੇ ਹਨ ਜੋ ਅਸੀਂ ਆਪਣੀ ਮਰਜ਼ੀ ਨਾਲ ਅਪਣਾ ਸਕਦੇ ਹਾਂ ਅਤੇ ਆਪਣੀ ਮਰਜ਼ੀ ਨਾਲ ਤੋੜ ਸਕਦੇ ਹਾਂ ਜਿਵੇਂ ਕੋਈ ਇਨਸਾਨ ਜਦੋਂ ਮਰਜ਼ੀ ਸ਼ਰਾਬ ਛੱਡਣ ਦਾ ਪ੍ਰਣ ਕਰ ਲਵੇ ਅਤੇ ਫਿਰ ਜਦੋਂ ਮਰਜ਼ੀ ਇਸ ਪ੍ਰਣ ਨੂੰ ਤੋੜ ਲਵੇ। ਕੋਈ ਵੀ ਇਸ



ਇਨਸਾਨ ਨੂੰ ਪੁੱਛਣ ਵਾਲਾ ਨਹੀਂ ਕਿ ਉਸਨੇ ਇਹ ਪ੍ਰਣ ਕਿਉਂ ਕੀਤਾ ਸੀ ਅਤੇ ਕਿਉਂ ਤੋੜਿਆ ਸੀ।

ਜ਼ਿੰਦਗੀ ਦੇ ਹਰ ਪਹਿਲੂ ਵਿੱਚ ਕੁਝ ਨਾ ਕੁਝ ਅਸੂਲ ਹਨ ਜੋ ਸਾਨੂੰ ਅਪਨਾਉਣੇ ਪੈਂਦੇ ਹਨ। ਕੰਮ ਕਰਨ ਵਾਲੀਆਂ ਥਾਵਾਂ 'ਤੇ ਸਾਨੂੰ ਬਹੁਤ ਸਾਰੇ ਅਸੂਲਾਂ ਨੂੰ ਮੰਨਣਾ ਪੈਂਦਾ ਹੈ। ਜੇ ਅਸੀਂ ਇਨ੍ਹਾਂ ਅਸੂਲਾਂ ਵਿੱਚ ਰਹਿ ਕੇ ਨਾ ਚੱਲੀਏ ਤਾਂ ਸਾਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪੈ ਸਕਦੇ ਹਨ। ਪਰ ਕਈ ਵਾਰੀ ਫਿਰ ਵੀ ਅਸੀਂ ਇਨ੍ਹਾਂ ਅਸੂਲਾਂ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦੇ ਹਨ।

ਜੇ ਅਸੀਂ ਜ਼ਿੰਦਗੀ ਵਿੱਚ ਅਸੂਲਾਂ ਵੱਲ ਧਿਆਨ ਦੇ ਕੇ ਚੱਲੀਏ ਅਤੇ ਅਸੂਲਾਂ ਦੀ ਇੱਜ਼ਤ ਕਰੀਏ ਤਾਂ ਜ਼ਿੰਦਗੀ ਸੌਖੀ ਰਹਿੰਦੀ ਹੈ। (ਫਰਵਰੀ 10, 2008)

## ਸਾਡੀਆਂ ਆਦਤਾਂ, ਸਾਡੇ ਸੁਭਾਅ-ਈਰਖਾ

ਈਰਖਾ ਇਕ ਰੋਗ ਹੈ-ਬਹੁਤ ਭੈੜਾ ਰੋਗ, ਬਹੁਤ ਕਮੀਨਾ ਰੋਗ, ਅਤੇ ਬਹੁਤ ਭਿਆਨਕ ਰੋਗ। ਇਸ ਰੋਗ ਨੂੰ ਲਾਉਣਾ ਸੌਖਾ ਹੈ ਪਰ ਇਸ ਤੋਂ ਛੁਟਕਾਰਾ ਪਾਉਣਾ ਬਹੁਤ ਹੀ ਔਖਾ ਹੈ। ਅਸਲ ਵਿੱਚ ਈਰਖਾ ਕਰਨ ਵਾਲਾ ਇਨਸਾਨ ਬਹੁਤ ਹੀ ਬਦਕਿਸਮਤ ਹੁੰਦਾ ਹੈ ਕਿਉਂਕਿ ਉਹ ਆਪਣਾ ਸਮਾਂ ਚੰਗੇ ਕੰਮ ਕਰਨ ਦੀ ਬਜਾਏ ਇਹ ਸੋਚਣ 'ਤੇ ਜਾਇਆ ਕਰਦਾ ਹੈ ਕਿ ਦੂਜਿਆਂ ਦੇ ਵਿਰੁੱਧ ਅਗਲੀ ਕਮੀਨੀ ਹਰਕਤ ਕਿਹੜੀ ਕਰਨੀ ਹੈ। ਈਰਖਾ ਦੇ ਮਾਰੇ ਇਨਸਾਨ ਬਹੁਤ ਬਦਕਿਸਮਤ ਹਨ ਕਿਉਂਕਿ ਉਹ ਹਰ ਵੇਲੇ ਇਹੋ ਸੋਚਦੇ ਰਹਿੰਦੇ ਹਨ ਕਿ ਦੂਜਿਆਂ ਨੂੰ ਕਿਵੇਂ ਥੱਲੇ ਲਾਉਣਾ ਹੈ; ਕਿਸੇ ਦਾ ਕਿਵੇਂ ਨੁਕਸਾਨ ਕਰਨਾ ਹੈ; ਕਿਸੇ ਦੀ ਚਲਦੀ ਗੱਡੀ ਨੂੰ ਕਿਵੇਂ ਲੀਹਾਂ ਤੋਂ ਲਾਹੁਣਾ ਹੈ; ਕਿਸੇ ਦੇ ਚੰਗੇ ਦਿਨਾਂ ਨੂੰ ਮਾੜੇ ਦਿਨਾਂ ਵਿੱਚ ਕਿਵੇਂ ਬਦਲਣਾ ਹੈ; ਕਿਸੇ ਉਪਰ ਚੜ੍ਹਦੇ ਨੂੰ ਥੱਲੇ ਕਿਵੇਂ ਡੇਗਣਾ ਹੈ; ਕਿਸੇ ਤੰਦਰੁਸਤ ਨੂੰ ਬਿਮਾਰ ਕਿਵੇਂ ਕਰਨਾ ਹੈ; ਕਿਸੇ ਦੀ ਲੱਤ ਬਾਂਹ ਕਿਵੇਂ ਭੰਨਣੀ ਹੈ; ਕਿਸੇ ਦਾ ਸਿਰ ਕਿਵੇਂ ਪਾੜਨਾ ਹੈ; ਕਿਸੇ ਨੂੰ ਚੰਗੇ ਕੰਮਾਂ ਤੋਂ ਹਟਾ ਕੇ ਮਾੜੇ ਕੰਮਾਂ ਵੱਲ ਕਿਵੇਂ ਲਾਉਣਾ ਹੈ; ਕਿਸੇ ਖੁਸ਼ੀ ਵਿੱਚ ਵਸਦੇ ਨੂੰ ਕਿਵੇਂ ਖਤਮ ਕਰਨਾ ਹੈ; ਲੁਕ-ਛੁਪ ਕੇ ਕਿਸੇ ਦੀ ਇੱਜ਼ਤ ਨੂੰ ਮਿੱਟੀ ਵਿੱਚ ਕਿਵੇਂ ਰੁਲਾਉਣਾ ਹੈ; ਖੁਸ਼ੀ ਵਿੱਚ ਵਸਦੇ ਘਰਾਂ ਵਿੱਚ ਲੜਾਈ ਝਗੜਾ ਕਿਵੇਂ ਪਾਉਣਾ ਹੈ।

ਈਰਖਾਲੂ ਇਨਸਾਨ ਕਦੇ ਵੀ ਕਿਸੇ 'ਤੇ ਸਾਹਮਣੇ ਆ ਕੇ ਵਾਰ ਨਹੀਂ ਕਰਦਾ ਸਗੋਂ ਹਰ ਵਾਰ ਛੁਪ ਕੇ ਡਰਪੋਕਾਂ ਵਾਂਗ ਹੀ ਕਰਦਾ ਹੈ। ਸਗੋਂ ਕਈ ਵਾਰੀ ਤਾਂ ਉਹ ਤੁਹਾਨੂੰ ਆਪਣਾ ਸਨੇਹੀ, ਦੋਸਤ, ਭਰਾ, ਭੈਣ, ਹਮਦਰਦ ਜਾਂ ਸ਼ੁਭਚਿੰਤਕ ਹੀ ਆਖਦਾ ਹੈ। ਉਪਰੋਂ ਉਪਰੋਂ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਕਿਸੇ ਨੂੰ ਭਿਣਕ ਤੱਕ ਨਾ ਪਵੇ। ਪਰ ਈਰਖਾ ਕਦੋਂ ਕੁ ਤੱਕ ਕੋਈ ਲੁਕਾ ਕੇ ਰੱਖ ਸਕਦਾ ਹੈ? ਜਿਵੇਂ ਇਕ ਨਾ ਇਕ ਦਿਨ ਚੋਰ ਫੜਿਆ ਹੀ ਜਾਂਦਾ ਹੈ ਅਤੇ ਇਕ ਨਾ ਇਕ ਦਿਨ ਬੇਈਮਾਨ ਇਨਸਾਨ ਨੰਗਾ ਹੋ ਹੀ ਜਾਂਦਾ ਹੈ, ਇਸੇ ਤਰ੍ਹਾਂ ਇਕ ਨਾ ਇਕ ਦਿਨ ਈਰਖਾਲੂ ਇਨਸਾਨ ਦੀਆਂ ਕੋਝੀਆਂ ਕਰਤੂਤਾਂ ਤੋਂ ਵੀ ਪੜਦਾ ਉੱਠ ਹੀ ਜਾਂਦਾ ਹੈ ਭਾਵੇਂ ਉਹ ਇਨ੍ਹਾਂ ਨੂੰ ਲੁਕਾਉਣ ਦੀਆਂ ਲੱਖ ਕੋਸ਼ਿਸ਼ਾਂ ਕਰ ਲਵੇ।

ਵੈਸੇ ਕੋਈ ਵੀ ਇਨਸਾਨ ਈਰਖਾ ਤੋਂ ਬਿਲਕੁਲ ਰਹਿਤ ਨਹੀਂ ਹੋ ਸਕਦਾ। ਥੋੜ੍ਹੀ ਬਹੁਤ ਈਰਖਾ ਕਦੇ ਨਾ ਕਦੇ ਸਾਲ-ਛਮਾਹੀਂ ਹਰ ਇਕ ਦੇ ਮਨ ਵਿੱਚ ਆ ਜਾਂਦੀ ਹੈ। ਜੇ ਮੈਂ ਕਹਾਂ ਕਿ ਮੈਨੂੰ ਕਦੇ ਵੀ ਕਿਸੇ ਨਾਲ ਈਰਖਾ ਨਹੀਂ ਹੋਈ ਤਾਂ ਮੈਂ ਝੂਠ ਬੋਲਦਾ ਹੋਵਾਂਗਾ। ਪਰ ਈਰਖਾ ਕਦੇ ਕਦਾਈਂ ਆ

ਜਾਣੀ ਹੋਰ ਗੱਲ ਹੈ, ਅਤੇ ਇਸ ਬੀਮਾਰੀ ਦਾ ਸਦਾ ਲਈ ਰੋਗੀ ਬਣਨਾ ਹੋਰ ਗੱਲ ਹੈ। ਈਰਖਾ ਕਦੇ ਕਦਾਈਂ ਮਹਿਸੂਸ ਕਰਨੀ ਹੋਰ ਗੱਲ ਹੈ, ਅਤੇ ਈਰਖਾ ਨਾਲ ਭਰ ਕੇ ਕਿਸੇ ਦੇ ਵਿਰੁੱਧ ਉਸਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨੀ ਰੋਗ ਵੀ ਹੈ ਅਤੇ ਕਮੀਨਾਪਣ ਵੀ। ਅਸੀਂ ਇਨਸਾਨ ਹਾਂ ਰੱਬ ਨਹੀਂ। ਇਨਸਾਨ ਹੋ ਕੇ ਕਦੇ ਕਦਾਈਂ ਵਰ੍ਹੇ ਕਦੀਵੀਂ ਕ੍ਰੋਧ, ਲੋਭ ਜਾਂ ਈਰਖਾ ਦੀ ਗਲੀ ਵਿਚੋਂ ਲੰਘਣਾ ਸੁਭਾਵਕ ਹੈ। ਪਰ ਇਨ੍ਹਾਂ ਰੋਗਾਂ ਦੇ ਗੁਲਾਮ ਬਣਨਾ ਅਤੇ ਇਨ੍ਹਾਂ ਦੀ ਪੂਜਾ ਕਰਨੀ ਗਲਤ ਹੈ। ਈਰਖਾ ਦੀਆਂ ਕੁਝ ਉਦਾਹਰਣਾਂ ਹਨ :

* ਛੋਟੇ ਮੁਲਾਜ਼ਮਾਂ ਦਾ ਵੱਡੇ ਮੁਲਾਜ਼ਮਾਂ ਜਾਂ ਅਫ਼ਸਰਾਂ ਨਾਲ ਖ਼ਾਰ ਖਾਣਾ। "ਇਹ ਸਾਲਾ ਵਜ਼ੀਰ ਦੀ ਸਿਫ਼ਾਰਸ਼ ਨਾਲ ਅਫ਼ਸਰ ਬਣ ਗਿਆ, ਆਉਂਦਾ ਊਂਦਾ ਕੁਝ ਵੀ ਨਹੀਂ। ਜੀਅ ਕਰਦਾ ਹਰਾਮੀ ਨੂੰ ਕਤਲ ਕਰ ਦਿਆਂ।"

* ਛੋਟੇ ਲੇਖਕ ਦਾ ਵੱਡੇ ਲੇਖਕ ਨੂੰ ਪਸੰਦ ਨਾ ਕਰਨਾ। "ਸ਼ਿਵ ਵੀ ਕੋਈ ਕਵੀ ਐ! ਐਵੇਂ ਸਾਰੀ ਉਮਰ ਰੋਂਦਾ ਰਿਹਾ।"

* ਕਿਸੇ ਦੋਸਤ ਨੂੰ ਆਪਣੇ ਨਾਲੋਂ ਉੱਚੀ ਸਥਿਤੀ 'ਤੇ ਪਹੁੰਚਿਆ ਦੇਖ ਕੇ ਨਾ ਜਰਨਾ। ਜਾਂ ਕਿਸੇ ਨੂੰ ਤਰੱਕੀ ਕਰਦਾ ਦੇਖ ਕੇ ਉਸਦੀ ਲੱਤ ਖਿੱਚੀ ਜਾਣੀ।

* ਕਿਸੇ ਦੂਜੇ ਦੀ ਸਫ਼ਲਤਾ ਬਿਲਕੁਲ ਝੱਲੀ ਨਾ ਜਾਣੀ।

* ਕਿਸੇ ਹੋਰ ਦੇ ਵਧੀਆ ਘਰ ਬਣਾ ਲੈਣ ਜਾਂ ਵਧੀਆ ਕਾਰ ਲੈਣ 'ਤੇ ਐਵੇਂ ਈਰਖਾ ਨਾਲ ਜਲੀ ਜਾਣਾ।

* ਕਿਸੇ ਨੂੰ ਆਪਣੇ ਤੋਂ ਜ਼ਿਆਦਾ ਲਾਇਕ ਦੇਖ ਕੇ ਖਿਝੀ ਜਾਣਾ।

* ਛੋਟੇ ਗੀਤਕਾਰ ਦਾ ਆਪਣੇ ਤੋਂ ਵਧੀਆ ਗੀਤਕਾਰ ਨੂੰ ਭੰਡਣਾ।

* ਕਿਸੇ ਕਿਸਾਨ ਦਾ ਦੂਸਰੇ ਕਿਸਾਨ ਦੀ ਵਧੀਆ ਫ਼ਸਲ ਦੇਖ ਕੇ ਦੁਖੀ ਹੋਈ ਜਾਣਾ।

* ਕਿਸੇ ਦੋਸਤ ਦਾ ਖ਼ੂਬਸੂਰਤ ਲੜਕੀ ਨਾਲ ਜਾਂ ਸਹੇਲੀ ਦਾ ਚੰਗੇ ਅਮੀਰ ਲੜਕੇ ਨਾਲ ਵਿਆਹ ਹੋਇਆ ਦੇਖ ਕੇ ਨਾ ਜਰਨਾ ਅਤੇ ਐਵੇਂ ਕਿੜੀ ਜਾਣਾ।

ਇਹ ਸਭ ਈਰਖਾ ਭਰੀਆਂ ਗੱਲਾਂ ਅਸੀਂ ਆਪਣੇ ਆਪ ਨੂੰ ਦੂਜਿਆਂ ਸਾਹਮਣੇ ਵਧੀਆ ਹੋਣ ਦਾ ਝੂਠਾ ਧਰਵਾਸ ਦੇਣ ਲਈ ਹੀ ਕਰਦੇ ਹਾਂ। ਕਈ ਵਾਰੀ ਅਸੀਂ ਈਰਖਾ ਦੀ ਅੱਗ ਵਿੱਚ ਇੰਨੇ ਭੱਖ ਰਹੇ ਹੁੰਦੇ ਹਾਂ ਕਿ ਅਸੀਂ ਅਜਿਹੀਆਂ ਭੱਦੀਆਂ ਹਰਕਤਾਂ ਕਰ ਜਾਂਦੇ ਹਾਂ ਜਿਨ੍ਹਾਂ ਬਾਰੇ ਆਮ ਤੌਰ 'ਤੇ ਕਦੇ ਸੋਚਿਆ ਵੀ ਨਹੀਂ ਜਾ ਸਕਦਾ।

ਈਰਖਾ ਵਜੋਂ ਕੀਤੀਆਂ ਗਈਆਂ ਘਿਨੌਣੀਆਂ ਹਰਕਤਾਂ ਨਾਲ ਇਤਿਹਾਸ ਭਰਿਆ ਪਿਆ ਹੈ। ਹੁਣੇ ਹੁਣੇ, ਕੋਈ ਦੋ ਤਿੰਨ ਮਹੀਨੇ ਪਹਿਲਾਂ, ਇੰਗਲੈਂਡ ਵਿੱਚ ਰਹਿੰਦੀ ਪੰਜਾਬੀ ਮੂਲ ਦੀ ਲੜਕੀ ਨੂੰ ਬਹੁਤ ਲੰਬੀ ਉਮਰ ਕੈਦ ਹੋਈ ਹੈ ਇਸ ਲਈ ਕਿ ਉਸਨੇ ਈਰਖਾ ਕਾਰਨ ਆਪਣੇ ਆਸ਼ਕ ਲੜਕੇ ਦੀ ਪਹਿਲੀ ਪਤਨੀ ਦਾ ਬਹੁਤ ਹੀ ਬੇਦਰਦੀ ਨਾਲ 40 ਤੋਂ ਵੱਧ ਵਾਰੀ ਚਾਕੂ ਮਾਰ ਕੇ ਖੂਨ ਕੀਤਾ ਸੀ। ਟਾਨੀਆ ਹਾਰਡਿੰਗ ਅਤੇ ਨੈਂਸੀ ਕੈਰੀਗਨ ਕੁਝ ਸਾਲ ਪਹਿਲਾਂ ਅਮਰੀਕਾ ਦੀਆਂ ਮਸ਼ਹੂਰ ਫਿੱਗਰ ਸਕੇਟਰਜ਼ ਸਨ। ਨੈਂਸੀ ਜ਼ਿਆਦਾ ਵਧੀਆ ਸਕੇਟਰ ਸੀ ਜਿਸਨੇ ਕਈ ਤਗਮੇ ਜਿੱਤੇ ਸਨ। ਨੈਂਸੀ ਦੇ ਹੁੰਦਿਆਂ ਟਾਨੀਆਂ ਨੂੰ ਆਪਣੇ ਜਿੱਤਣ ਦੀ ਆਸ ਨਹੀਂ ਸੀ। 1994 ਵਿੱਚ ਕਿਸੇ ਨੇ ਪ੍ਰੈਕਟਿਸ ਕਰਦੀ ਨੈਂਸੀ ਦੇ ਗੋਡਿਆਂ ਵਿੱਚ ਕੁਝ ਮਾਰ ਕੇ ਉਸਨੂੰ ਬੁਰੀ ਤਰ੍ਹਾਂ ਫੱਟੜ ਕਰ ਦਿੱਤਾ ਸੀ।



ਇਸ ਤਰ੍ਹਾਂ ਉਹ ਅਮਰੀਕਾ ਦੀ ਉਸ ਸਾਲ ਹੋਈ ਚੈਂਪੀਅਨਸ਼ਿਪ ਵਿੱਚ ਹਿੱਸਾ ਨਾ ਲੈ ਸਕੀ ਅਤੇ ਟਾਨੀਆਂ ਨੇ ਉਹ ਚੈਂਪੀਅਨਸ਼ਿਪ ਜਿੱਤ ਲਈ। ਪਿੱਛੋਂ ਪੁਲਿਸ ਦੀ ਜਾਂਚ-ਪੜਤਾਲ ਨੇ ਇਹ ਲੱਭਿਆ ਕਿ ਜੋ ਹਮਲਾ ਨੈਂਸੀ 'ਤੇ ਕੀਤਾ ਗਿਆ ਸੀ ਉਹ ਟਾਨੀਆ ਨੇ ਹੀ ਈਰਖਾ ਕਾਰਨ ਆਪਣੇ ਦੋਸਤ ਤੋਂ ਕਰਵਾਇਆ ਸੀ ਤਾਂ ਜੋ ਨੈਂਸੀ ਚੈਂਪੀਅਨਸ਼ਿਪ ਵਿੱਚ ਹਿੱਸਾ ਨਾ ਲੈ ਸਕੇ ਅਤੇ ਟਾਨੀਆਂ ਇਹ ਚੈਂਪੀਅਨਸ਼ਿਪ ਜਿੱਤ ਜਾਵੇ। ਟਾਨੀਆਂ ਇਹ ਚੈਂਪੀਅਨਸ਼ਿਪ ਜਿੱਤ ਵੀ ਗਈ ਸੀ। ਪਰ ਬਾਅਦ ਵਿੱਚ ਇਸ ਜੁਰਮ ਵਿੱਚ ਫਸ ਕੇ ਟਾਨੀਆਂ ਸਭ ਕੁਝ ਗੁਆ ਬੈਠੀ। ਉਸ ਨੂੰ ਜੇਲ੍ਹ ਵਿੱਚ ਵੀ ਜਾਣਾ ਪਿਆ ਅਤੇ ਉਸ ਉੱਤੇ ਅਮਰੀਕਾ ਵਿੱਚ ਫਿੱਗਰ ਸਕੇਟਿੰਗ ਵਿੱਚ ਹਿੱਸਾ ਲੈਣ ਤੋਂ ਹਮੇਸ਼ਾ ਲਈ ਪਾਬੰਦੀ ਪਾ ਦਿੱਤੀ ਗਈ ਸੀ।

ਹਿੰਦੁਸਤਾਨ ਵਿੱਚ ਕਈ ਲੋਕ ਦੂਜਿਆਂ ਨਾਲ ਈਰਖਾ ਕਰਕੇ ਉਨ੍ਹਾਂ ਦੇ ਕੰਮ ਵਿਗਾੜਨ ਲਈ ਉਨ੍ਹਾਂ ਵਿਰੁੱਧ ਜਾਦੂ-ਟੂਣੇ ਵੀ ਕਰਦੇ ਹਨ। ਕਈ ਵਾਰ ਲੋਕ ਈਰਖਾ ਦਾ ਸ਼ਿਕਾਰ ਹੋ ਕੇ ਦੂਸਰਿਆਂ ਨੂੰ ਜ਼ਹਿਰ ਦੇਣ ਤੱਕ ਵੀ ਚਲੇ ਜਾਂਦੇ ਹਨ। ਹਿੰਦੁਸਤਾਨ ਵਿੱਚ ਮਤਰੇਈਆਂ ਮਾਵਾਂ ਦੇ ਆਪਣੇ ਮਤਰੇਏ ਪੁੱਤਾਂ ਧੀਆਂ ਨਾਲ ਕੀਤੇ ਸਲੂਕਾਂ ਦੀਆਂ ਕਹਾਣੀਆਂ ਸਭ ਨੂੰ ਹੀ ਪਤਾ ਹਨ। ਪੰਜਾਬ ਵਿੱਚ ਕਈ ਵਾਰੀ ਲੋਕ ਈਰਖਾ ਕਾਰਨ ਚੰਗੇ ਘਰਾਂ ਦੇ ਲੜਕਿਆਂ ਨੂੰ ਨਸ਼ਿਆਂ ਵਿੱਚ ਲਾ ਦਿੰਦੇ ਹਨ ਜਾਂ ਉਨ੍ਹਾਂ ਨੂੰ ਹੋਰ ਬੁਰੇ ਕੰਮਾਂ ਵਿੱਚ ਪਾ ਕੇ ਉਨ੍ਹਾਂ ਦੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਪੰਜਾਬੀ ਲੋਕ ਤਾਂ ਈਰਖਾ ਲਈ ਬਹੁਤ ਮੰਨੇ ਹੋਏ ਹਨ।

ਈਰਖਾ ਨਾਲ ਅਸੀਂ ਜਦੋਂ ਦੂਸਰਿਆਂ ਵਿਰੁੱਧ ਉਨ੍ਹਾਂ ਨੂੰ ਥੱਲੇ ਲਾਉਣ ਲਈ ਮਾੜੇ ਕੰਮ ਕਰਦੇ ਹਾਂ, ਤਾਂ ਫਿਰ ਅਸੀਂ ਇਨ੍ਹਾਂ ਹਰਕਤਾਂ ਨੂੰ ਲੁਕਾਉਣ ਲਈ ਹਰ ਕੋਸ਼ਿਸ਼ ਕਰਦੇ ਹਾਂ, ਝੂਠ ਬੋਲਦੇ ਹਾਂ, ਕੁਫ਼ਰ ਤੋਲਦੇ ਹਾਂ ਭਾਵੇਂ ਕੋਈ ਸਾਡੇ 'ਤੇ ਇਤਬਾਰ ਕਰੇ ਜਾਂ ਨਾ ਕਰੇ। ਆਪਣਾ ਕਸੂਰ ਮੰਨ ਕੇ ਪਛਤਾਵਾ ਕਰਨ ਦੀ ਵਜਾਏ ਅਸੀਂ ਇਸ ਤਰ੍ਹਾਂ ਸਫ਼ਾਈਆਂ ਪੇਸ਼ ਕਰ ਕੇ ਸਗੋਂ ਆਪਣੀ ਹੋਰ ਬੇਇੱਜ਼ਤੀ ਕਰਾਉਂਦੇ ਹਾਂ। ਉਪਰੋਂ ਭਾਵੇਂ ਸਾਨੂੰ ਕੋਈ ਕੁਝ ਨਾ ਕਹੇ ਪਰ ਅੰਦਰੋਂ ਸਾਰੇ ਹੀ ਸਾਨੂੰ ਲਾਹਨਤਾਂ ਪਾਉਂਦੇ ਹਨ ਅਤੇ ਸਾਡੇ ਤੋਂ ਪਰੇ ਹਟਦੇ ਜਾਂਦੇ ਹਨ। ਈਰਖਾ ਇਕ ਅਜਿਹਾ ਰੋਗ ਹੈ ਜਿਸ ਤੋਂ ਜਿੰਨਾ ਵੀ ਪਰਹੇਜ਼ ਕੀਤਾ ਜਾਵੇ ਚੰਗਾ ਹੈ।

(ਮਾਰਚ 2, 2008)

## ਸਾਡੀਆਂ ਆਦਤਾਂ, ਸਾਡੇ ਸੁਭਾਅ : ਚਾਪਲੂਸੀ ਅਤੇ ਖੁਸ਼ਾਮਦ

ਚਾਪਲੂਸੀ ਅਤੇ ਖੁਸ਼ਾਮਦ ਕਰਨੀ ਇਕ ਕਲਾ ਹੈ। ਚਾਪਲੂਸੀ ਅਤੇ ਖੁਸ਼ਾਮਦ ਹਰ ਕੋਈ ਨਹੀਂ ਕਰ ਸਕਦਾ ਅਤੇ ਨਾ ਹੀ ਹਰ ਕੋਈ ਚਾਪਲੂਸੀ ਅਤੇ ਖੁਸ਼ਾਮਦ ਕਰਨੀ ਸਿੱਖ ਸਕਦਾ ਹੈ। ਕਈ ਲੋਕ ਇਸ ਖੇਤਰ ਵਿੱਚ ਬਹੁਤ ਹੀ ਮਾਹਰ ਹੁੰਦੇ ਹਨ। ਉਨ੍ਹਾਂ ਨੂੰ ਇਹ ਕਲਾ ਰੱਬ ਵੱਲੋਂ ਜਨਮ ਵੇਲੇ ਦੀ ਹੀ ਮਿਲੀ ਹੁੰਦੀ ਹੈ। ਆਮ ਤੌਰ 'ਤੇ ਇਹੋ ਜਿਹੇ ਇਨਸਾਨ ਦੂਜਿਆਂ ਦੀਆਂ ਝੂਠੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਕੇ ਉਨ੍ਹਾਂ ਦੀਆਂ ਜੇਬਾਂ ਕੱਟਦੇ ਹਨ ਜਾਂ ਉਨ੍ਹਾਂ ਤੋਂ ਆਪਣਾ ਮਤਲਬ ਕੱਢਦੇ ਹਨ।

ਤਾਰੀਫ਼ ਕਰਨੀ ਕੋਈ ਮਾੜੀ ਗੱਲ ਨਹੀਂ। ਅਸਲ ਵਿੱਚ ਚੰਗੀਆਂ ਚੀਜ਼ਾਂ ਦੀ ਤਾਰੀਫ਼

ਕਰਨੀ ਬਹੁਤ ਹੀ ਜ਼ਰੂਰੀ ਹੈ। ਕਿਸੇ ਦੇ ਕੀਤੇ ਚੰਗੇ ਕੰਮਾਂ ਨੂੰ ਸਲਾਹੁਣਾ ਜਾਂ ਕਿਸੇ ਖ਼ੂਬਸੂਰਤ ਚੀਜ਼ ਦੀ ਤਾਰੀਫ਼ ਕਰਨੀ ਸਾਡਾ ਫ਼ਰਜ਼ ਬਣਦਾ ਹੈ। ਕੋਈ ਇਨਸਾਨ ਚੰਗਾ ਕੰਮ ਕਰਦਾ ਹੈ ਤਾਂ ਉਸਦੀ ਤਾਰੀਫ਼ ਅਤੇ ਉਸਦਾ ਧੰਨਵਾਦ ਕਰਨਾ ਬਹੁਤ ਹੀ ਜ਼ਰੂਰੀ ਹਨ। ਬਹੁਤੀ ਵਾਰੀ ਅਸੀਂ ਸਿਰਫ਼ ਮਾੜੇ ਕੀਤੇ ਕੰਮਾਂ ਦੀ ਹੀ ਭੰਡੀ ਕਰਦੇ ਹਾਂ ਪਰ ਚੰਗੇ ਕੀਤੇ ਕੰਮ ਦੀ ਸ਼ਲਾਘਾ ਨਹੀਂ ਕਰਦੇ। ਜੇ ਕਿਸੇ ਦੇ ਪੁੱਤ-ਧੀ ਮਾੜੇ ਕੰਮ ਕਰਨ ਤਾਂ ਅਸੀਂ ਉਨ੍ਹਾਂ ਦੀਆਂ ਗੱਲਾਂ ਕਰਦੇ ਹਾਂ, ਉਨ੍ਹਾਂ ਦੀ ਨਿੰਦਿਆ ਕਰਦੇ ਹਾਂ। ਪਰ ਜੇ ਕਿਸੇ ਦੇ ਪੁੱਤ-ਧੀ ਚੰਗੇ ਕੰਮ ਕਰਨ ਤਾਂ ਅਸੀਂ ਘੱਟ ਹੀ ਉਨ੍ਹਾਂ ਦੀ ਤਾਰੀਫ਼ ਅਤੇ ਸ਼ਲਾਘਾ ਕਰਦੇ ਹਾਂ, ਜੋ ਕਿ ਸਾਨੂੰ ਕਰਨਾ ਚਾਹੀਦਾ ਹੈ। ਜਦੋਂ ਅਸੀਂ ਕਿਸੇ ਦੀ ਐਵੇਂ ਹੀ ਬਿਨਾਂ ਕਿਸੇ ਕਾਰਨ ਤਾਰੀਫ਼ ਕਰੀ ਜਾਈਏ, ਉਸਨੂੰ ਐਵੇਂ ਹੀ ਕੋਠੇ ਚੜ੍ਹਾਈ ਜਾਈਏ ਤਾਂ ਅਸੀਂ ਉਸਦੀ ਚਾਪਲੂਸੀ ਅਤੇ ਖ਼ੁਸ਼ਾਮਦ ਹੀ ਕਰਦੇ ਹਾਂ। ਇਸਦੇ ਪਿੱਛੇ ਕੁਝ ਕਾਰਨ ਵੀ ਹੋ ਸਕਦੇ ਹਨ ਜਾਂ ਇਹ ਸਿਰਫ਼ ਸਾਡੀ ਆਦਤ ਹੀ ਹੋ ਸਕਦੀ ਹੈ। ਝੂਠੀ ਤਾਰੀਫ਼ ਕਰ ਕੇ ਅਸੀਂ ਉਸ ਇਨਸਾਨ ਦਾ ਨੁਕਸਾਨ ਹੀ ਕਰਦੇ ਹਾਂ, ਨਾ ਕਿ ਉਸ ਦੀ ਮੱਦਦ।

ਕਈ ਲੋਕਾਂ ਦੀ ਆਦਤ ਹੀ ਹੁੰਦੀ ਹੈ ਦੂਜਿਆਂ ਦੀ ਐਵੇਂ ਹੀ ਤਾਰੀਫ਼ ਕਰੀ ਜਾਣੀ-ਬਗੈਰ ਕਿਸੇ ਕਾਰਨ ਦੇ। ਕਈ ਵਾਰੀ ਇਹੋ ਜਿਹੀ ਤਾਰੀਫ਼ ਚਾਪਲੂਸੀ ਨਹੀਂ ਹੁੰਦੀ ਕਿਉਂਕਿ ਇਸ ਪਿੱਛੇ ਕੋਈ ਵੀ ਮਤਲਬ ਨਹੀਂ ਹੁੰਦਾ।

ਜਦੋਂ ਅਸੀਂ ਕਿਸੇ ਦੀ ਤਾਰੀਫ਼ ਕਿਸੇ ਮਤਲਬ ਨੂੰ ਅੱਗੇ ਰੱਖ ਕੇ ਕਰੀਏ ਤਾਂ ਇਹ ਚਾਪਲੂਸੀ ਅਤੇ ਖ਼ੁਸ਼ਾਮਦ ਹੁੰਦੀ ਹੈ। ਹਿੰਦੁਸਤਾਨ ਵਿੱਚ ਬਾਬੂ ਲੋਕ ਆਪਣੇ ਅਫ਼ਸਰਾਂ ਦੀ ਚਾਪਲੂਸੀ ਕਰਦੇ ਆਮ ਦੇਖੇ ਜਾਂਦੇ ਹਨ, ਸਿਰਫ਼ ਉਨ੍ਹਾਂ ਨੂੰ ਖ਼ੁਸ਼ ਰੱਖਣ ਲਈ ਅਤੇ ਆਪਣੀ ਨੌਕਰੀ ਬਰਕਰਾਰ ਰੱਖਣ ਲਈ। ਇੱਥੋਂ ਤੱਕ ਕਿ ਆਪਣੇ ਅਫ਼ਸਰਾਂ ਨੂੰ ਆਪਣੇ ਮਾਂ-ਬਾਪ ਕਹਿਣ ਤੱਕ ਵੀ ਜਾਣਾ, ਉਨ੍ਹਾਂ ਦੇ ਛੋਟੇ ਵੱਡੇ ਨਿੱਜੀ ਕੰਮ ਕਰਨੇ, ਉਨ੍ਹਾਂ ਨੂੰ ਤੋਹਫ਼ੇ ਦੇਣੇ, ਅਤੇ ਹਰ ਵੇਲੇ ਉਨ੍ਹਾਂ ਦੀ ਝੂਠੀ ਤਾਰੀਫ਼ ਕਰੀ ਜਾਣੀ ਮੁਲਾਜ਼ਮਾਂ ਦਾ ਕੰਮ ਹੈ। ਸਾਡੇ ਵੇਲਿਆਂ ਵਿੱਚ ਹਿੰਦੁਸਤਾਨ ਵਿੱਚ ਕੁਝ ਵਿਦਿਆਰਥੀ ਆਪਣੇ ਅਧਿਆਪਕਾਂ ਦੀ ਦਿਨ ਰਾਤ ਚਾਪਲੂਸੀ ਕਰਦੇ ਹੁੰਦੇ ਸਨ, ਉਨ੍ਹਾਂ ਦੀ ਨਜ਼ਰ ਵਿੱਚ ਚੰਗੇ ਬਣਨ ਲਈ, ਉਨ੍ਹਾਂ ਨੂੰ ਖ਼ੁਸ਼ ਕਰਨ ਲਈ, ਅਤੇ ਉਨ੍ਹਾਂ ਦੀ ਕੁੱਟ-ਮਾਰ ਤੋਂ ਬਚਣ ਲਈ। ਕਾਲਜਾਂ ਅਤੇ ਸਕੂਲਾਂ ਵਿੱਚ ਪ੍ਰੋਫੈਸਰ ਅਤੇ ਅਧਿਆਪਕ ਆਪਣੇ ਪ੍ਰਿੰਸੀਪਲਾਂ ਅਤੇ ਹੈੱਡਮਾਸਟਰਾਂ ਦੀ ਚਾਪਲੂਸੀ ਬੇਹੱਦ ਕਰਦੇ ਹਨ ਸਿਰਫ਼ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਅਤੇ ਉਨ੍ਹਾਂ ਦੇ ਚੰਗੇ ਪੱਖ ਵਿੱਚ ਆਉਣ ਲਈ, ਅਤੇ ਫਿਰ ਉਨ੍ਹਾਂ ਤੋਂ ਮਤਲਬ ਕੱਢਣ ਲਈ। ਆਮ ਤੌਰ 'ਤੇ ਪੰਜਾਬ ਵਿੱਚ ਕਿਸੇ ਦੀ ਹਰ ਵੇਲੇ ਚਾਪਲੂਸੀ ਕਰਨ ਵਾਲੇ ਨੂੰ ਚਮਚਾ ਕਹਿੰਦੇ ਹਨ। ਜਦੋਂ ਮੈਂ ਪੰਜਾਬ ਵਿੱਚ ਕਾਲਜ ਵਿੱਚ ਪੜ੍ਹਦਾ ਸੀ ਤਾਂ ਇਕ ਪ੍ਰੋਫੈਸਰ ਤਾਂ ਹਰ ਨਵੇਂ ਆਏ ਪ੍ਰਿੰਸਪੀਲ ਦੇ ਇੰਨਾ ਨੇੜੇ ਹੁੰਦਾ ਸੀ ਕਿ ਉਸ ਪ੍ਰੋਫੈਸਰ ਦਾ ਨਾਂ ਚਮਚਾ ਨਹੀਂ ਸਗੋਂ ਕੜਛਾ ਪਾ ਦਿੱਤਾ ਗਿਆ ਸੀ। ਫਿਰ ਜਦੋਂ ਮੈਂ ਚੰਡੀਗੜ੍ਹ ਇਕ ਕਾਲਜ ਵਿਚ ਕੁਝ ਸਾਲ ਪੜ੍ਹਾਇਆ ਤਾਂ ਦੇਖਿਆ ਕਿ ਕੁਝ ਪ੍ਰੋਫੈਸਰ ਹਰ ਵੇਲੇ ਹੀ ਪ੍ਰਿੰਸੀਪਲ ਦੇ ਦਫਤਰ ਦੁਆਲੇ ਗੇੜੇ ਮਾਰਦੇ ਰਹਿੰਦੇ ਸਨ। ਉਹ ਪ੍ਰਿੰਸੀਪਲ ਦੀ ਹਰ ਵੇਲੇ ਝੂਠੀ ਤਾਰੀਫ਼ ਕਰਦੇ ਸਨ ਅਤੇ ਪ੍ਰਿੰਸੀਪਲ ਨੂੰ ਕਾਲਜ ਵਿੱਚ ਵਾਪਰਦੀ ਹਰ ਗੱਲ ਦੀ ਖ਼ਬਰ ਪਹੁੰਚਾਉਂਦੇ ਸਨ। ਇਨ੍ਹਾਂ ਪ੍ਰੋਫੈਸਰਾਂ ਦੇ ਸਾਹਮਣੇ ਦੂਜੇ ਪ੍ਰੋਫੈਸਰ ਕੋਈ ਵੀ ਗੱਲ ਕਰਨ ਤੋਂ ਪਰਹੇਜ਼ ਕਰਦੇ ਸਨ। ਕਾਲਜ ਦੇ ਸਾਰੇ ਮਹੱਤਵ-ਪੂਰਨ ਕੰਮਾਂ ਦੇ ਕਰਤਾ-ਧਰਤਾ ਇਹ ਚਾਪਲੂਸ ਪ੍ਰੋਫੈਸਰ ਹੀ ਹੁੰਦੇ ਸਨ।



ਕਈ ਵਾਰੀ ਘਰਾਂ ਵਿੱਚ ਜਦੋਂ ਬੱਚਿਆਂ ਨੇ ਕੋਈ ਕੰਮ ਕਢਾਉਣਾ ਹੋਵੇ ਤਾਂ ਉਹ ਮਾਂ-ਪਿਉ ਦੀ ਚਾਪਲੂਸੀ ਕਰਨਗੇ, ਉਨ੍ਹਾਂ ਦੇ ਅੱਗੇ-ਪਿੱਛੇ ਫਿਰਨਗੇ, ਉਨ੍ਹਾਂ ਦੀ ਖ਼ੁਸ਼ਾਮਦ ਕਰਨਗੇ। ਕਈ ਵਾਰੀ ਭੈਣ-ਭਰਾ, ਰਿਸ਼ਤੇਦਾਰ, ਅਤੇ ਦੋਸਤ ਵੀ ਤੁਹਾਥੋਂ ਕੋਈ ਮਤਲਬ ਕਢਾਉਣ ਲਈ ਤੁਹਾਡੀ ਖ਼ੂਬ ਖ਼ੁਸ਼ਾਮਦ ਕਰਨਗੇ। ਅਕਲਮੰਦ ਇਨਸਾਨ ਤਾਂ ਇਹੋ ਜਿਹੀ ਚਾਪਲੂਸੀ ਅਤੇ ਖ਼ੁਸ਼ਾਮਦ ਨੂੰ ਝੱਟ ਸਮਝ ਜਾਂਦਾ ਹੈ ਪਰ ਆਮ ਇਨਸਾਨ ਕਈ ਵਾਰੀ ਇਸ ਚਾਪਲੂਸੀ ਦੇ ਚੱਕਰ ਵਿੱਚ ਆ ਕੇ ਡੰਗਿਆ ਜਾਂਦਾ ਹੈ। ਕਈ ਵਾਰੀ ਅਸੀਂ ਦੋਗਲੇ ਬਣ ਕੇ ਵੀ ਚਾਪਲੂਸੀ ਕਰਦੇ ਹਾਂ। ਜਿਵੇਂ ਮੰਨ ਲਓ ਬੰਤਾ ਸਿੰਘ ਆਪਣੇ ਦੋਸਤ ਸੰਤਾ ਸਿੰਘ ਨਾਲ ਤੁਰਿਆ ਜਾ ਰਿਹਾ ਹੈ। ਅੱਗਿਉਂ ਬੰਤਾ ਸਿੰਘ ਦਾ ਦੋਸਤ ਝੰਡਾ ਸਿੰਘ ਮਿਲ ਜਾਂਦਾ ਹੈ ਜਿਸਨੂੰ ਸੰਤਾ ਸਿੰਘ ਨਹੀਂ ਜਾਣਦਾ। ਬੰਤਾ ਸਿੰਘ ਝੱਟ ਬੋਲੇਗਾ, "ਆਓ ਜੀ ਝੰਡਾ ਸਿੰਘ ਜੀ। ਮੈਂ ਤੁਹਾਨੂੰ ਹੀ ਯਾਦ ਕਰ ਰਿਹਾ ਸੀ। ਸੰਤਾ ਸਿੰਘ ਜੀ, ਇਹ ਹਨ ਮੇਰੇ ਦੋਸਤ ਝੰਡਾ ਸਿੰਘ ਜੀ। ਬਹੁਤ ਹੀ ਮਹਾਨ ਇਨਸਾਨ ਹਨ। ਕੀ ਕਹਿਣੇ ਇਨ੍ਹਾਂ ਦੇ। ਬਹੁਤ ਹੀ ਦਾਨੀ ਇਨਸਾਨ ਹਨ। ਬਹੁਤ ਹੀ ਮਿਲਣਸਾਰ ਹਨ। ਮੇਰੇ ਭਰਾਵਾਂ ਵਰਗੇ ਹੀ ਹਨ....।" ਪਰ ਝੰਡਾ ਸਿੰਘ ਦੇ ਜਾਣ ਤੋਂ ਬਾਅਦ, ਇਹੋ ਬੰਤਾ ਸਿੰਘ ਉਸ ਬਾਰੇ ਸੰਤਾ ਨੂੰ ਸਿੰਘ ਆਖੇਗਾ, "ਕਿੱਥੇ ਮਨਹੂਸ ਮੱਥੇ ਲੱਗ ਗਿਆ। ਜਿਸ ਦਿਨ ਇਹ ਮਿਲ ਜਾਵੇ, ਉਸ ਦਿਨ ਕੋਈ ਕੰਮ ਨਹੀਂ ਹੁੰਦਾ। ਬਹੁਤ ਹੀ ਨਿਕੰਮਾ ਤੇ ਕੰਜੂਸ ਆਦਮੀ ਹੈ....।"

ਰਾਜਨੀਤੀ ਵਿੱਚ ਤਾਂ ਚਾਪਲੂਸੀ ਅਤੇ ਖ਼ੁਸ਼ਾਮਦ ਬਹੁਤ ਹੀ ਚਲਦੀ ਹੈ। ਕਿਸੇ ਵੇਲੇ ਪੰਜਾਬ ਦੇ ਰਹੇ ਮੁੱਖ ਮੰਤਰੀ ਅਤੇ ਹਿੰਦੁਸਤਾਨ ਦੇ ਰਹੇ ਪ੍ਰਧਾਨ ਸਵਰਗਵਾਸੀ ਗਿਆਨੀ ਜ਼ੈਲ ਸਿੰਘ ਨੇ ਹਿੰਦੁਸਤਾਨ ਦਾ ਪ੍ਰਧਾਨ ਬਣਨ ਤੋਂ ਬਾਅਦ ਕੁਝ ਇਸ ਤਰ੍ਹਾਂ ਦੇ ਲਫ਼ਜ਼ ਕਹੇ ਸਨ, "ਮੈਂ ਜੋ ਵੀ ਹਾਂ ਸਿਰਫ਼ ਇੰਦਰਾ ਗਾਂਧੀ ਦੀ ਮਿਹਰਬਾਨੀ ਨਾਲ ਹੀ ਹਾਂ।" ਇਹੋ ਜਿਹੀ ਚਾਪਲੂਸੀ ਅਤੇ ਵਫ਼ਾਦਾਰੀ ਕਾਰਨ ਹੀ ਉਸਨੂੰ ਹਿੰਦੁਸਤਾਨ ਦਾ ਪ੍ਰਧਾਨ ਬਣਾਇਆ ਗਿਆ ਸੀ। ਹੁਣੇ ਹੁਣੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪ੍ਰਕਾਸ਼ ਸਿੰਘ ਬਾਦਲ ਨੂੰ 'ਸੰਤ ਸਿਪਾਹੀ' ਦਾ ਖਿਤਾਬ ਦੇ ਕੇ ਚਾਪਲੂਸੀ ਅਤੇ ਖ਼ੁਸ਼ਾਮਦ ਦੀ ਬਿਮਾਰੀ ਦੇ ਸਿਖਰ ਦਾ ਸਬੂਤ ਦੇ ਦਿੱਤਾ ਹੈ। ਜੋ ਸ਼ਬਦ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਲਈ ਰਾਖਵੇਂ ਹਨ, ਉਹ ਸ਼ਬਦ ਕੋਈ ਕਿਸੇ ਇਨਸਾਨ ਲਈ ਵਰਤੇ, ਇਸਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਪਰ ਕਈ ਇਨਸਾਨ ਆਪਣੀਆਂ ਕੁਰਸੀਆਂ ਅਤੇ ਅਹੁਦਿਆਂ ਨੂੰ ਬਚਾਉਣ ਲਈ ਕੁਝ ਵੀ ਕਰ ਸਕਦੇ ਹਨ। ਹਿੰਦੁਸਤਾਨ ਵਿੱਚ ਲੋਕ ਵਜ਼ੀਰੀਆਂ, ਕੁਰਸੀਆਂ ਅਤੇ ਅਹੁਦੇ ਲੈਣ ਲਈ ਚਾਪਲੂਸੀ, ਖ਼ੁਸ਼ਾਮਦ ਅਤੇ ਪੈਸੇ ਦੀ ਕਿਸ ਤਰ੍ਹਾਂ ਵਰਤੋਂ ਕਰਦੇ ਹਨ, ਇਹ ਕਿਸੇ ਤੋਂ ਵੀ ਲੁਕਿਆ ਹੋਇਆ ਨਹੀਂ। ਆਪਣੀਆਂ ਕੁਰਸੀਆਂ ਅਤੇ ਨੌਕਰੀਆਂ ਨੂੰ ਬਚਾਉਣ ਲਈ ਲੋਕ ਕਿਸ ਤਰ੍ਹਾਂ ਵਜ਼ੀਰਾਂ ਅਤੇ ਉੱਚੇ ਅਹੁਦਿਆਂ 'ਤੇ ਲੱਗੇ ਲੋਕਾਂ ਦੇ ਪੈਰੀਂ ਹੱਥ ਲਾਉਂਦੇ ਹਨ, ਇਸਨੂੰ ਦੇਖ ਕੇ ਇਕ ਇਮਾਨਦਾਰ ਇਨਸਾਨ ਦਾ ਘਿਰਣਾ ਨਾਲ ਉਲਟੀਆਂ ਕਰਨ ਨੂੰ ਜੀਅ ਕਰਦਾ ਹੈ।

ਮੈਂ ਲਗਭਗ ਅਠਾਈ ਸਾਲ ਅਮਰੀਕਾ ਵਿੱਚ ਬਿਤਾ ਕੇ ਅਤੇ ਸਤਾਈ ਸਾਲ ਇੱਥੇ ਯੂਨੀਵਰਸਿਟੀਆਂ ਵਿੱਚ ਪੜ੍ਹਾ ਕੇ ਦੇਖਿਆ ਹੈ ਕਿ ਚਾਪਲੂਸੀ ਅਮਰੀਕਾ ਵਿੱਚ ਵੀ ਚਲਦੀ ਹੈ ਪਰ ਬਹੁਤ ਹੀ ਛੋਟੇ ਪੱਧਰ 'ਤੇ। ਬਹੁਤ ਥੋੜ੍ਹੇ ਲੋਕ ਹੀ ਆਪਣੇ ਸਵਾਰਥ ਨੂੰ ਪੂਰਾ ਕਰਨ ਲਈ ਦੂਜਿਆਂ ਦੀ ਚਾਪਲੂਸੀ ਕਰਦੇ ਹਨ। ਬਹੁਤ ਘੱਟ ਇਨਸਾਨ ਹਨ ਜੋ ਆਪਣਾ ਮਤਲਬ ਪੂਰਾ ਕਰਨ ਲਈ ਦੂਜਿਆਂ

ਦੀ ਝੂਠੀ ਪ੍ਰਸੰਸਾ ਕਰਨਗੇ ਜਾਂ ਉਨ੍ਹਾਂ ਦੀ ਝੂਠੀ ਪ੍ਰਸੰਸਾ ਵਿੱਚ ਕਿਤਾਬਾਂ ਜਾਂ ਲੇਖ ਲਿਖਣਗੇ।

ਪਿਛਲੇ ਹਫ਼ਤੇ ਪੜ੍ਹੇ ਇਕ ਚੁਟਕਲੇ ਦਾ ਪੰਜਾਬੀ ਉਲਥਾ ਜਿਸ ਦਾ ਉਪਰਲੇ ਲੇਖ ਕੋਈ ਸੰਬੰਧ ਨਹੀਂ :

ਇਕ ਵਿਆਹੁਤਾ ਜੋੜੇ ਦੇ ਦੋ ਬੱਚੇ ਸਨ ਜੋ ਬਹੁਤ ਹੀ ਸ਼ਰਾਰਤੀ ਸਨ। ਸ਼ਰਾਰਤੀ ਸੁਭਾਵਾਂ ਦੇ ਕਾਰਨ ਉਨ੍ਹਾਂ ਦੇ ਆਂਢ-ਗੁਆਂਢ ਵਿੱਚ ਵਾਪਰੀ ਹਰ ਸ਼ਰਾਰਤ ਲਈ ਇਨ੍ਹਾਂ ਬੱਚਿਆਂ 'ਤੇ ਹੀ ਸ਼ੱਕ ਕੀਤਾ ਜਾਂਦਾ ਸੀ। ਉਨ੍ਹਾਂ ਦੇ ਮਾਂ-ਪਿਓ ਨੂੰ ਪਤਾ ਲੱਗਾ ਕਿ ਸ਼ਹਿਰ ਦਾ ਇਕ ਪਾਦਰੀ ਬੱਚਿਆਂ ਨੂੰ ਸਮਝਾਉਣ ਵਿੱਚ ਅਤੇ ਉਨ੍ਹਾਂ ਨੂੰ ਅਨੁਸ਼ਾਸਨ ਸਿਖਾਉਣ ਵਿੱਚ ਬਹੁਤ ਨਿਪੁੰਨ ਹੈ। ਮਾਂ-ਪਿਓ ਨੇ ਇਸ ਪਾਦਰੀ ਨੂੰ ਪੁੱਛਿਆ ਕਿ ਜੇ ਉਹ ਉਨ੍ਹਾਂ ਦੇ ਬੱਚਿਆਂ ਨਾਲ ਗੱਲ ਕਰ ਸਕੇ ਅਤੇ ਉਨ੍ਹਾਂ ਨੂੰ ਕੁਝ ਸਿੱਖਿਆ ਦੇ ਸਕੇ ਤਾਂ ਉਹ ਬਹੁਤ ਧੰਨਵਾਦੀ ਹੋਣਗੇ। ਪਾਦਰੀ ਨੇ ਹਾਂ ਕਰ ਦਿੱਤੀ ਪਰ ਨਾਲ ਹੀ ਆਖਿਆ ਕਿ ਉਹ ਉਨ੍ਹਾਂ ਬੱਚਿਆਂ ਨਾਲ ਗੱਲ ਕਰਨ ਲਈ ਉਨ੍ਹਾਂ ਨੂੰ ਇਕੱਲੇ ਇਕੱਲੇ ਨੂੰ ਮਿਲੇਗਾ। ਮਾਂ-ਪਿਉ ਨੇ ਪਹਿਲਾਂ ਛੋਟੇ ਬੱਚੇ ਨੂੰ ਭੇਜ ਦਿੱਤਾ ਜਿਸਦੀ ਉਮਰ 10 ਕੁ ਸਾਲ ਦੀ ਸੀ। ਪਾਦਰੀ ਬਹੁਤ ਹੀ ਭਾਰੀ ਅਤੇ ਉੱਚੀ ਆਵਾਜ਼ ਵਿੱਚ ਬੋਲਣ ਵਾਲਾ ਇਨਸਾਨ ਸੀ। ਉਸਨੇ ਬੱਚੇ ਨੂੰ ਆਪਣੇ ਸਾਹਮਣੇ ਬਿਠਾ ਕੇ ਥੋੜ੍ਹੀ ਹੌਲੀ ਅਤੇ ਥੋੜ੍ਹੀ ਸਖ਼ਤ ਆਵਾਜ਼ ਵਿੱਚ ਪੁੱਛਿਆ, "ਰੱਬ ਕਿੱਥੇ ਹੈ ?" ਬੱਚੇ ਨੇ ਪਾਦਰੀ ਵੱਲ ਬਹੁਤ ਹੀ ਹੈਰਾਨ ਭਰੀਆਂ ਅੱਖਾਂ ਨਾਲ ਦੇਖਿਆ ਪਰ ਕਿਹਾ ਕੁਝ ਨਾ। ਥੋੜ੍ਹਾ ਚਿਰ ਉਡੀਕ ਕੇ ਪਾਦਰੀ ਨੇ ਥੋੜ੍ਹੀ ਸਖਤ ਅਤੇ ਥੋੜ੍ਹੀ ਉੱਚੀ ਆਵਾਜ਼ ਵਿੱਚ ਫਿਰ ਪੁੱਛਿਆ, "ਰੱਬ ਕਿੱਥੇ ਹੈ ?" ਬੱਚੇ ਨੇ ਫਿਰ ਵੀ ਕੋਈ ਜਵਾਬ ਨਾ ਦਿੱਤਾ। ਥੋੜ੍ਹੀ ਦੇਰ ਉਡੀਕਣ ਤੋਂ ਬਾਅਦ ਪਾਦਰੀ ਨੇ ਬਹੁਤ ਹੀ ਉੱਚੀ, ਸਖਤ ਅਤੇ ਗੁੱਸੇ ਭਰੀ ਆਵਾਜ਼ ਵਿੱਚ ਬੱਚੇ ਨੂੰ ਫਿਰ ਪੁੱਛਿਆ, "ਰੱਬ ਕਿੱਥੇ ਹੈ ?" ਬੱਚਾ ਘਬਰਾ ਕੇ ਡਰ ਨਾਲ ਰੋਂਦਾ ਹੋਇਆ ਉਥੋਂ ਨੱਠ ਕੇ ਘਰ ਆ ਗਿਆ ਅਤੇ ਇਕ ਛੋਟੇ ਜਿਹੇ ਕਮਰੇ ਵਿੱਚ ਦਰਵਾਜ਼ਾ ਬੰਦ ਕਰਕੇ ਅੰਦਰ ਲੁਕ ਕੇ ਬੈਠ ਗਿਆ। ਉਸਦੇ ਵੱਡੇ ਭਰਾ ਨੇ ਉਸਨੂੰ ਲੱਭ ਕੇ ਪੁੱਛਿਆ, "ਕੀ ਹੋਇਆ ?" ਛੋਟੇ ਭਰਾ ਨੇ ਡਰ ਭਰੀ ਆਵਾਜ਼ ਵਿੱਚ ਆਖਿਆ, "ਆਪਾਂ ਦੋਵੇਂ ਬਹੁਤ ਵੱਡੀ ਮੁਸ਼ਕਲ ਵਿੱਚ ਫਸ ਗਏ ਹਾਂ। ਰੱਬ ਨੂੰ ਕਿਸੇ ਨੇ ਚੋਰੀ ਕਰ ਲਿਆ ਹੈ ਅਤੇ ਸਭ ਨੂੰ ਆਪਾਂ ਦੋਹਾਂ ਤੇ ਸ਼ੱਕ ਹੈ।"

(ਅਪ੍ਰੈਲ 6, 2008)

## ਸਾਡੀਆਂ ਆਦਤਾਂ, ਸਾਡੇ ਸੁਭਾਅ-ਸਭਿਆਚਾਰ

ਸਭਿਆਚਾਰ (culture) ਕੀ ਹੈ ? ਇਹ ਇਕ ਰੀਤੀ-ਰਿਵਾਜ਼ਾਂ, ਰਹਿਣ-ਸਹਿਣ ਦੇ ਢੰਗਾਂ ਅਤੇ ਵਿਸ਼ੇਸ਼ਤਾਵਾਂ ਅਤੇ ਕਦਰਾਂ-ਕੀਮਤਾਂ ਆਦਿ ਦਾ ਜੋੜ-ਮੇਲ ਅਤੇ ਇਕੱਠ ਹੈ। ਜਦੋਂ ਅਸੀਂ ਕੋਈ ਰੀਤੀ-ਰਿਵਾਜ਼ ਅਤੇ ਕਦਰਾਂ-ਕੀਮਤਾਂ ਆਦਿ ਅਪਣਾ ਲੈਂਦੇ ਹਾਂ ਤਾਂ ਹੌਲੀ-ਹੌਲੀ ਉਹੀ ਸਾਡੀ ਜ਼ਿੰਦਗੀ ਦੀ ਪਰਿਭਾਸ਼ਾ ਬਣ ਜਾਂਦੀਆਂ ਹਨ ਅਤੇ ਅਸੀਂ ਸਦਾ ਲਈ ਇਨ੍ਹਾਂ ਰੀਤੀ-ਰਿਵਾਜ਼ਾਂ ਅਤੇ ਕਦਰਾਂ-ਕੀਮਤਾਂ ਨਾਲ ਜੁੜ ਜਾਂਦੇ ਹਾਂ। ਬੱਸ ਇਹੋ ਸਾਡਾ ਸਭਿਆਚਾਰ ਬਣ ਜਾਂਦਾ ਹੈ। ਅਸੀਂ ਇਨ੍ਹਾਂ ਨਿਸ਼ਾਨ-ਚਿੰਨਾਂ, ਰੀਤੀ-ਰਿਵਾਜ਼ਾਂ, ਅਤੇ ਕੀਮਤਾਂ-ਕਦਰਾਂ ਨਾਲ ਅਤੇ ਇਨ੍ਹਾਂ ਦੀਆਂ ਖੂਬੀਆਂ ਅਤੇ ਕੁਰੀਤੀਆਂ ਨਾਲ ਜਾਣੇ ਜਾਣ ਲੱਗ ਪੈਂਦੇ ਹਾਂ। ਹਰ ਸਭਿਆਚਾਰ ਵਿੱਚ ਜਿੱਥੇ ਚੰਗੀਆਂ ਗੱਲਾਂ ਅਤੇ



ਖੂਬੀਆਂ ਹੁੰਦੀਆਂ ਹਨ, ਉਥੇ ਮਾੜੀਆਂ ਗੱਲਾਂ ਅਤੇ ਬਦੀਆਂ ਵੀ ਜ਼ਰੂਰ ਹੁੰਦੀਆਂ ਹਨ; ਜਿੱਥੇ ਚੰਗੇ ਰੀਤੀ-ਰਿਵਾਜ਼ ਅਤੇ ਕਦਰਾਂ-ਕੀਮਤਾਂ ਹੁੰਦੀਆਂ ਹਨ, ਉਥੇ ਮਾੜੇ ਰੀਤੀ-ਰਿਵਾਜ਼ ਅਤੇ ਕਦਰਾਂ-ਕੀਮਤਾਂ ਵੀ ਹੁੰਦੀਆਂ ਹਨ। ਸਭਿਆਚਾਰ ਕਦੇ ਵੀ ਸਥਿਰ ਨਹੀਂ ਰਹਿੰਦਾ। ਇਹ ਲਗਾਤਾਰ ਬਦਲਦਾ ਰਹਿੰਦਾ ਹੈ। ਇਸ ਵਿੱਚ ਨਿਰੰਤਰ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਇਸਦੇ ਰੀਤੀ-ਰਿਵਾਜ਼, ਵਿਸ਼ੇਸ਼ਤਾਵਾਂ, ਅਤੇ ਕਦਰਾਂ-ਕੀਮਤਾਂ ਹਮੇਸ਼ਾਂ ਬਦਲਦੀਆਂ ਰਹਿੰਦੀਆਂ ਹਨ।

ਸਭਿਆਚਾਰ ਦੇਸ਼ਾਂ ਦਾ ਵੀ ਹੁੰਦਾ ਹੈ, ਸੂਬਿਆਂ ਦਾ ਵੀ ਹੁੰਦਾ ਹੈ, ਸ਼ਹਿਰਾਂ ਜਾਂ ਪਿੰਡਾਂ ਦਾ ਵੀ ਹੁੰਦਾ ਹੈ, ਪਰਿਵਾਰਾਂ ਦਾ ਵੀ ਹੁੰਦਾ ਹੈ, ਕੰਪਨੀਆਂ ਦਾ ਵੀ ਹੁੰਦਾ ਹੈ, ਅਤੇ ਸੰਸਥਾਵਾਂ ਦਾ ਵੀ ਹੁੰਦਾ ਹੈ। ਜੇ ਦੇਖਿਆ ਜਾਵੇ ਤਾਂ ਸਾਰੇ ਹਿੰਦੁਸਤਾਨ ਦਾ ਆਪਣਾ ਸਭਿਆਚਾਰ ਹੈ। ਜਿੱਥੇ ਹਿੰਦੁਸਤਾਨੀ ਇਕ ਦੂਜੇ ਨਾਲ ਹਮਦਰਦੀ ਅਤੇ ਪਿਆਰ ਦਰਸਾਉਣ ਲਈ ਮਸ਼ਹੂਰ ਹਨ, ਉਥੇ ਹਰ ਈਰਖਾ ਅਤੇ ਬੇਈਮਾਨੀ ਲਈ ਵੀ ਸਭ ਤੋਂ ਅੱਗੇ ਹੈ। ਜਿੱਥੇ ਹਿੰਦੁਸਤਾਨੀ ਇਕ ਦੂਜੇ ਨਾਲ ਰਲ-ਮਿਲ ਕੇ, ਧਰਮ ਅਤੇ ਰੰਗ-ਰੂਪ ਦੇ ਭੇਦ-ਭਾਵਾਂ ਨੂੰ ਭੁੱਲ ਕੇ, ਸਾਰੇ ਇਕੱਠੇ ਹੋ ਕੇ ਮੌਜ-ਮੇਲੇ ਕਰਨ ਅਤੇ ਤਿਉਹਾਰ ਮਨਾਉਣ ਲਈ ਦਿਲ ਦੇ ਖੁੱਲ੍ਹੇ ਹਨ, ਉਥੇ ਬਹੁਤ ਸਾਰੇ ਹਿੰਦੁਸਤਾਨੀ ਕੱਟੜਤਾ ਵਰਗੀਆਂ ਬਿਮਾਰੀਆਂ ਦੇ ਵੀ ਸ਼ਿਕਾਰ ਹਨ ਜਿਨ੍ਹਾਂ ਕਾਰਨ ਹਰ ਸਾਲ ਕਈ ਥਾਈਂ ਘਿਣਾਉਣੇ ਦੰਗੇ ਫ਼ਸਾਦ ਹੁੰਦੇ ਹਨ ਜੋ ਹਜ਼ਾਰਾਂ ਮਾਸੂਮ ਲੋਕਾਂ ਦੀਆਂ ਜਾਨਾਂ ਤਬਾਹ ਕਰਦੇ ਹਨ। ਜਿੱਥੇ ਹਿੰਦੁਤਸਾਨੀ ਸਖ਼ਤ ਮਿਹਨਤ ਅਤੇ ਜੱਦੋ-ਜਹਿਦ ਕਰ ਕੇ ਸਫ਼ਲ ਹੋਣ ਲਈ ਮਸ਼ਹੂਰ ਹਨ, ਉੱਥੇ ਉਨ੍ਹਾਂ ਵਿਚੋਂ ਬਹੁਤ ਸਾਰੇ ਆਲਸ ਵਿੱਚ ਵੀ ਕਿਸੇ ਤੋਂ ਘੱਟ ਨਹੀਂ। ਜਿੱਥੇ ਕਿਸੇ ਵੇਲੇ ਹਿੰਦੁਸਤਾਨ ਸਚਾਈ ਅਤੇ ਈਮਾਨਦਾਰੀ ਲਈ ਮਸ਼ਹੂਰ ਸੀ, ਹੁਣ ਇਹ ਝੂਠ, ਰਿਸ਼ਵਤ, ਬੇਈਮਾਨੀ, ਅਤੇ ਜੁਰਮ ਦੇ ਘੇਰੇ ਵਿੱਚ ਘਿਰਿਆ ਪਿਆ-ਇੱਥੋਂ ਤੱਕ ਕਿ ਹਿੰਦੁਸਤਾਨ ਦੇ ਬਹੁਤ ਸਾਰੇ ਚੋਟੀ ਦੇ ਲੀਡਰ ਵੀ ਝੂਠ, ਬੇਈਮਾਨੀ, ਰਿਸ਼ਵਤ, ਅਤੇ ਜੁਰਮ ਦੇ ਇਲਜ਼ਾਮਾਂ ਹੇਠ ਆਏ ਹਨ। ਜਿੱਥੇ ਈਮਾਨਦਾਰੀ ਅਤੇ ਸਚਾਈ ਹਿੰਦੁਸਤਾਨ ਦੇ ਸਭਿਆਚਾਰ ਦੇ ਖਾਸ ਅੰਗ ਸਨ, ਉਥੇ ਹੁਣ ਝੂਠ, ਈਮਾਨਦਾਰੀ, ਰਿਸ਼ਵਤ, ਅਤੇ ਜੁਰਮ ਇਸਦੇ ਸਭਿਆਚਾਰ ਦੀ ਪਰਿਭਾਸ਼ਾ ਬਣ ਗਏ ਹਨ। ਇਸੇ ਤਰ੍ਹਾਂ ਹਿੰਦੁਸਤਾਨ ਦੇ ਸਭਿਆਚਾਰ ਦੇ ਹੋਰ ਕਈ ਅੰਸ਼ ਵੀ ਬਦਲ ਗਏ ਹਨ। ਜਿਵੇਂ ਕਿਸੇ ਵੇਲੇ ਹਿੰਦੁਸਤਾਨ ਬਹੁਤ ਹੀ ਖ਼ੂਬਸੂਰਤ ਫ਼ਿਲਮਾਂ ਬਣਾਉਣ ਲਈ ਮਸ਼ਹੂਰ ਸੀ ਅੱਜ ਇਹ ਨੰਗੇਜ਼ ਨਾਲ ਭਰੀਆਂ ਫ਼ਿਲਮਾਂ ਬਣਾਉਣ ਲਈ ਬਦਨਾਮ ਹੈ ਜੋ ਇਸਦੇ ਨਵੇਂ ਸਭਿਆਚਾਰ ਦਾ ਹਿੱਸਾ ਬਣ ਗਈਆਂ ਹਨ। ਪੁਰਾਣੀਆਂ ਹਿੰਦੁਸਤਾਨੀ ਫ਼ਿਲਮਾਂ, ਖਾਸ ਕਰ ਕੇ ਰਾਜ ਕਪੂਰ ਦੀਆਂ ਫ਼ਿਲਮਾਂ, ਰੂਸ, ਪੂਰਬੀ ਯੂਰਪ, ਅਫਰੀਕਾ, ਅਤੇ ਮਿਡਲ ਈਸਟ ਵਿੱਚ ਬੜੇ ਹੀ ਸ਼ੌਕ ਨਾਲ ਦੇਖੀਆਂ ਜਾਂਦੀਆਂ ਸਨ ਅਤੇ ਇਨ੍ਹਾਂ ਫ਼ਿਲਮਾਂ ਰਾਹੀਂ ਇਨ੍ਹਾਂ ਦੇਸ਼ਾਂ ਦੇ ਲੋਕ ਹਿੰਦੁਸਤਾਨੀ ਸਭਿਆਚਾਰ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਸਨ। ਹੁਣ ਜਦੋਂ ਵੀ ਬਾਹਰਲੇ ਮੁਲਕਾਂ ਵਿੱਚ ਟੀ. ਵੀ. ਵਗੈਰਾ 'ਤੇ ਹਿੰਦੁਸਤਾਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਬਹੁਤੀ ਵਾਰੀ ਇਹ ਹਿੰਦੁਸਤਾਨ ਦੀ ਗਰੀਬੀ ਬਾਰੇ, ਇਸਦੇ ਦੰਗਿਆਂ ਬਾਰੇ, ਗੰਦਗੀ ਬਾਰੇ, ਅਤੇ ਬੇਈਮਾਨੀ ਦੀ ਗੱਲ ਹੀ ਹੁੰਦੀ ਹੈ। ਇਹ ਸਭ ਹਿੰਦੁਸਤਾਨ ਦੇ ਨਵੇਂ ਸਭਿਆਚਾਰ ਦਾ ਹਿੱਸਾ ਬਣ ਗਿਆ ਹੈ। ਬਾਹਰਲੇ ਮੁਲਕਾਂ ਤੋਂ ਆ ਕੇ ਜਦੋਂ ਹਿੰਦੁਸਤਾਨ ਦੀ ਕਿਸੇ ਵੀ ਏਅਰਪੋਰਟ 'ਤੇ ਉੱਤਰੀਏ ਤਾਂ ਇਨ੍ਹਾਂ ਉਪਰ ਲਿਖੀਆਂ ਗੱਲਾਂ ਵਿਚੋਂ ਦੋ-ਤਿੰਨ ਗੱਲਾਂ ਦੀ ਝਲਕ ਤਾਂ ਉੱਥੇ ਹੀ ਪੈ ਜਾਂਦੀ ਹੈ। ਕਿਸੇ ਵੇਲੇ ਹਾਕੀ ਦੀ ਖੇਡ ਹਿੰਦੁਸਤਾਨ ਦੇ ਸਭਿਆਚਾਰ ਨਾਲ ਗੂੰਦ ਵਾਂਗ ਜੁੜੀ ਹੋਈ ਸੀ। ਹੁਣ ਹਾਕੀ ਦੀ ਥਾਂ ਕ੍ਰਿਕਟ ਨੇ ਲੈ ਲਈ ਲਗਦੀ ਹੈ ਭਾਵੇਂ ਹਾਕੀ ਹਾਲੇ

ਵੀ ਬਹੁਤ ਮਹੱਤਤਾ ਵਾਲਾ ਸਥਾਨ ਰੱਖਦੀ ਹੈ। ਕਦੇ ਹਿੰਦੁਸਤਾਨ ਗੁਰੂਆਂ, ਪੀਰਾਂ, ਪੈਗੰਬਰਾਂ, ਦਰਵੇਸ਼ਾਂ, ਭਗਤਾਂ ਅਤੇ ਫਕੀਰਾਂ ਦੇ ਨਾਲ-ਨਾਲ ਰਾਜਿਆਂ-ਮਹਾਰਾਜਿਆਂ ਦੀ ਧਰਤੀ ਅਖਵਾਉਂਦਾ ਸੀ। ਬਨਾਰਸ ਅਤੇ ਗੁਰੂਕੁਲ ਵਰਗੇ ਅਸਥਾਨ ਵਿਦਵਾਨ ਪੈਦਾ ਕਰਨ ਲਈ ਮਸ਼ਹੂਰ ਸਨ। ਇਹ ਸਭ ਹਿੰਦੁਸਤਾਨ ਦੇ ਸਭਿਆਚਾਰ ਦਾ ਹਿੱਸਾ ਸਨ। ਪਰ ਇਹ ਸਭਿਆਚਾਰ ਬਹੁਤ ਬਦਲ ਗਿਆ ਹੈ। ਅੱਜ ਹਿੰਦੁਸਤਾਨ ਦੇ ਵਿਦਿਆ ਢਾਂਚੇ ਦਾ ਸਭਿਆਚਾਰ ਹੋਰ ਹੀ ਹੋ ਗਿਆ ਹੈ। ਟੀ. ਵੀ. ਉੱਤੇ ਲਗਾਤਾਰ ਸੀਰੀਅਲ (soap operas) ਵਗੈਰਾ ਦਾ ਦਿਖਾਏ ਜਾਣਾ ਨਵੇਂ ਸਭਿਆਚਾਰ ਦੀ ਇਕ ਖਾਸ ਵਿਸ਼ੇਸ਼ਤਾਈ ਹੋ ਗਈ ਹੈ।

ਹਿੰਦੁਸਤਾਨ ਦੇ ਹਰ ਸੂਬੇ ਦਾ ਆਪਣਾ ਵੱਖਰਾ ਸਭਿਆਚਾਰ ਹੈ ਭਾਵੇਂ ਕੁਝ ਗੱਲਾਂ ਕਈ ਸੂਬਿਆਂ ਵਿੱਚ ਸਾਂਝੀਆਂ ਹੋ ਸਕਦੀਆਂ ਹਨ। ਪੰਜਾਬੀ ਸਭਿਆਚਾਰ ਦੀ ਗੱਲ ਤਾਂ ਅਸੀਂ ਪੰਜਾਬੀ ਹਰ ਰੋਜ਼ ਹੀ ਕਰਦੇ ਰਹਿੰਦੇ ਹਾਂ। ਇਸ ਸਭਿਆਚਾਰ ਦੀਆਂ ਤਰੀਫ਼ਾਂ ਰੋਜ਼ਾਨਾ ਕਰਦੇ ਰਹਿੰਦੇ ਹਾਂ। ਪੰਜਾਬੀ ਹੋਣ ਦਾ ਮਾਣ ਦਰਸਾਉਂਦੇ ਰਹਿੰਦੇ ਹਾਂ। ਇਸਦੇ ਸੋਹਲੇ ਗਾਉਂਦੇ ਰਹਿੰਦੇ ਹਾਂ। ਇਸ ਦੀਆਂ ਡੀਂਗਾਂ ਮਾਰਦੇ ਰਹਿੰਦੇ ਹਾਂ। 'ਪੰਜਾਬੀਆਂ ਦੀ ਸ਼ਾਨ ਵੱਖਰੀ' ਵਰਗੇ ਗੀਤ ਗਾ-ਗਾ ਕੇ ਦਿਲ ਪਰਚਾਉਂਦੇ ਰਹਿੰਦੇ ਹਾਂ। ਪਰ ਜਿਸ ਪੰਜਾਬੀ ਸਭਿਆਚਾਰ ਦੇ ਅਸੀਂ ਹਰ ਵੇਲੇ ਗੁਣ ਗਾਉਂਦੇ ਹਾਂ, ਅਸੀਂ ਉਸ ਸਭਿਆਚਾਰ ਨੂੰ ਬਹੁਤ ਹੀ ਤੇਜ਼ੀ ਨਾਲ ਬਦਲ ਰਹੇ ਹਾਂ ਅਤੇ ਉਸਦੀ ਥਾਂ ਨਵਾਂ ਸਭਿਆਚਾਰ ਉਸਾਰ ਰਹੇ ਹਾਂ। ਪੰਜਾਬ ਦੇ ਸਭਿਆਚਾਰ ਬਾਰੇ ਅਨੇਕਾਂ ਕਿਤਾਬਾਂ ਲਿਖੀਆਂ ਗਈਆਂ ਹਨ, ਲੇਖ ਲਿਖੇ ਗਏ ਹਨ, ਨਾਵਲ ਲਿਖੇ ਗਏ ਹਨ, ਕਹਾਣੀਆਂ ਲਿਖੀਆਂ ਗਈਆਂ ਹਨ, ਅਤੇ ਕਵਿਤਾਵਾਂ ਲਿਖੀਆਂ ਗਈਆਂ ਹਨ। ਪੰਜਾਬੀ ਸਭਿਆਚਾਰ ਬਾਰੇ ਸਮੇਂ-ਸਮੇਂ ਕਿੱਸੇ ਅਤੇ ਵਾਰਾਂ ਲਿਖੀਆਂ ਗਈਆਂ। ਪ੍ਰੋ. ਪੂਰਨ ਸਿੰਘ ਦੀ ਪੰਜਾਬੀਆਂ ਬਾਰੇ ਲਿਖੀ ਮਸ਼ਹੂਰ ਕਵਿਤਾ ਪੰਜਾਬ ਅਤੇ ਪੰਜਾਬੀਆਂ ਦੇ ਸਭਿਆਚਾਰ ਨੂੰ ਹੀ ਬਿਆਨ ਕਰਦੀ ਹੈ। ਗਿਆਨੀ ਗੁਰਦਿੱਤ ਸਿੰਘ ਦੀ ਕਿਤਾਬ 'ਮੇਰਾ ਪਿੰਡ' ਸਾਡੇ ਸਭਿਆਚਾਰ ਅਤੇ ਵਿਰਸੇ ਬਾਰੇ ਹੀ ਹੈ। ਪੰਜਾਬੀ ਲੋਕਾਂ ਦੇ ਖੁੱਲ੍ਹੇ ਸੁਭਾਅ ਅਤੇ ਦੂਜਿਆਂ ਲਈ ਆਪਣੇ ਆਪ ਨੂੰ ਨਿਛਾਵਰ ਕਰਨਾ ਸਾਡੇ ਸਭਿਆਚਾਰ ਦਾ ਬਹੁਤ ਹੀ ਮਹੱਤਵਪੂਰਨ ਗੁਣ ਹਨ ਜੋ ਹੌਲੀ ਹੌਲੀ ਅਲੋਪ ਹੋ ਰਹੇ ਹਨ। ਪੁਰਾਣੇ ਵੇਲਿਆਂ ਵਿੱਚ ਪਿੰਡ ਵਿੱਚ ਕਿਸੇ ਦੇ ਘਰ ਵੀ ਵਿਆਹ-ਸ਼ਾਦੀ ਹੋਵੇ ਤਾਂ ਦੁੱਧ-ਘਿਓ ਕਦੇ ਮੁੱਲ ਨਹੀਂ ਸੀ ਲੈਣੇ ਪੈਂਦੇ। ਪਿੰਡ ਵਿੱਚ ਕਿਸੇ ਵੀ ਲੜਕੇ ਜਾਂ ਲੜਕੀ ਦਾ ਵਿਆਹ ਸਾਰੇ ਪਿੰਡ ਦੇ ਲੜਕੇ-ਲੜਕੀ ਦਾ ਵਿਆਹ ਸਮਝਿਆ ਜਾਂਦਾ ਸੀ। ਸਾਡੇ ਸਭਿਆਚਾਰ ਦਾ ਇਹ ਗੁਣ ਵੀ ਲਗਭਗ ਖਤਮ ਹੀ ਹੋ ਗਿਆ ਹੈ। ਪਿੰਡਾਂ ਵਿੱਚ ਅਖਾੜੇ ਲਾਉਣੇ, ਕੁਸ਼ਤੀਆਂ ਕਰਨੀਆਂ, ਕਬੱਡੀ ਵਰਗੀਆਂ ਖੇਡਾਂ ਖੇਡਣੀਆਂ, ਮੇਲੇ ਲੱਗਣੇ, ਤ੍ਰਿੰਜਣਾਂ ਦੇ ਤਿਓਹਾਰ, ਪੀਂਘਾਂ ਪਾਉਣੀਆਂ ਤੇ ਝੂਟਣੀਆਂ ਆਦਿ ਸਾਡੇ ਹਰਮਨ ਪਿਆਰੇ ਸਭਿਆਚਾਰ ਦੇ ਹਿੱਸੇ ਹੀ ਸਨ ਜੋ ਹੌਲੀ ਹੌਲੀ ਖਤਮ ਹੋ ਰਹੇ ਹਨ ਅਤੇ ਇਨ੍ਹਾਂ ਦੀ ਜਗ੍ਹਾ ਕੁਝ ਨਵੇਂ ਰੀਤੀ-ਰਿਵਾਜ਼ ਲੈ ਰਹੇ ਹਨ। ਜਿਸ ਤਰ੍ਹਾਂ ਰਲ ਮਿਲ ਕੇ ਵਿਸਾਖੀ, ਲੋਹੜੀ, ਦਿਵਾਲੀ, ਹੋਲੀ ਆਦਿ ਦੇ ਤਿਉਹਾਰ ਮਨਾਏ ਜਾਂਦੇ ਸਨ ਇਹ ਸਾਡੇ ਸਭਿਆਚਾਰ ਦਾ ਖਾਸ ਹਿੱਸਾ ਸਨ। ਪਰ ਇਨ੍ਹਾਂ ਤਿਉਹਾਰਾਂ ਦੇ ਮਨਾਉਣ ਦੇ ਢੰਗ ਅਤੇ ਤੌਰ-ਤਰੀਕੇ ਵੀ ਕੁਝ ਬਦਲ ਗਏ ਹਨ ਅਤੇ ਕੁਝ ਬਦਲ ਰਹੇ ਹਨ। ਭੱਠੀਆਂ 'ਤੇ ਦਾਣੇ ਭੁਨਾਉਣ ਜਾਣਾ, ਬਰਸਾਤਾਂ ਦੇ ਦਿਨਾਂ ਵਿੱਚ ਘਰਾਂ ਵਿੱਚ ਪੂੜੇ ਪਕਾਉਣੇ, ਬਜ਼ੁਰਗਾਂ ਦਾ ਪਿੰਡਾਂ ਵਿੱਚ ਬੰਬਿਆਂ 'ਤੇ ਬੈਠਣਾ ਆਦਿ ਸਾਡੇ ਸਭਿਆਚਾਰ ਦੇ ਅੰਗ ਸਨ। ਪਿੱਪਲ, ਬੋਹੜਾਂ, ਕਿੱਕਰਾਂ, ਜਾਮਣਾਂ, ਬੇਰੀਆਂ, ਅੰਬ, ਤੂਤ ਸਭ ਸਾਡੇ ਸਭਿਆਚਾਰ



ਦੇ ਜ਼ਰੂਰੀ ਹਿੱਸਾ ਸਨ ਜੋ ਬਹੁਤ ਹੱਦ ਤੱਕ ਖ਼ਤਮ ਹੋ ਗਏ ਹਨ। ਕਦੇ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਅਤੇ ਯਮਲੇ ਦੇ ਗਾਏ ਗੀਤ ਸਾਡੇ ਸਭਿਆਚਾਰ ਦੀ ਪ੍ਰਤੀਨਿਧਤਾ ਕਰਦੇ ਸਨ। ਫਿਰ ਦੀਦਾਰ ਸਿੰਘ ਅਤੇ ਚਮਕੀਲੇ ਵਰਗਿਆਂ ਨੇ ਸਾਡੇ ਸਭਿਆਚਾਰ ਨੂੰ ਬਿਆਨ ਕਰਨਾ ਸ਼ੁਰੂ ਕਰ ਦਿੱਤਾ। ਫਿਰ ਨੁਸਰਤ ਜੀ, ਬਡਾਲੀ ਭਰਾ, ਬਰਕਤ ਸਿੱਧੂ, ਗੁਰਦਾਸ ਮਾਨ, ਅਤੇ ਹੰਸ ਸਾਡੇ ਸਭਿਆਚਾਰ ਨੂੰ ਚੰਗੇ ਪਾਸੇ ਵੱਲ ਲਿਜਾਣ ਦੀ ਕੋਸ਼ਿਸ਼ ਕਰਨ ਲੱਗੇ। ਹੁਣ ਮਿਸ ਪੂਜਾ ਵਰਗਿਆਂ ਨੇ ਸਾਡੇ ਸਭਿਆਚਾਰ ਦੇ ਸੰਗੀਤ ਦੇ ਪੱਖ ਨੂੰ ਵਰਗਲਾ ਲਿਆ ਹੈ। ਰੱਬ ਜਾਣੇ ਅੱਗੇ ਕੀ ਆਵੇਗਾ। ਵਾਹਿਗੁਰੂ ਕਰੇ ਨੁਸਰਤ, ਬਡਾਲੀ ਭਰਾ, ਗੁਰਦਾਸ ਮਾਨ, ਹੰਸ, ਅਬੀਦਾ ਪਰਵੀਨ, ਬਰਕਤ ਸਿੱਧੂ ਅਤੇ ਪੂਰਨ ਸ਼ਾਹਕੋਟੀ ਦੇ ਗੀਤ ਸੰਗੀਤ ਹਮੇਸ਼ਾ ਲਈ ਸਾਡੇ ਪੰਜਾਬੀ ਸਭਿਆਚਾਰ ਦਾ ਅੰਗ ਬਣੇ ਰਹਿਣ। ਚਰਖੇ, ਫੁਲਕਾਰੀਆਂ, ਫੁੱਲਾਂ ਅਤੇ ਘੁੰਗਰੂਆਂ ਵਾਲੀਆਂ ਪੱਖੀਆਂ, ਘੱਗਰੇ, ਚਾਦਰੇ, ਤੁਰਲੇ ਵਾਲੀ ਪੱਗ ਆਦਿ ਸਭ ਸਾਡੇ ਪੰਜਾਬੀ ਸਭਿਆਚਾਰ ਨੂੰ ਹੋਰ ਵੀ ਖ਼ੂਬਸੂਰਤ ਬਣਾਉਂਦੇ ਸਨ। ਬਰਾਤ ਦਾ ਕਈ ਕਈ ਦਿਨ ਰਹਿਣਾ, ਵਿਆਹਾਂ ਵਿੱਚ ਗੀਤ, ਭੰਗੜੇ, ਗਿੱਧੇ ਅਤੇ ਸਿੱਠਣੀਆਂ ਦੇਣ ਦੇ ਰਿਵਾਜ਼, ਅਤੇ ਵਿਆਹਾਂ ਵਿੱਚ ਢੱਡ ਸਾਨਗੀਆਂ ਵਾਲੇ ਕਵੀਸ਼ਰਾਂ ਦਾ ਗਾਉਣਾ ਪੰਜਾਬੀ ਸਭਿਆਚਾਰ ਦੇ ਮਿਰਗੀ ਨੈਣ-ਨਕਸ਼ ਸਨ। ਸਿਰਫ਼ ਕੁਝ ਦਹਾਕੇ ਪਹਿਲਾਂ ਦੇ ਪੰਜਾਬੀ ਸਭਿਆਚਾਰ ਦੇ ਕੁਝ ਹੋਰ ਮਹੱਤਵਪੂਰਨ ਅੰਗ ਇਹ ਸਨ : ਖੂਹ, ਗੱਡੇ, ਰਥ, ਖੂਹਾਂ ਤੋਂ ਪਾਣੀ ਦੇ ਘੜੇ ਭਰ ਕੇ ਲਿਆਉਣੇ, ਖੇਤਾਂ ਵਿੱਚ ਭੱਤੇ ਲੈ ਕੇ ਜਾਣਾ, ਸਾਫ਼ ਸੁਥਰੇ ਗੀਤ, ਬੋਲੀਆਂ, ਇਕ ਦੂਜੇ ਦੀ ਸ਼ਰਮ ਸੰਗ, ਵੱਡਿਆਂ ਦਾ ਸਤਿਕਾਰ, ਅਧਿਆਪਕਾਂ ਨੂੰ ਗੁਰੂ ਦੇ ਸਮਾਨ ਸਮਝਣਾ, ਵਿਆਹਾਂ ਵਿੱਚ ਦਾਜ ਦੇਣਾ, ਸੰਦੂਕ, ਪੇਟੀਆਂ ਆਦਿ ਆਦਿ। ਪਰ ਸਭਿਆਚਾਰ ਦੇ ਇਨ੍ਹਾਂ ਅੰਗਾਂ ਵਿਚੋਂ ਬਹੁਤ ਸਾਰੇ ਬਦਲ ਚੁੱਕੇ ਜਾਂ ਖਤਮ ਹੋ ਗਏ ਹਨ ਅਤੇ ਕਈ ਹੋਰ ਬਦਲ ਰਹੇ ਜਾਂ ਖਤਮ ਹੋ ਰਹੇ ਹਨ। ਸਭਿਆਚਾਰ ਦੇ ਇਨ੍ਹਾਂ ਗੁਣਾਂ-ਔਗੁਣਾਂ ਵਿੱਚੋਂ ਕਈਆਂ ਦੇ ਬਦਲਣ ਦਾ ਤਾਂ ਕੋਈ ਰੋਸ ਨਹੀਂ ਸਗੋਂ ਖ਼ੁਸ਼ੀ ਹੈ ਕਿ ਇਹ ਖ਼ਤਮ ਹੋ ਗਏ ਹਨ। ਪਰ ਕਈ ਗੁਣਾਂ ਦੇ ਖ਼ਤਮ ਹੋਣ ਦਾ ਗ਼ਮ ਅਤੇ ਦੁੱਖ ਹੈ। 'ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਹੈ' ਗੀਤ ਅਨੁਸਾਰ ਬਹੁਤ ਸਾਰੇ ਪੁਰਾਣੇ ਰਿਵਾਜ਼ ਖਤਮ ਹੋ ਕੇ ਉਨ੍ਹਾਂ ਦੀ ਥਾਂ ਨਵਿਆਂ ਨੇ ਲੈ ਲਈ ਹੈ ਅਤੇ ਇਹ ਨਵੇਂ ਰੀਤੀ-ਰਿਵਾਜ਼ਾਂ ਵਿਚੋਂ ਕੁਝ ਰੀਤੀ-ਰਿਵਾਜ਼ ਚੰਗੇ ਹਨ ਅਤੇ ਕੁਝ ਮਾੜੇ ਹਨ। ਹੁਣ ਵਿਆਹ ਮੈਰਿਜ ਪੈਲਿਸਾਂ ਵਿੱਚ ਹੋਣ ਲੱਗ ਪਏ ਹਨ। ਢੱਡ ਸਾਨਗੀ ਵਾਲੇ ਕਵੀਸ਼ਰਾਂ ਦੀ ਥਾਂ ਪਹਿਲਾਂ ਗਾਇਕਾਂ ਨੇ ਲਈ ਸੀ, ਫਿਰ ਡੀ. ਜੇ. ਆ ਗਏ, ਹੁਣ ਡਾਨਸਰਾਂ ਦੀ ਵਾਰੀ ਆ ਗਈ ਹੈ। ਕੱਚੀਆਂ ਧੂੜਾਂ ਭਰੀਆਂ ਸੜਕਾਂ ਦੀ ਥਾਂ ਪੱਕੀਆਂ ਸੜਕਾਂ ਆ ਗਈਆਂ ਹਨ। ਦੀਵਿਆਂ ਅਤੇ ਲੈਂਪਾਂ ਦੀ ਥਾਂ ਬਿਜਲੀ ਨੇ ਲੈ ਲਈ ਹੈ। ਕਦੇ ਲੋਕ ਪੈਦਲ ਤੁਰ ਕੇ ਸਫ਼ਰ ਕਰਦੇ ਸਨ। ਫਿਰ ਰੇਲ ਗੱਡੀਆਂ ਆਈਆਂ, ਸਾਈਕਲ ਆਏ, ਬਸਾਂ ਆਈਆਂ, ਕਾਰਾਂ ਆਈਆਂ, ਮੋਟਰ-ਸਾਈਕਲ ਆਏ, ਅਤੇ ਸਕੂਟਰ ਆਏ। ਸਫ਼ਰ ਕਰਨ ਦਾ ਸਭਿਆਚਾਰ ਹਮੇਸ਼ਾਂ ਲਈ ਬਦਲ ਗਿਆ। ਪੰਜਾਬ ਦੇ ਪਿੰਡਾਂ ਦੇ ਸਭਿਆਚਾਰ ਵਿੱਚ ਸਰ੍ਹੋਂ ਦਾ ਸਾਗ, ਲੱਸੀ, ਘਰ ਦੀ ਕੱਢੀ ਸ਼ਰਾਬ ਤੋਂ ਲੈ ਕੇ ਖੀਰ, ਪੂੜੇ, ਦੇਸੀ ਘਿਓ ਦੀਆਂ ਮਠਿਆਈਆਂ, ਜਲੇਬੀਆਂ, ਖੋਏ ਦੇ ਪੇੜੇ, ਪਿੰਨੀਆਂ ਆਦਿ ਪੰਜਾਬੀ ਸਭਿਆਚਾਰ ਦਾ ਹਿੱਸਾ ਰਹੇ ਹਨ ਅਤੇ ਇਨ੍ਹਾਂ ਵਿਚੋਂ ਕੁਝ ਹਾਲੇ ਵੀ ਹਨ। ਜ਼ਨਾਨੀਆਂ ਨੂੰ ਘਰਾਂ ਵਿੱਚ ਛੱਡ ਕੇ ਆਦਮੀਆਂ ਦਾ ਦੋਸਤਾਂ ਦੀਆਂ ਢਾਣੀਆਂ ਵਿੱਚ ਬੈਠ ਕੇ ਸ਼ਰਾਬਾਂ ਪੀਣੀਆਂ, ਖਿਲੀਆਂ ਉਡਾਉਣੀਆਂ, ਬੱਕਰੇ ਬੁਲਾਉਣੇ ਆਦਿ ਪੰਜਾਬੀ ਸਭਿਆਚਾਰ ਦੀ ਖਾਸ ਵਿਸ਼ੇਸ਼ਤਾਈ ਰਹੀ ਹੈ ਜੋ ਹੌਲੀ ਹੌਲੀ

ਵਿਦਿਆ ਦੇ ਫੈਲਾਅ ਨਾਲ ਘਟ ਰਹੀ ਹੈ। ਪਿੰਡਾਂ ਵਿੱਚ ਹਰ ਤਰ੍ਹਾਂ ਦੇ ਨਸ਼ਿਆਂ ਦੀ ਵਰਤੋਂ, ਪੜ੍ਹਾਈ ਅਤੇ ਕੰਮ ਤੋਂ ਕੰਨ ਕਤਰਾਉਣੇ, ਵੱਡੀਆਂ ਵੱਡੀਆਂ ਕੋਠੀਆਂ ਪਾ ਕੇ ਉਪਰ ਜਹਾਜ਼ ਜਾਂ ਹੋਰ ਖਿਡੌਣੇ ਬਣਾਉਣੇ, ਦਿਖਾਵਾ ਕਰਨ ਵਿੱਚ ਪੈਰ ਰੱਖਣਾ, ਰਿਸ਼ਵਤਾਂ, ਸਿਫਾਰਸ਼ਾਂ, ਕਾਰਾਂ, ਮੋਬਾਇਲ ਫ਼ੋਨ, ਟੀ. ਵੀ. ਆਦਿ ਪੰਜਾਬ ਦੇ ਨਵੇਂ ਸਭਿਆਚਾਰ ਦੇ ਕੁਝ ਗੁਣ-ਔਗੁਣ ਬਣ ਗਏ ਹਨ। ਜ਼ਨਾਨੀਆਂ ਨੂੰ ਘਰਾਂ ਵਿੱਚ ਕੈਦ ਕਰ ਕੇ ਆਦਮੀਆਂ ਨੇ ਮੌਜ ਮੇਲੇ ਕਰਨੇ ਪੰਜਾਬੀ ਸਭਿਆਚਾਰ ਦਾ ਬਹੁਤ ਵੱਡਾ ਔਗੁਣ ਸੀ ਅਤੇ ਹਾਲੇ ਵੀ ਹੈ। ਨਵੀਂ ਪੀੜ੍ਹੀ ਨਾਲ ਇਹ ਕਾਫੀ ਬਦਲ ਰਿਹਾ ਹੈ। ਹਾਲੇ ਵੀ ਤੁਸੀਂ ਪੰਜਾਬੀ ਮੇਲਿਆਂ ਅਤੇ ਹੋਰ ਅਜਿਹੇ ਸਮਾਗਮਾਂ ਤੇ ਸਿਰਫ਼ ਆਦਮੀ ਹੀ ਦੇਖੋਗੇ, ਔਰਤਾਂ ਬਹੁਤ ਹੀ ਘੱਟ ਹੋਣਗੀਆਂ। ਇੱਥੋਂ ਤੱਕ ਕਿ ਬਾਹਰਲੇ ਮੁਲਕਾਂ ਵਿੱਚ ਆ ਕੇ ਵੀ ਬਹੁਤੇ ਪੰਜਾਬੀ ਇਵੇਂ ਹੀ ਕਰਦੇ ਹਨ। ਪੰਜਾਬ ਦੀ ਰਾਜਨੀਤੀ ਦਾ ਆਪਣਾ ਸਭਿਆਚਾਰ ਰਿਹਾ ਹੈ। ਮੈਂ ਇਸ ਬਾਰੇ ਬਹੁਤਾ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਇਸ ਦੀ ਜਾਣਕਾਰੀ ਤਾਂ ਸਭ ਨੂੰ ਹੀ ਹੈ। ਜਿਵੇਂ ਜਿਸਦੇ ਹੱਥ ਵੀ ਤਾਕਤ ਆ ਜਾਂਦੀ ਹੈ, ਉਸਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਆਪਣੇ ਵਿਰੋਧੀਆਂ ਦਾ ਹਮੇਸ਼ਾ ਲਈ ਪੱਤਾ ਕੱਟ ਦਿੱਤਾ ਜਾਵੇ, ਪੰਜਾਬ ਦੀ ਅਤੇ ਪੰਜਾਬ ਦੇ ਲੋਕਾਂ ਦੀ ਤਰੱਕੀ ਪਵੇ ਖੂਹ ਵਿੱਚ। ਕਈ ਲੋਕ ਤਾਂ ਰਾਜਨੀਤੀ ਵਿੱਚ ਆਉਂਦੇ ਹੀ ਪੈਸਾ ਕਮਾਉਣ ਹਨ, ਲੋਕਾਂ ਦੀ ਸੇਵਾ ਲਈ ਨਹੀਂ।

ਪਰਿਵਾਰਾਂ ਦੇ ਆਪਣੇ ਸਭਿਆਚਾਰ ਹੁੰਦੇ ਹਨ। ਕੋਈ ਪਰਿਵਾਰ ਪੁਰਾਣੇ ਖ਼ਿਆਲਾਂ ਦਾ ਹੁੰਦਾ ਹੈ, ਕੋਈ ਨਵੇਂ ਖ਼ਿਆਲਾਂ ਵਿੱਚ ਵਿਸ਼ਵਾਸ ਰੱਖਣ ਵਾਲਾ। ਕੋਈ ਪਰਿਵਾਰ ਧਰਮ, ਰਾਜਨੀਤੀ, ਅਤੇ ਸਮਾਜਿਕ ਪੱਖੋਂ ਬਹੁਤ ਹੀ ਕੱਟੜ ਖ਼ਿਆਲਾਂ ਦਾ ਹੁੰਦਾ ਹੈ ਅਤੇ ਕੋਈ ਪਰਿਵਾਰ ਬਹੁਤ ਹੀ ਖੁੱਲ੍ਹੇ ਵਿਚਾਰਾਂ ਵਾਲਾ ਹੁੰਦਾ ਹੈ। ਕੋਈ ਪਰਿਵਾਰ ਦੂਸਰਿਆਂ ਦਾ ਭਲਾ ਸੋਚਣ ਵਾਲਾ ਅਤੇ ਭਲਾ ਕਰਨ ਵਾਲਾ ਹੁੰਦਾ ਹੈ, ਅਤੇ ਕੋਈ ਪਰਿਵਾਰ ਸਿਰਫ਼ ਆਪਣਾ ਹੀ ਸੋਚਣ ਵਾਲਾ ਹੁੰਦਾ ਹੈ। ਕੋਈ ਪਰਿਵਾਰ ਨਸ਼ਿਆਂ ਵਿੱਚ ਘਿਰਿਆ ਹੁੰਦਾ ਹੈ ਅਤੇ ਕੋਈ ਚੰਗੀਆਂ ਆਦਤਾਂ ਦਾ ਹਾਮੀ ਹੁੰਦਾ ਹੈ। ਕੋਈ ਪਰਿਵਾਰ ਹਮੇਸ਼ਾ ਲੜਾਈ ਝਗੜੇ ਵਿੱਚ ਹੀ ਪਿਆ ਰਹਿੰਦਾ ਹੈ ਅਤੇ ਕੋਈ ਪਰਿਵਾਰ ਸ਼ਾਂਤੀ ਦਾ ਪੁੰਜ ਹੁੰਦਾ ਹੈ। ਕੋਈ ਪਰਿਵਾਰ ਸੱਚ ਬੋਲਣ ਅਤੇ ਈਮਾਨਦਾਰੀ ਨਾਲ ਪੇਸ਼ ਆਉਣ ਲਈ ਮਸ਼ਹੂਰ ਹੁੰਦਾ ਹੈ, ਅਤੇ ਕੋਈ ਪਰਿਵਾਰ ਹਮੇਸ਼ਾ ਝੂਠ ਅਤੇ ਬੇਈਮਾਨੀ ਦੇ ਅਧਾਰ 'ਤੇ ਜ਼ਿੰਦਗੀ ਬਿਤਾਉਣ ਲਈ ਜਾਣਿਆ ਜਾਂਦਾ ਹੈ। ਮੁੱਕਦੀ ਗੱਲ ਕਿ ਹਰ ਪਰਿਵਾਰ ਦੇ ਆਪਣੇ ਹੀ ਵੱਖਰੇ ਗੁਣ-ਔਗੁਣ ਹੁੰਦੇ ਹਨ ਅਤੇ ਹਰ ਪਰਿਵਾਰ ਇਨ੍ਹਾਂ ਗੁਣਾਂ-ਔਗੁਣਾਂ ਨਾਲ ਹੀ ਜਾਣਿਆ ਜਾਂਦਾ ਹੈ। ਇਹੋ ਗੁਣ-ਔਗੁਣ ਇਸ ਪਰਿਵਾਰ ਦਾ ਸਭਿਆਚਾਰ ਹੁੰਦੇ ਹਨ।

ਹਰ ਕੰਪਨੀ, ਹਰ ਸੰਸਥਾ, ਹਰ ਕਾਲਜ ਜਾਂ ਯੂਨੀਵਰਸਿਟੀ ਆਦਿ ਦਾ ਵੀ ਆਪਣਾ ਵੱਖਰਾ ਸਭਿਆਚਾਰ ਹੁੰਦਾ ਹੈ। ਜਿਵੇਂ ਕਿ ਕੋਈ ਕੰਪਨੀ ਮਜ਼ਦੂਰਾਂ ਦੇ ਹੱਕ-ਪੱਖ ਦੀ ਸਮਝੀ ਜਾਂਦੀ ਹੈ ਅਤੇ ਕੋਈ ਕੰਪਨੀ ਮਜ਼ਦੂਰ ਵਿਰੋਧੀ ਜਾਣੀ ਜਾਂਦੀ ਹੈ। ਕਿਸੇ ਕੰਪਨੀ ਦਾ ਮੰਤਵ ਸਿਰਫ਼ ਪੈਸਾ ਅਤੇ ਨਫ਼ਾ ਹੀ ਹੁੰਦਾ ਹੈ ਅਤੇ ਕਿਸੇ ਕੰਪਨੀ ਦਾ ਮੰਤਵ ਲੋਕਾਂ ਦੀ ਭਲਾਈ ਵੀ ਹੁੰਦਾ ਹੈ। ਹਰ ਕੰਪਨੀ, ਸੰਸਥਾ, ਕਾਲਜ, ਯੂਨੀਵਰਸਿਟੀ ਆਦਿ ਦਾ ਸਭਿਆਚਾਰ ਆਮ ਤੌਰ 'ਤੇ ਇਸਦੇ ਮੁਖੀ ਦੇ ਬਦਲਣ ਨਾਲ ਕੁਝ ਨਾ ਕੁਝ ਬਦਲ ਜਾਂਦਾ ਹੈ। ਹਰ ਮੁਖੀ ਆਪਣੇ ਸਿਧਾਂਤ, ਆਪਣੇ ਅਸੂਲ, ਆਪਣੇ ਰੀਤੀ-ਰਿਵਾਜ਼, ਆਪਣੀਆਂ ਕਦਰਾਂ-ਕੀਮਤਾਂ, ਆਪਣਾ ਸੁਭਾਅ, ਆਪਣੇ ਤੌਰ ਤਰੀਕੇ ਆਦਿ ਵਰਤ ਕੇ ਇਕ ਨਵਾਂ ਸਭਿਆਚਾਰ ਪੈਦਾ ਕਰ ਦਿੰਦਾ ਹੈ। ਕਈ ਮੁਖੀ ਠੋਸ ਕੰਮ ਕਰਨ ਦਾ ਸਭਿਆਚਾਰ ਪੈਦਾ ਕਰ



ਦਿੰਦੇ ਹਨ, ਅਤੇ ਕਈ ਮੁਖੀ ਸਿਰਫ਼ ਮੌਕਾ ਟਪਾਉਣ, ਆਪਣਾ ਮਤਲਬ ਕੱਢਣ, ਅਤੇ ਮੌਜ ਮੇਲਾ ਕਰਨ ਵਾਲਾ ਵਾਤਾਵਰਣ ਪੈਦਾ ਕਰ ਕੇ ਬਿਲਕੁਲ ਵੱਖਰਾ ਹੀ ਸਭਿਆਚਾਰ ਸਥਾਪਤ ਕਰ ਦਿੰਦੇ ਹਨ।

(ਮਈ 13, 2006)

## ਸਾਡਾ ਪੰਜਾਬੀ ਵਿਰਸਾ

ਵਿਰਸਾ ਬਜ਼ੁਰਗਾਂ ਵੱਲੋਂ ਪੀੜ੍ਹੀ-ਦਰ-ਪੀੜ੍ਹੀ ਦਿੱਤੀਆਂ ਚੀਜ਼ਾਂ ਹਨ। ਇਹ ਚੀਜ਼ਾਂ ਠੋਸ ਅਤੇ ਛੋਹੀਆਂ ਜਾ ਸਕਣ ਵਾਲੀਆਂ (tangible) ਵੀ ਹੋ ਸਕਦੀਆਂ ਹਨ, ਅਤੇ ਇਹ ਚੀਜ਼ਾਂ ਨਾ ਛੋਹੀਆਂ ਜਾਣ ਵਾਲੀਆਂ (intangible) ਵੀ ਹੋ ਸਕਦੀਆਂ ਹਨ। ਠੋਸ ਅਤੇ ਛੋਹੀਆਂ ਜਾ ਸਕਣ ਵਾਲੀਆਂ ਚੀਜ਼ਾਂ ਵਿੱਚ ਜ਼ਮੀਨ ਅਤੇ ਹੋਰ ਜਾਇਦਾਦ ਆ ਜਾਂਦੀ ਹੈ। ਨਾ ਛੋਹੀਆਂ ਜਾ ਸਕਣ ਵਾਲੀਆਂ ਚੀਜ਼ਾਂ ਵਿੱਚ ਸਾਡੇ ਸੁਭਾਅ ਵਗੈਰਾ ਆ ਜਾਂਦੇ ਹਨ।

ਵਿਰਸਾ ਨਿੱਜੀ ਵੀ ਹੋ ਸਕਦਾ ਹੈ, ਪਰਿਵਾਰਕ ਵੀ, ਅਤੇ ਸਮਾਜਿਕ ਵੀ। ਅਸੀਂ ਆਮ ਤੌਰ 'ਤੇ ਵਿਰਸੇ ਦੀ ਗੱਲ ਕਰਦਿਆਂ ਠੋਸ ਪਦਾਰਥਾਂ ਦੀ ਗੱਲ ਹੀ ਕਰਦੇ ਹਾਂ-ਇਨ੍ਹਾਂ ਠੋਸ ਚੀਜ਼ਾਂ ਵਿੱਚ ਵਡੇਰਿਆਂ ਤੋਂ ਬੱਚਿਆਂ ਨੂੰ ਮਿਲੀ ਜ਼ਮੀਨ, ਘਰ, ਕਪੜੇ, ਪਸ਼ੂ, ਗਹਿਣੇ ਆਦਿ ਤੋਂ ਬਿਨਾਂ ਹੋਰ ਬਹੁਤ ਸਾਰੇ ਪਦਾਰਥ ਹੋ ਸਕਦੇ ਹਨ ਜਿਵੇਂ ਦੁਕਾਨ, ਬਿਜ਼ਨਸ, ਸਾਈਕਲ, ਕਾਰ, ਰੇਡੀਓ, ਟੀ. ਵੀ., ਕੈਮਰਾ ਆਦਿ ਆਦਿ। ਪਰ ਇਨ੍ਹਾਂ ਠੋਸ ਪਦਾਰਥਾਂ ਤੋਂ ਬਿਨ੍ਹਾਂ ਇਨਸਾਨ ਨੂੰ ਹੋਰ ਬਹੁਤ ਕੁਝ ਵਡੇਰਿਆਂ ਵੱਲੋਂ ਵਿਰਾਸਤ ਵਿੱਚ ਮਿਲਦਾ ਹੈ ਜਿਨ੍ਹਾਂ ਵਿਚੋਂ ਕੁਝ ਨੂੰ ਅਸੀਂ ਦੇਖ ਜਾਂ ਛੋਹ ਨਹੀਂ ਸਕਦੇ। ਕੁਝ ਨੂੰ ਦੇਖ ਜਾਂ ਮਹਿਸੂਸ ਕਰ ਸਕਦੇ ਹਾਂ ਪਰ ਛੋਹ ਨਹੀਂ ਸਕਦੇ। ਸਾਨੂੰ ਆਪਣੇ ਵਡੇਰਿਆਂ ਵੱਲੋਂ ਸੁਭਾਅ ਆਦਤਾਂ, ਤੰਦਰੁਸਤੀ ਜਾਂ ਬਿਮਾਰੀਆਂ ਦੇ ਜੀਨ (gene), ਮਾਣ-ਇੱਜ਼ਤ, ਆਦਿ ਆਦਿ ਵਿਰਸੇ ਵਿੱਚ ਮਿਲਦੇ ਹਨ। ਬਹੁਤੀ ਵਾਰੀ ਬੱਚਿਆਂ ਦੇ ਸੁਭਾਅ ਬਿਲਕੁਲ ਓਹੋ ਜਿਹੇ ਬਣ ਜਾਂਦੇ ਹਨ ਜਿਸ ਤਰ੍ਹਾਂ ਦੇ ਸੁਭਾਅ ਮਾਂ-ਪਿਉ ਜਾਂ ਘਰ ਵਿੱਚ ਰਹਿੰਦੇ ਹੋਰ ਵੱਡਿਆਂ ਮੈਂਬਰਾਂ ਦੇ ਹੋਣ। ਰੋਜ਼ਾਨਾ ਮਾਂ ਪਿਓ ਅਤੇ ਹੋਰ ਵਡੇਰਿਆਂ ਦੇ ਵਿਵਹਾਰਾਂ ਨੂੰ ਦੇਖ ਕੇ ਬੱਚੇ ਵੀ ਬਹੁਤ ਵਾਰੀ ਉਸੇ ਤਰ੍ਹਾਂ ਦਾ ਵਿਵਹਾਰ ਕਰਨ ਲੱਗ ਪੈਂਦੇ ਹਨ। ਜੇ ਮਾਂ ਪਿਓ ਬਹੁਤ ਹੀ ਚੰਗੇ ਸੁਭਾਅ ਦੇ ਹੋਣ, ਦੂਜਿਆਂ ਨਾਲ ਹਮਦਰਦੀ ਕਰਨ ਵਾਲੇ ਹੋਣ, ਦੂਜਿਆਂ ਦੀ ਮਦਦ ਕਰਨ ਵਾਲੇ ਹੋਣ, ਦੂਜਿਆਂ ਨੂੰ ਪਿਆਰ ਅਤੇ ਸਤਿਕਾਰ ਦੇਣ ਵਾਲੇ ਹੋਣ, ਨਿਮਰਤਾ ਵਾਲੇ ਹੋਣ, ਹਸਮੁਖ ਹੋਣ, ਤਾਂ ਆਮ ਤੌਰ 'ਤੇ ਬੱਚਿਆਂ ਵਿੱਚ ਵੀ ਇਹ ਗੁਣ ਆ ਜਾਂਦੇ ਹਨ। ਪਰ ਜੇ ਮਾਂ ਪਿਓ ਗੁੱਸੇ, ਕ੍ਰੋਧ, ਹੰਕਾਰ ਅਤੇ ਈਰਖਾ ਨਾਲ ਭਰੇ ਹੋਣ ਤਾਂ ਬਹੁਤੀ ਵਾਰੀ ਬੱਚਿਆਂ ਵਿੱਚ ਵੀ ਇਹ ਔਗੁਣ ਆ ਜਾਂਦੇ ਹਨ। ਕਈ ਵਾਰੀ ਜੇ ਪਿਓ ਅਮਲੀ ਜਾਂ ਸ਼ਰਾਬੀ ਹੋਵੇ ਤਾਂ ਪੁੱਤਰਾਂ ਵਿੱਚ ਵੀ ਇਹ ਔਗੁਣ ਆ ਜਾਂਦਾ ਹੈ। ਜਾਂ ਜੇ ਮਾਂ ਪਿਓ ਵਿੱਚ ਕੋਈ ਹੋਰ ਔਗੁਣ ਹੋਵੇ ਤਾਂ ਬਹੁਤੀ ਵਾਰੀ ਉਹ ਔਗੁਣ ਬੱਚੇ ਵੀ ਅਪਣਾ ਲੈਂਦੇ ਹਨ। ਪਰ ਕਈ ਵਾਰੀ ਮਾਂ ਪਿਓ ਦੇ ਮਾੜੇ ਕੰਮ ਦੇਖ ਕੇ ਬੱਚੇ ਮਾੜੀਆਂ ਆਦਤਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਵੀ ਕਰਦੇ ਹਨ। ਮੁਕਦੀ ਗੱਲ ਇਹ ਕਿ ਬੱਚਿਆਂ ਦੇ ਸੁਭਾਅ ਖੂਨ ਦੇ ਰਿਸ਼ਤੇ ਰਾਹੀਂ ਜਾਂ ਮਾਂ ਪਿਓ ਵੱਲ ਵੇਖ ਕੇ ਇਕ ਰੂਪ ਧਾਰਨ ਕਰ ਲੈਂਦੇ ਹਨ। ਵੈਸੇ ਕੁਝ ਸੁਭਾਅ ਅਤੇ ਆਦਤਾਂ ਸਮਾਜ ਵੱਲ ਦੇਖ ਕੇ ਵੀ ਅਪਣਾ ਲਏ ਜਾਂਦੇ ਹਨ। ਜਿਵੇਂ ਕਿ ਬਹੁਤੇ ਪੰਜਾਬੀਆਂ ਦੀਆਂ ਕਈ ਆਦਤਾਂ ਅਤੇ ਸੁਭਾਅ ਲੱਗਭਗ ਇਹੋ ਜਿਹੇ ਹਨ। ਇਸ ਤਰ੍ਹਾਂ ਸਾਨੂੰ

ਬਹੁਤ ਸਾਰੀਆਂ ਚੰਗੀਆਂ ਅਤੇ ਮੰਦੀਆਂ ਆਦਤਾਂ ਵਿਰਸੇ ਵਿੱਚ ਮਿਲਦੀਆਂ ਹਨ।

ਕਈ ਵਾਰੀ ਸਾਨੂੰ ਕੋਈ ਕਲਾ ਜਾਂ ਕਿੱਤਾ ਵੀ ਵਿਰਸੇ ਵਿੱਚ ਮਿਲਦਾ ਹੈ। ਜਿਵੇਂ ਕਿ ਜੇ ਘਰ ਵਿੱਚ ਕੋਈ ਮੈਂਬਰ-ਦਾਦਾ, ਦਾਦੀ, ਮਾਂ, ਪਿਓ, ਵੱਡਾ ਭਰਾ ਜਾਂ ਭੈਣ ਆਦਿ-ਚਿਤਰਕਾਰ ਹੋਵੇ ਤਾਂ ਇਸਦਾ ਅਸਰ ਸਾਡੇ 'ਤੇ ਪੈ ਸਕਦਾ ਹੈ ਅਤੇ ਅਸੀਂ ਵੀ ਚਿਤਰਕਾਰੀ ਵਿਚ ਦਿਲਚਸਪੀ ਲੈਣ ਲੱਗ ਸਕਦੇ ਹਾਂ। ਜੇ ਘਰ ਵਿੱਚ ਕੋਈ ਮੈਂਬਰ ਸਾਹਿਤਕਾਰ ਹੋਵੇ ਤਾਂ ਸਾਡੇ 'ਤੇ ਇਸਦਾ ਅਸਰ ਪੈ ਸਕਦਾ ਹੈ। ਕੁਝ ਦਹਾਕੇ ਪਹਿਲਾਂ ਤੱਕ ਬੱਚਿਆਂ ਨੂੰ ਆਰਥਿਕ ਕਿੱਤੇ ਅਤੇ ਨੌਕਰੀਆਂ ਵੀ ਜਾਤਾਂ ਦੇ ਅਧਾਰ 'ਤੇ ਮਾਂ ਪਿਉ ਵੱਲੋਂ ਹੀ ਵਿਰਸੇ ਵਿੱਚ ਮਿਲਦੀਆਂ ਸਨ। ਚੰਗੀ ਗੱਲ ਇਹ ਹੈ ਕਿ ਕਿੱਤਿਆਂ ਅਤੇ ਨੌਕਰੀਆਂ ਦੀ ਪ੍ਰਾਪਤੀ ਵਿਰਸੇ ਵਿੱਚ ਜਾਤਾਂ ਦੇ ਅਧਾਰ 'ਤੇ ਮਿਲਣੀ ਹੌਲੀ ਹੌਲੀ ਖਤਮ ਹੋ ਰਹੀ ਹੈ।

ਸ਼ਾਇਦ ਸਭ ਤੋਂ ਵੱਡੀ ਚੀਜ਼ ਜੋ ਪੰਜਾਬੀਆਂ ਨੂੰ ਵਿਰਸੇ ਵਿੱਚ ਮਿਲੀ ਹੈ ਉਹ ਹੈ ਪੰਜਾਬੀ ਬੋਲੀ। ਬੋਲੀ ਤੋਂ ਵਧ ਕੇ ਵਿਰਸੇ ਵਿੱਚ ਮਿਲੀ ਹੋਰ ਕੋਈ ਵੀ ਚੀਜ਼ ਜ਼ਿਆਦਾ ਮਹੱਤਤਾ ਵਾਲੀ ਨਹੀਂ ਹੋ ਸਕਦੀ। ਸਭ ਤੋਂ ਖ਼ੂਬਸੂਰਤ ਤਾਂ ਕਹਿਣਾ ਵੀ ਨਹੀਂ ਚਾਹੀਦਾ ਅਤੇ ਕਹਿ ਵੀ ਨਹੀਂ ਸਕਦੇ ਜਦੋਂ ਤੱਕ ਅਸੀਂ ਸਾਰੀਆਂ ਬੋਲੀਆਂ ਨੂੰ ਨਾ ਜਾਣਦੇ ਹੋਈਏ ਪਰ ਇੰਨਾ ਮੈਂ ਜ਼ਰੂਰ ਕਹਿ ਸਕਦਾ ਹਾਂ ਕਿ ਪੰਜਾਬੀ ਬੋਲੀ ਇਕ ਖ਼ੂਬਸੂਰਤ ਬੋਲੀ ਹੈ ਅਤੇ ਪੰਜਾਬੀਆਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ।

ਦੂਸਰੀ ਚੀਜ਼ ਜੋ ਸਾਨੂੰ ਪੰਜਾਬੀਆਂ ਨੂੰ ਵਿਰਸੇ ਵਿੱਚ ਮਿਲੀ ਹੈ ਉਹ ਹੈ ਕਈ ਧਰਮਾਂ ਦੇ ਲੋਕਾਂ ਦਾ ਪਿਆਰ ਅਤੇ ਸਤਿਕਾਰ ਨਾਲ ਰਲ ਮਿਲ ਕੇ ਇਕੱਠੇ ਰਹਿਣਾ। ਦੁਨੀਆਂ ਵਿੱਚ ਬਹੁਤ ਘੱਟ ਮੁਲਕ ਹਨ ਜਿੱਥੇ ਕਈ ਧਰਮਾਂ ਦੇ ਲੋਕ ਸਦੀਆਂ ਲਈ ਇਕ ਦੂਜੇ ਨਾਲ ਇੰਨੇ ਪਿਆਰ ਅਤੇ ਸਤਿਕਾਰ ਨਾਲ ਵਸਦੇ ਰਹੇ ਹੋਣ। ਬਹੁਤੇ ਮੁਲਕਾਂ ਵਿਚ ਸਿਰਫ਼ ਇਕੋ ਧਰਮ ਦੇ ਲੋਕ ਵਸਦੇ ਰਹੇ ਹਨ। ਹੁਣ ਪਿਛਲੇ ਥੋੜ੍ਹੇ ਦਹਾਕਿਆਂ ਵਿੱਚ ਮੁਲਕਾਂ ਵਿਚਾਲੇ ਆਵਾਜਾਈ ਅਤੇ ਪ੍ਰਵਾਸ ਵਧਣ ਨਾਲ ਬਹੁਤ ਸਾਰੇ ਮੁਲਕਾਂ ਵਿੱਚ ਕਈ ਕਈ ਧਰਮਾਂ ਦੇ ਲੋਕ ਵਸਣ ਲੱਗੇ ਹਨ। ਸਾਨੂੰ ਪੰਜਾਬੀਆਂ ਨੂੰ ਇਹ ਗਿਆਨ ਵਿਰਸੇ ਵਿੱਚ ਮਿਲਿਆ ਹੈ ਕਿ ਸਿੱਖ, ਹਿੰਦੂ, ਮੁਸਲਮਾਨ, ਈਸਾਈ, ਬੁੱਧ, ਜੈਨ ਆਦਿ ਧਰਮ ਕੀ ਹਨ ਅਤੇ ਇਨ੍ਹਾਂ ਧਰਮਾਂ ਵਿੱਚ ਯਕੀਨ ਰੱਖਣ ਵਾਲੇ ਇਨਸਾਨ ਕੌਣ ਹਨ। ਬਹੁਤੇ ਪੰਜਾਬੀ ਸਭ ਧਰਮਾਂ ਦੇ ਇਨਸਾਨਾਂ ਨੂੰ ਪਿਆਰ ਕਰਦੇ ਹਨ, ਇਕ ਦੂਜੇ ਦਾ ਸਤਿਕਾਰ ਕਰਦੇ ਹਨ, ਅਤੇ ਰਲ ਮਿਲ ਕੇ ਰਹਿੰਦੇ ਹਨ। ਭਾਵੇਂ ਥੋੜ੍ਹੇ ਬਹੁਤ ਪੰਜਾਬੀ ਕੱਟੜ ਵੀ ਹਨ ਜੋ ਦੂਜੇ ਧਰਮਾਂ ਦੇ ਲੋਕਾਂ ਨੂੰ ਪਸੰਦ ਨਹੀਂ ਕਰਦੇ।

ਅਗਲੀ ਵਡਮੁੱਲੀ ਚੀਜ਼ ਜੋ ਸਾਨੂੰ ਪੰਜਾਬੀਆਂ ਨੂੰ ਵਿਰਸੇ ਵਿੱਚ ਮਿਲੀ ਹੈ ਉਹ ਹੈ ਗੁਰੂ ਗ੍ਰੰਥ ਸਾਹਿਬ। ਮੈਂ ਇਹ ਇਸ ਲਈ ਨਹੀਂ ਕਹਿ ਰਿਹਾ ਕਿ ਮੈਂ ਸਿੱਖ ਹਾਂ ਸਗੋਂ ਇਸ ਲਈ ਕਹਿ ਰਿਹਾ ਹਾਂ ਕਿ ਸਭ ਧਰਮਾਂ ਦੇ ਗ੍ਰੰਥਾਂ ਵਾਂਗ ਗੁਰੂ ਗ੍ਰੰਥ ਸਾਹਿਬ ਵੀ ਅਮੁੱਲੇ ਵਿਚਾਰਾਂ, ਨਸੀਹਤਾਂ, ਅਤੇ ਜ਼ਿੰਦਗੀ ਜੀਵਣ ਦੇ ਅਸੂਲਾਂ ਨਾਲ ਭਰਿਆ ਪਿਆ ਹੈ। ਸਾਡਾ ਵਿਰਸਾ ਹੈ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।' ਸਾਡਾ ਵਿਰਸਾ ਹੈ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।' ਸਾਡਾ ਵਿਰਸਾ ਹੈ 'ਪਾਪਾ ਵਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।' ਸਾਡਾ ਵਿਰਸਾ ਹੈ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।' ਸਾਡਾ ਵਿਰਸਾ ਹੈ 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।' ਸਾਡਾ ਵਿਰਸਾ ਹੈ 'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।' ਸਾਡਾ ਵਿਰਸਾ ਹੈ 'ਵੰਡ ਛਕਣਾ' ਅਤੇ 'ਸਰਬੱਤ ਦਾ ਭਲਾ' ਮੰਗਣਾ। ਅਸੀਂ ਇਸ ਵਿਰਸੇ ਨੂੰ ਕਿੰਨਾ ਕੁ ਕਾਇਮ ਰੱਖ ਰਹੇ ਹਾਂ ? ਇਸ ਬਾਰੇ ਸਾਨੂੰ



ਸਭ ਨੂੰ ਹੀ ਪਤਾ ਹੈ।

ਸਾਡਾ ਵਿਰਸਾ ਹਨ ਉਹ ਗੁਰੂ ਜਿਨ੍ਹਾਂ ਨੇ ਬਿਨਾਂ ਕਿਸੇ ਧਾਰਮਿਕ ਪੱਖ-ਪਾਤ ਅਤੇ ਭੇਦ-ਭਾਵ ਦੇ ਮਰਦਾਨੇ ਨੂੰ ਆਪਣਾ ਸਾਥੀ ਬਣਾਇਆ ਅਤੇ ਇਕ ਮੁਸਲਮਾਨ ਪੀਰ ਮੀਆਂ ਮੀਰ ਤੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਾਈ। ਸਾਡਾ ਵਿਰਸਾ ਹਨ ਉਹ ਗੁਰੂ ਜਿਨ੍ਹਾਂ ਨੇ ਬਿਨਾਂ ਭੇਦ ਭਾਵ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਅਤੇ ਮੁਸਲਮਾਨ ਭਗਤਾਂ ਅਤੇ ਦਰਵੇਸ਼ਾਂ ਦੀ ਬਾਣੀ ਸ਼ਾਮਿਲ ਕੀਤੀ। ਸਾਡਾ ਵਿਰਸਾ ਹਨ ਚਾਰ ਸਾਹਿਬਜ਼ਾਦੇ। ਸਾਡਾ ਵਿਰਸਾ ਹੈ ਗੁਰੂ ਤੇਗ ਬਹਾਦਰ ਦੀ ਸ਼ਹੀਦੀ। ਸਾਡਾ ਵਿਰਸਾ ਹੈ ਭਾਈ ਘਨਈਆ ਜੀ। ਸਾਡਾ ਵਿਰਸਾ ਹੈ ਜਲਿਆਂ ਵਾਲਾ ਬਾਗ਼। ਸਾਡਾ ਵਿਰਸਾ ਹੈ ਭਗਤ ਪੂਰਨ ਸਿੰਘ। ਸਾਡਾ ਵਿਰਸਾ ਹੈ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਅਤੇ ਕਰਤਾਰ ਸਿੰਘ ਸਰਾਭਾ। ਸਾਡਾ ਵਿਰਸਾ ਹੈ ਮਹਾਰਾਜਾ ਰਣਜੀਤ ਸਿੰਘ ਅਤੇ ਉਸਦਾ ਇਨਸਾਫ਼ ਪਸੰਦ ਰਾਜ ਜਿਸ ਵਿੱਚ ਸਭ ਧਰਮਾਂ ਦੇ ਲੋਕਾਂ ਨਾਲ ਇਕੋ ਜਿਹਾ ਵਿਵਹਾਰ ਕੀਤਾ ਜਾਂਦਾ ਸੀ। ਸਾਡਾ ਵਿਰਸਾ ਹਨ ਹਰੀ ਸਿੰਘ ਨਲੂਏ ਵਰਗੇ ਜਰਨੈਲ। ਕਾਸ਼ ਅਸੀਂ ਗੁਰਪੁਰਬ ਅਤੇ ਸ਼ਹੀਦਾਂ ਦੇ ਸ਼ਹੀਦੀ ਦਿਨ ਮਨਾਉਣ ਦੇ ਨਾਲ ਨਾਲ ਉਨ੍ਹਾਂ ਦੇ ਵਿਚਾਰਾਂ ਅਤੇ ਅਸੂਲਾਂ 'ਤੇ ਵੀ ਚਲ ਸਕੀਏ।

ਸਾਡਾ ਵਿਰਸਾ ਹੈ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਅਤੇ ਸੁਲਤਾਨ ਬਾਹੂ ਦਾ ਸੂਫ਼ੀ ਕਲਾਮ। ਬੁੱਲੇ ਸ਼ਾਹ ਅਤੇ ਸ਼ਾਹ ਹੁਸੈਨ ਦੇ ਕਲਾਮ ਵਰਗਾ ਸੂਫ਼ੀ ਸਾਹਿਤ ਮੁੜ ਕੇ ਕਦੇ ਵੀ ਨਾ ਰਚਿਆ ਜਾ ਸਕੇ। ਕੀ ਕਹਿਣੇ ਹਨ ਬੁੱਲ੍ਹੇ ਸ਼ਾਹ ਦੇ ਕਲਾਮ ਦੇ-ਬੁੱਲ੍ਹਾ ਕੀ ਜਾਣਾ ਮੈਂ ਕੌਣ, ਜਾਂ ਬਹੁੜੀਂ ਵੇ ਤਬੀਬਾ ਮੈਂਡੀ ਖਬਰ ਗਈਆ, ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ, ਜਾਂ ਬਸ ਕਰ ਜੀ ਹੁਣ ਬਸ ਕਰ ਜੀ, ਇਕ ਬਾਤ ਅਸਾਂ ਨਾਲ ਹੱਸ ਕਰ ਜੀ। ਸ਼ਾਹ ਹੁਸੈਨ ਦਾ ਕਲਾਮ ਤਾਂ ਮਸਤ ਕਰਨ ਵਾਲਾ ਹੈ-ਰੱਬਾ ਮੇਰੇ ਹਾਲ ਦਾ ਮਹਿਰਮੁ ਤੂੰ; ਜਾਂ ਚਰਖਾ ਮੇਰਾ ਰੰਗਲੜਾ ਰੰਗ ਲਾਲੁ; ਜਾਂ ਮੇਰੇ ਸਾਹਿਬਾ ਮੈਂ ਤੇਰੀ ਹੋ ਮੁਕੀਆਂ; ਜਾਂ ਇਕ ਦਿਨ ਤੈਨੂੰ ਸੁਪਨਾ ਥੀਸਨਿ; ਜਾਂ ਸਜਣ ਦੇ ਹਥ ਬਾਂਹਿ ਅਸਾਡੀ; ਜਾਂ ਨੀ ਸਈਉ ਅਸੀਂ ਨੈਣਾਂ ਦੇ ਆਖੇ ਲੱਗੇ; ਜਾਂ ਘੁੰਮ, ਚਰਖੜਿਆ ਵੇ ਤੇਰੀ ਕੱਤਣ ਵਾਲੀ ਜੀਵੇ; ਜਾਂ ਮੈਂ ਭੀ ਝੋਕ ਰਾਂਝਣ ਦੀ ਜਾਣਾ ਨਾਲਿ ਮੇਰੇ ਕੋਈ ਚੱਲੇ, ਜਾਂ ਪਿਆਰੇ ਬਿਨ ਰਾਤੀਂ ਹੋਈਆਂ ਵੱਡੀਆਂ। ਇਹੋ ਜਿਹਾ ਖ਼ੂਬਸੂਰਤ ਇੰਨਾ ਪੁਰਾਣਾ ਕਲਾਮ ਕਿੰਨੀਆਂ ਕੁ ਜ਼ੁਬਾਨਾਂ ਵਿੱਚ ਮਿਲੇਗਾ।

ਸਾਡਾ ਵਿਰਸਾ ਹੈ ਹੀਰ-ਰਾਂਝੇ ਦਾ ਇਸ਼ਕ, ਸੋਹਣੀ ਦਾ ਝਨਾਂ ਵਿੱਚ ਡੁੱਬਣਾ, ਸੱਸੀ ਦਾ ਥਲਾਂ ਵਿਚ ਸੜਕੇ ਮਰ ਜਾਣਾ, ਮਿਰਜ਼ੇ ਦਾ ਸਾਹਿਬਾਂ ਦੇ ਭਰਾਵਾਂ ਹੱਥੋਂ ਮਾਰਿਆ ਜਾਣਾ। ਸਾਡਾ ਵਿਰਸਾ ਹੈ ਵਾਰਿਸ਼ ਸ਼ਾਹ ਦੀ ਹੀਰ। ਜਿੰਨੀ ਵਾਰੀ ਮਰਜ਼ੀ ਇਸਨੂੰ ਪੜ੍ਹ ਲਓ ਤੁਸੀਂ ਕਦੇ ਨਹੀਂ ਅੱਕਦੇ। ਇੰਨੀ ਸੋਹਣੀ ਸ਼ਬਦਾਵਲੀ, ਇੰਨੀਆਂ ਯਥਾਰਥ ਭਰੀਆਂ ਗੱਲਾਂ ਇੰਨੇ ਸੌ ਸਾਲ ਪਹਿਲਾਂ ਲਿਖੀਆਂ ਕਿੰਨੀਆਂ ਕੁ ਜ਼ੁਬਾਨਾਂ ਵਿੱਚ ਮਿਲਣਗੀਆਂ ? ਸਾਡਾ ਵਿਰਸਾ ਹੈ ਹਾਸ਼ਮ ਦੀ ਸੱਸੀ, ਪੀਲੂ ਦਾ ਮਿਰਜ਼ਾ-ਸਾਹਿਬਾਂ, ਕਾਦਰਯਾਰ ਦੀ ਸੋਹਣੀ, ਸ਼ਾਹ ਮੁਹੰਮਦ ਦੀਆਂ ਵਾਰਾਂ। 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।' ਕਿੰਨੀਆਂ ਖ਼ੂਬਸੂਰਤ ਹਨ ਇਹ ਸਤਰਾਂ! ਜੇ ਪਿਛਲੇ ਕੁਝ ਦਹਾਕਿਆਂ ਦੇ ਪੰਜਾਬੀ ਸਾਹਿਤ ਵੱਲ ਝਾਤੀ ਮਾਰੀਏ ਤਾਂ ਸਾਡਾ ਵਿਰਸਾ ਹਨ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਣ ਸਿੰਘ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਸ਼ਿਵ ਕੁਮਾਰ, ਨੰਦ ਲਾਲ ਨੂਰਪੁਰੀ ਅਤੇ ਕਈ ਹੋਰ ਨਾਮਵਰ ਲੇਖਕ। ਅਸੀਂ ਇਸ ਸਾਹਿਤਕ ਵਿਰਸੇ ਨੂੰ ਕਿਵੇਂ ਸੰਭਾਲਣਾ ਹੈ, ਇਹ ਸਾਡੇ 'ਤੇ ਨਿਰਭਰ ਹੈ।

ਗੀਤ-ਸੰਗੀਤ ਦੇ ਖੇਤਰ ਵਿੱਚ ਸਾਡਾ ਵਿਰਸਾ ਹਨ ਸੁਰਿੰਦਰ ਕੌਰ-ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਯਮਲਾ, ਨੁਸਰਤ, ਸ਼ਮਸ਼ਾਦ ਬੇਗਮ, ਅਬੀਦਾ ਪ੍ਰਵੀਨ ਅਤੇ ਹੋਰ ਬਹੁਤ ਸਾਰੇ ਗਾਇਕ। ਸਾਡਾ ਵਿਰਸਾ ਹਨ ਬੋਲੀਆਂ, ਸਿੱਠਣੀਆਂ, ਭੰਗੜਾ, ਗਿੱਧਾ, ਠੁਮਰੀ। ਸਾਨੂੰ ਵਿਰਸੇ ਵਿੱਚ ਮਿਲੇ ਹਨ ਪੰਜਾਬੀ ਮੇਲੇ ਅਤੇ ਤ੍ਰਿੰਜਣ। ਅਸੀਂ ਇਸ ਵਿਰਸੇ ਤੋਂ ਕੀ ਸਿੱਖਣਾ ਹੈ, ਇਸਨੂੰ ਅੱਗੇ ਕਿੱਥੇ ਲੈ ਕੇ ਜਾਣਾ ਹੈ, ਅਤੇ ਇਸਨੂੰ ਕਿਵੇਂ ਬਰਕਰਾਰ ਰੱਖਣਾ ਹੈ, ਇਹ ਸਭ ਸਾਨੂੰ ਹੀ ਸੋਚਣਾ ਪਵੇਗਾ।

ਸਾਡਾ ਵਿਰਸਾ ਸੀ ਸਚਾਈ, ਈਮਾਨਦਾਰੀ, ਦਸਾਂ ਨੌਹਾਂ ਦੀ ਕਿਰਤ ਕਰ ਕੇ ਖਾਣਾ, ਨਿਮਰਤਾ, ਦੂਜਿਆਂ ਦੀ ਮੱਦਦ ਕਰਨੀ, ਰੱਬ ਦਾ ਸ਼ੁਕਰ ਮਨਾਉਣਾ। ਪਰ ਇਹ ਸਭ ਹੌਲੀ ਹੌਲੀ ਖ਼ਤਮ ਹੋ ਰਿਹਾ ਹੈ। ਸਾਡਾ ਨਵਾਂ ਵਿਰਸਾ ਕੀ ਬਣ ਰਿਹਾ ਹੈ? ਪੰਜਾਬੀ ਭਵਿੱਖ ਦੀਆਂ ਪੀੜ੍ਹੀਆਂ ਲਈ ਅੱਜ ਕਲ੍ਹ ਅਸੀਂ ਕਿਹੜਾ ਵਿਰਸਾ ਛੱਡ ਰਹੇ ਹਨ? ਅੱਜ ਕਲ੍ਹ ਪੈਸਾ ਹੀ ਪ੍ਰਧਾਨ ਹੋ ਰਿਹਾ ਹੈ। ਪੈਸੇ ਦੀ ਮਹੱਤਤਾ ਨਾਲ ਪੈਸੇ ਨੂੰ ਗ਼ਲਤ ਤਰੀਕਿਆਂ ਨਾਲ ਕਮਾਉਣ ਦੇ ਤਰੀਕੇ ਸਾਡੇ ਪੰਜਾਬੀਆਂ ਦੇ ਭਵਿੱਖ ਦਾ ਵਿਰਸਾ ਬਣ ਰਹੇ ਹਨ। ਭਵਿੱਖ ਕੀ ਹੋਵੇਗਾ। ਕੋਈ ਪਤਾ ਨਹੀਂ।

(ਜੂਨ 6, 2008)

## ਮਾਂ ਵਰਗਾ ਘਣ-ਛਾਵਾਂ ਬੂਟਾ

ਮਾਂ ਬਾਰੇ ਦੁਨੀਆਂ ਦੇ ਸਾਹਿਤ ਵਿੱਚ ਬਹੁਤ ਕੁਝ ਲਿਖਿਆ ਗਿਆ ਹੈ। ਪੰਜਾਬੀ ਸਾਹਿਤ ਵਿੱਚ ਵੀ ਮਾਂ 'ਤੇ ਕਾਫ਼ੀ ਕੁਝ ਲਿਖਿਆ ਗਿਆ ਹੈ। ਇਸਦੇ ਮੁਕਾਬਲੇ 'ਤੇ ਪਿਓ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਤੋਂ ਇਹ ਜ਼ਾਹਰ ਹੈ ਕਿ ਸਾਡੇ ਸਾਰਿਆਂ ਲਈ ਜ਼ਿੰਦਗੀ ਵਿੱਚ ਪਿਓ ਨਾਲੋਂ ਮਾਂ ਦੀ ਮਹੱਤਤਾ ਅਤੇ ਮਾਂ ਲਈ ਪਿਆਰ ਕਿਤੇ ਜ਼ਿਆਦਾ ਹੈ। ਜਦੋਂ ਵੀ ਕਿਸੇ ਨੂੰ ਕੋਈ ਦੁੱਖ ਹੁੰਦਾ ਹੈ ਜਾਂ ਸੱਟ ਚੋਟ ਲੱਗਦੀ ਹੈ ਤਾਂ ਉਹ ਇਨਸਾਨ ਜਾਂ ਤਾਂ 'ਹਾਏ ਰੱਬਾ' ਕਹਿੰਦਾ ਹੈ ਅਤੇ ਜਾਂ ਫਿਰ 'ਹਾਏ ਮਾਂ' ਇਸ ਤੋਂ ਸਪਸ਼ਟ ਹੈ ਕਿ ਅਸੀਂ ਸਾਰੇ ਹੀ ਮਾਂ ਨੂੰ ਰੱਬ ਦੇ ਬਰਾਬਰ ਦਾ ਅਹੁਦਾ ਦਿੰਦੇ ਹਾਂ। ਸੱਚਮੁੱਚ ਹੀ ਮਾਂ ਅਤੇ ਰੱਬ ਵਿੱਚ ਕੋਈ ਫ਼ਰਕ ਨਹੀਂ। ਜਿਹੇ ਮਾਂ ਦੇ ਦਰਸ਼ਨ ਕਰ ਲਏ, ਤੇਹਾ ਖ਼ੁਦਾ ਦਾ ਨਾਂ ਲੈ ਲਿਆ। ਮਾਂ ਦਾ ਨਾਂ ਲੈਣਾ, ਮਾਂ ਨੂੰ ਮਿਲਣਾ, ਉਸਨੂੰ ਗਲਵਕੜੀ ਪਾਉਣੀ, ਉਸਦੇ ਦਰਸ਼ਨ ਕਰ ਲੈਣੇ ਇਕ ਤਰ੍ਹਾਂ ਨਾਲ ਰੱਬ ਨੂੰ ਧਿਆਉਣ ਅਤੇ ਪਾਠ-ਪੂਜਾ ਕਰਨ ਦੇ ਸਮਾਨ ਹੀ ਹੈ। ਮਾਂ ਦੇ ਚਰਨ ਛੋਹਣੇ ਧਾਰਮਿਕ ਅਸਥਾਨ 'ਤੇ ਮੱਥਾ ਟੇਕਣ ਜਿੰਨੀ ਮਹੱਤਤਾ ਰੱਖਦਾ ਹੈ। ਸ਼ਾਇਦ ਹਾਲੇ ਤੱਕ ਵੀ ਪੰਜਾਬੀ ਵਿੱਚ ਮਾਂ ਬਾਰੇ ਸਭ ਤੋਂ ਖ਼ੂਬਸੂਰਤ ਕਵਿਤਾ (ਰੁਬਾਈ) ਕਈ ਦਹਾਕੇ ਪਹਿਲਾਂ ਪ੍ਰੋਫ਼ੈਸਰ ਮੋਹਨ ਸਿੰਘ ਦੀ ਲਿਖੀ ਹੇਠ ਲਿਖੀ ਕਵਿਤਾ ਹੀ ਹੈ:

ਮਾਂ ਵਰਗਾ ਘਣ-ਛਾਵਾਂ ਬੂਟਾ
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ
ਜੜ੍ਹ ਸੁੱਕਿਆਂ ਮੁਰਝਾਂਦੇ,



ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁੱਕ ਜਾਏ।

ਇਹ ਮਾਂ ਹੀ ਹੈ ਜੋ ਸੁੱਖਾਂ ਸੁੱਖ ਸੁੱਖ ਕੇ ਬੱਚੇ ਲੈਂਦੀ ਹੈ ਅਤੇ ਸਾਰੀ ਜ਼ਿੰਦਗੀ ਬੱਚਿਆਂ ਦੀ ਸੁੱਖ ਮੰਗਦੀ ਰੱਬ ਅੱਗੇ ਅਰਦਾਸਾਂ ਕਰਦੀ ਰਹਿੰਦੀ ਹੈ। ਇਹ ਮਾਂ ਹੀ ਹੈ ਜਿਸਨੂੰ ਬੱਚੇ ਦੇ ਜਨਮ ਤੱਕ ਦੇ ਸਾਰੇ ਦੁੱਖ ਅਤੇ ਪੀੜਾਂ ਝੱਲਣੇ ਪੈਂਦੇ ਹਨ। ਬੱਚੇ ਦੇ ਜਨਮ 'ਤੇ ਵੀ ਸ਼ਾਇਦ ਮਾਂ ਤੋਂ ਵੱਧ ਕਿਸੇ ਹੋਰ ਨੂੰ ਖ਼ੁਸ਼ੀ ਨਹੀਂ ਹੁੰਦੀ। ਇਹ ਮਾਂ ਹੀ ਹੈ ਜੋ ਬੱਚੇ ਨੂੰ ਲੋਰੀਆਂ ਦਿੰਦੀ ਹੈ, ਦਿਲ ਨਾਲ ਲਾ ਕੇ ਰੱਖਦੀ ਹੈ, ਅਤੇ ਲਾਡ ਲਡਾਉਂਦੀ ਹੈ। ਸ਼ਾਇਦ ਬੱਚਾ ਵੀ ਜ਼ਿੰਦਗੀ ਵਿੱਚ ਸਭ ਤੋਂ ਪਹਿਲਾ ਸ਼ਬਦ 'ਮਾਂ' ਹੀ ਕਹਿੰਦਾ ਹੈ।

ਮਾਂ ਹੀ ਹੈ ਜੋ ਬੱਚਿਆਂ ਦਾ ਗੰਦ ਸਾਫ਼ ਕਰਦੀ ਹੈ। ਮਾਂ ਹੀ ਹੈ ਜੋ ਰੋਂਦੇ ਬੱਚੇ ਦੇ ਅੱਥਰੂ ਪੂੰਝਦੀ ਹੈ ਅਤੇ ਰੋਂਦੇ ਬੱਚੇ ਨੂੰ ਘੁੱਟ ਕੇ ਦਿਲ ਨਾਲ ਲਾਉਂਦੀ ਹੈ ਅਤੇ ਉਸਦੇ ਨਾਲ ਆਪ ਵੀ ਰੋਂਦੀ ਹੈ। ਮਾਂ ਹੀ ਹੈ ਜੋ ਖ਼ੁਸ਼ੀ ਵਿੱਚ ਹੱਸਦੇ ਬੱਚੇ ਨੂੰ ਦੇਖ ਕੇ ਰੱਬ ਦਾ ਸ਼ੁਕਰ ਕਰਦੀ ਹੈ ਅਤੇ ਖ਼ੁਸ਼ੀ ਮਨਾਉਂਦੀ ਹੈ।

ਜਿਨ੍ਹਾਂ ਨੂੰ ਮਾਂ ਦਾ ਪਿਆਰ ਮਿਲਿਆ ਹੈ ਉਹ ਜਾਣਦੇ ਹਨ ਕਿ ਇਹ ਪਿਆਰ ਪਿਘਲਦੀ ਬਰਫ਼ ਦੇ ਪਾਣੀ ਵਾਂਗੂੰ ਨਿਰਛਲ ਅਤੇ ਸੱਚਾ ਸੁੱਚਾ ਹੁੰਦਾ ਹੈ। ਮਾਂ ਦੀ ਗਲਵਕੜੀ ਵਿੱਚ ਸਿਆਲ ਦੀ ਰੁੱਤੇ ਅੱਗ ਦੀ ਧੂਣੀ ਵਿਚੋਂ ਮਿਲਦੇ ਸੇਕ ਜਿਹਾ ਨਿੱਘ ਹੁੰਦਾ ਹੈ। ਮਾਂ ਦੇ ਚੁੰਮਣ ਵਿੱਚ ਬਰਫ਼ ਨੂੰ ਪਿਘਲਾ ਦੇਣ ਜਿੰਨੀ ਮਮਤਾ ਹੁੰਦੀ ਹੈ। ਮਾਂ ਦੀ ਆਸ਼ੀਰਵਾਦ ਵਿੱਚ ਪਹਾੜਾਂ ਨੂੰ ਪਾੜ ਦੇਣ ਜਿੰਨੀ ਸ਼ਕਤੀ ਹੁੰਦੀ ਹੈ। ਮਾਂ ਦੀ ਆਵਾਜ਼ ਸੁਣ ਕੇ ਉਹੀ ਸਕੂਨ ਮਿਲਦਾ ਹੈ ਜੋ ਕਿਸੇ ਧਾਰਮਿਕ ਅਸਥਾਨ 'ਤੇ ਪਾਠ ਸੁਣ ਕੇ ਮਿਲਦਾ ਹੋਵੇ। ਮੇਰੀ ਲਗਭਗ 83 ਸਾਲਾਂ ਦੀ ਮਾਂ ਪੰਜਾਬ ਵਿੱਚ ਮੇਰੇ ਭਰਾ ਦੇ ਪਰਿਵਾਰ ਨਾਲ ਰਹਿੰਦੀ ਹੈ। ਹਰ ਹਫ਼ਤੇ ਜਾਂ ਦੋ ਹਫ਼ਤੀਂ ਜਦੋਂ ਵੀ ਮੈਂ ਉਸਨੂੰ ਫ਼ੋਨ ਕਰਾਂ, ਪਹਿਲਾਂ ਇਕ ਦੋ ਮਿੰਟ ਤਾਂ ਉਹ ਮੈਨੂੰ ਅਸੀਸਾਂ ਦਿੰਦੀ ਹੀ ਨਹੀਂ ਥੱਕਦੀ ਜਿਨ੍ਹਾਂ ਨੂੰ ਸੁਣ ਕੇ ਇੰਜ ਲਗਦਾ ਹੈ ਜਿਵੇਂ ਮੈਂ ਕਿਸੇ ਇਲਾਹੀ ਅਵਾਜ਼ ਨੂੰ ਸੁਣ ਰਿਹਾ ਹੋਵਾਂ। ਉਸਨੂੰ ਟੋਕਣ ਲਈ ਮੇਰਾ ਹੌਸਲਾ ਹੀ ਨਹੀਂ ਪੈਂਦਾ। ਮੈਂ ਉਦੋਂ ਹੀ ਬੋਲਦਾ ਹਾਂ ਜਦੋਂ ਸਾਰੀਆਂ ਅਸੀਸਾਂ ਦੇਣ ਤੋਂ ਬਾਅਦ ਮਾਂ ਪੁੱਛਦੀ ਹੈ, "ਅੱਛਾ ਫੇਰ ਕਾਕਾ ਤੇਰਾ ਕੀ ਹਾਲ ਹੈ?" ਉਸਦੀਆਂ ਅਸੀਸਾਂ ਸੁਣ ਕੇ ਲਗਦਾ ਹੈ ਕਿ ਮੈਨੂੰ ਰੱਬ ਦੀ ਆਸ਼ੀਰਵਾਦ ਮਿਲ ਗਈ ਹੈ ਅਤੇ ਮੈਨੂੰ ਹੁਣ ਜ਼ਿੰਦਗੀ ਵਿੱਚ ਕੋਈ ਵੀ ਹਰਾਉਣ ਵਾਲਾ ਨਹੀਂ।

ਹਿੰਦੁਸਤਾਨੀ ਅਤੇ ਖਾਸ ਕਰ ਕੇ ਪੰਜਾਬੀ ਸਭਿਆਚਾਰ ਵਿੱਚ ਮਾਂ ਚਿੰਤਾ ਦਾ ਭੰਡਾਰ ਹੈ। ਉਹ ਹਰ ਵੇਲੇ ਆਪਣੇ ਬੱਚਿਆਂ ਦੇ ਫਿਕਰ ਵਿੱਚ ਸਮਾਂ ਗੁਜ਼ਾਰਦੀ ਹੈ ਭਾਵੇਂ ਉਨ੍ਹਾਂ ਦੀ ਉਮਰ ਕੁਝ ਮਹੀਨੇ ਹੋਵੇ, ਭਾਵੇਂ ਕੁਝ ਸਾਲ, ਭਾਵੇਂ ਪੰਜਾਹ ਸਾਲ ਅਤੇ ਭਾਵੇਂ ਇਸ ਤੋਂ ਵੀ ਵੱਧ। ਹਰ ਵੇਲੇ ਉਸਦਾ ਦਿਲ ਆਪਣੇ ਬੱਚਿਆਂ ਵਿੱਚ ਧੜਕਦਾ ਰਹਿੰਦਾ ਹੈ ਬੱਚੇ ਭਾਵੇਂ ਕਿਤੇ ਵੀ ਹੋਣ। ਬੱਚੇ ਘਰ ਪਰਤਣ ਲਈ ਥੋੜ੍ਹਾ ਜਿਹਾ ਵੀ ਲੇਟ ਹੋ ਜਾਣ ਤਾਂ ਮਾਂ ਨੂੰ ਚੈਨ ਨਹੀਂ ਆਉਂਦਾ। ਉਹ ਘਰ ਦੇ ਬੂਹੇ ਵਿੱਚ ਖੜ੍ਹ ਕੇ ਜਾਂ ਘਰ ਦੀਆਂ ਦਹਿਲੀਜ਼ਾਂ ਤੇ ਬੈਠ ਕੇ ਬੜੀ ਚਿੰਤਾ ਨਾਲ ਉਨ੍ਹਾਂ ਦਾ ਇੰਤਜ਼ਾਰ ਕਰਦੀ ਹੈ। ਬੇਟਾ ਭਾਵੇਂ ਦਸ ਨੰਬਰ ਦਾ ਮੁਜਰਮ ਅਤੇ ਬਦਮਾਸ਼ ਹੋਵੇ, ਧੀ ਭਾਵੇਂ ਜਿੰਨੀ ਮਰਜ਼ੀ ਮਾੜੀ ਹੋਵੇ, ਮਾਂ ਨੂੰ ਉਹ ਨਿਰੇ ਅਸਲੀ ਸੋਨੇ ਵਰਗੇ ਲਗਦੇ ਹਨ। ਮਾਂ ਜੇ ਕਦੇ ਘੜੀ-ਪਲ ਕਿਸੇ ਬੱਚੇ ਨੂੰ ਮਾੜਾ ਕਹਿ ਵੀ ਲਵੇ ਤਾਂ ਦੂਜੇ ਪਲ ਹੀ ਉਸਨੂੰ ਘੁੱਟ ਕੇ ਸੀਨੇ ਨਾਲ ਲਾ ਕੇ ਪਸ਼ਚਾਤਾਪ ਕਰੇਗੀ। ਮਾਂ ਕਿਸੇ ਵੀ ਬੱਚੇ ਨਾਲ ਬੇਇਨਸਾਫ਼ੀ ਨਹੀਂ ਕਰ ਸਕਦੀ ਅਤੇ ਨਾ ਹੀ ਕਿਸੇ ਬੱਚੇ ਨਾਲ ਬੇਇਨਸਾਫ਼ੀ

ਹੁੰਦੀ ਸਹਾਰ ਸਕਦੀ ਹੈ। ਮਾਂ ਹੀ ਹੈ ਜਿਹੜੀ ਹਮੇਸ਼ਾ ਆਪਣੇ ਬੱਚੇ ਨੂੰ ਕਹਿੰਦੀ ਹੈ, "ਮੇਰੀ ਉਮਰ ਵੀ ਤੈਨੂੰ ਲੱਗ ਜਾਵੇ।" ਕੋਈ ਵਿਰਲੀ ਮਾਂ ਹੀ ਚੰਡਾਲ ਹੁੰਦੀ ਹੈ। ਮਾਂ ਹੀ ਹੈ ਜਿਹੜੀ ਆਮ ਤੌਰ 'ਤੇ ਬੱਚੇ ਨੂੰ ਪਾਲਦੀ ਹੈ, ਉਸਦਾ ਚਾਲ-ਚਲਣ ਢਾਲਦੀ ਹੈ, ਉਸਨੂੰ ਚੰਗੀਆਂ ਆਦਤਾਂ ਸਿਖਾਉਂਦੀ ਹੈ, ਅਤੇ ਉਸਨੂੰ ਚੰਗਾ ਇਨਸਾਨ ਬਣਨ ਲਈ ਪ੍ਰੇਰਦੀ ਹੈ।

ਹਿੰਦੁਸਤਾਨੀ ਅਤੇ ਖ਼ਾਸ ਕਰ ਕੇ ਪੰਜਾਬੀ ਬਾਪ ਸਦੀਆਂ ਤੋਂ ਡਰ ਦਾ ਵਸੀਲਾ ਚਲਿਆ ਆ ਰਿਹਾ ਹੈ। ਭਾਵੇਂ ਇਹ ਸੰਕਲਪ ਹੁਣ ਥੋੜ੍ਹਾ ਬਹੁਤ ਬਦਲ ਰਿਹਾ ਹੈ ਪਰ ਹਾਲੇ ਵੀ ਪਿਓ ਬਹੁਤੀ ਵਾਰੀ ਚੰਡਾਲ ਹੀ ਮੰਨਿਆ ਜਾਂਦਾ ਹੈ ਜੋ ਬੱਚਿਆਂ ਨੂੰ ਡਰਾ ਧਮਕਾ ਕੇ ਰੱਖਦਾ ਹੈ। ਪਿੰਡਾਂ ਵਿੱਚ ਤਾਂ ਹਾਲੇ ਵੀ ਪਿਓ ਦੇ ਘਰ ਵੜਨ 'ਤੇ ਹੀ ਸਾਰੇ ਘਰ ਵਿੱਚ ਸਨਾਟਾ ਛਾ ਜਾਂਦਾ ਹੈ, ਸੁੰਨ-ਮਸਾਨ ਹੋ ਜਾਂਦੀ ਹੈ। ਕਿਸੇ ਦੇ ਕੁਸਕਣ ਦੀ ਹਿੰਮਤ ਨਹੀਂ ਪੈਂਦੀ। ਪਿਓ ਦੇ ਅੱਗੇ ਬੋਲਣ ਦਾ ਕੋਈ ਵੀ ਬੱਚਾ ਹੌਂਸਲਾ ਨਹੀਂ ਕਰ ਸਕਦਾ। ਪਿਉ ਆਪਣੇ ਬੱਚਿਆਂ ਨਾਲ ਬੇਇਨਸਾਫ਼ੀ ਵੀ ਕਰ ਸਕਦਾ ਹੈ ਅਤੇ ਸਖ਼ਤੀ ਵੀ ਵਰਤ ਸਕਦਾ ਹੈ। ਪਰ ਮਾਂ ? ਉਹ ਤਾਂ ਬਹੁਤ ਹੀ ਘੱਟ ਇਹੋ ਜਿਹਾ ਕਰ ਸਕੇਗੀ।

ਮਾਂ ਬਾਰੇ ਬਹੁਤ ਸਾਰੇ ਗੀਤ ਵੀ ਲਿਖੇ ਗਏ ਹਨ। ਜਿਵੇਂ ਹਰਭਜਨ ਮਾਨ ਨੂੰ ਮਸ਼ਹੂਰ ਕਰਨ ਵਾਲਾ ਗੀਤ ਸ਼ਾਇਦ ਮਾਂ ਦੀ ਚਿੱਠੀ ਬਾਰੇ ਹੀ ਸੀ :

ਚਿੱਠੀਏ ਨੀ ਚਿੱਠੀਏ ਹੰਝੂਆਂ ਨਾਲ ਲਿਖੀਏ<br>
ਦੂਰ ਵਤਨਾਂ ਤੋਂ ਰਹਿੰਦਾ ਮੇਰਾ ਲਾਲ।<br>
ਆਖੀਂ ਮੇਰੇ ਸੋਹਣੇ ਪੁੱਤ ਨੂੰ,<br>
ਤੇਰੀ ਮਾਂ ਦਾ ਬੁਰਾ ਏ ਚੰਨਾ ਹਾਲ।

ਪਤਾ ਨਹੀਂ ਵਿਦੇਸ਼ਾਂ ਵਿੱਚ ਰਹਿੰਦੇ ਕਿੰਨੇ ਕੁ ਪੰਜਾਬੀ ਬੱਚੇ ਇਸ ਗੀਤ ਨੂੰ ਸੁਣ ਕੇ ਕਿੰਨੀ ਕੁ ਵਾਰੀ ਰੋਏ ਹੋਣਗੇ। ਪਤਾ ਨਹੀਂ ਬੱਚਿਆਂ ਤੋਂ ਦੂਰ ਰਹਿੰਦੀਆਂ ਕਿੰਨੀਆਂ ਕੁ ਮਾਵਾਂ ਇਸ ਗੀਤ ਨੂੰ ਸੁਣ ਕੇ ਕਿੰਨੀ ਕੁ ਵਾਰੀ ਰੋਈਆਂ ਹੋਣਗੀਆਂ। ਇਹ ਗੀਤ ਪੁੱਤਾਂ ਲਈ ਹੀ ਨਹੀਂ, ਧੀਆਂ ਬਾਰੇ ਵੀ ਹੈ।

ਮੈਂ ਸਿਰਫ਼ 13 ਕੁ ਸਾਲਾਂ ਦਾ ਸੀ ਜਦੋਂ ਮੇਰੇ ਦਾਦੀ ਜੀ ਸਵਰਗਵਾਸ ਹੋ ਗਏ। ਦਾਦੀ ਜੀ ਇਕ ਬਹੁਤ ਹੀ ਨੇਕ ਅਤੇ ਪਿਆਰੇ ਇਨਸਾਨ ਸਨ। ਉਨ੍ਹਾਂ ਦੀ ਮੌਤ 'ਤੇ ਮੈਂ ਪਹਿਲੀ ਵਾਰੀ ਆਪਣੇ ਪਿਤਾ ਨੂੰ ਧਾਹਾਂ ਮਾਰ ਮਾਰ ਕੇ ਰੋਂਦੇ ਦੇਖਿਆ ਸੀ। ਸ਼ਾਇਦ ਉਦੋਂ ਹੀ ਪਹਿਲੀ ਵਾਰੀ ਮੈਨੂੰ ਅਹਿਸਾਸ ਹੋਇਆ ਹੋਵੇ ਕਿ ਮਾਂ ਦੇ ਤੁਰ ਜਾਣ ਦਾ ਕਿੰਨਾ ਕੁ ਦੁੱਖ ਹੁੰਦਾ ਹੈ। ਜਦੋਂ ਮੇਰਾ ਚਾਚਾ ਵਿਆਹਿਆ ਗਿਆ ਤਾਂ ਚਾਚੀ ਨੇ ਆਉਂਦੀ ਨੇ ਹੀ ਬਾਬੇ ਨੂੰ ਹੱਥਾਂ ਵਿੱਚ ਲੈ ਲਿਆ ਅਤੇ ਜੁਦੇ ਹੋਣ ਦਾ ਬਿਗਲ ਵਜਾ ਦਿੱਤਾ। ਮੈਂ ਉਦੋਂ ਅੱਠ-ਨੌਂ ਸਾਲਾਂ ਦਾ ਸੀ। ਮੇਰੇ ਬਾਬੇ ਨੇ ਮੇਰੇ ਪਿਓ ਨੂੰ ਬਗੈਰ ਕੁਝ ਦਿੱਤਿਆਂ ਜੁਦਾ ਕਰ ਦਿੱਤਾ। ਪਰ ਇਹ ਮੇਰੀ ਦਾਦੀ ਹੀ ਸੀ ਜਿਸਨੇ ਆਪਣੇ ਵੱਡੇ ਪੁੱਤ ਨਾਲ ਇਹ ਬੇਇਨਸਾਫ਼ੀ ਨਾ ਹੋਣ ਦਿੱਤੀ ਅਤੇ ਉਹ ਇਸ ਗੱਲ 'ਤੇ ਅੜ ਗਈ ਕਿ ਉਸਦੇ ਵੱਡੇ ਪੁੱਤ ਨੂੰ ਉਸਦਾ ਹਿੱਸਾ ਮਿਲਣਾ ਹੀ ਚਾਹੀਦਾ ਹੈ। ਬਾਬੇ ਨੂੰ ਭਾਵੇਂ ਮੰਨਣਾ ਤਾਂ ਪਿਆ ਪਰ ਉਸਨੇ ਫਿਰ ਵੀ ਮਸਾਂ ਚੌਥੇ ਕੁ ਹਿੱਸੇ ਦੀ ਜ਼ਮੀਨ ਹੀ ਮੇਰੇ ਪਿਓ ਨੂੰ ਦਿੱਤੀ। ਮੇਰੀ ਦਾਦੀ ਹਮੇਸ਼ਾ ਮੇਰੇ ਪਿਓ ਨੂੰ ਉਸੇ ਤਰ੍ਹਾਂ ਪਿਆਰ ਕਰਦੀ ਰਹੀ, ਉਸਨੂੰ ਲਾਡ ਕਰਦੀ ਰਹੀ, ਉਸਨੂੰ ਦਿਲ ਨਾਲ ਲਾਉਂਦੀ ਰਹੀ। ਪਰ ਮੇਰੇ ਬਾਬੇ ਨੇ ਮੇਰੇ ਪਿਉ ਨੂੰ ਬਹੁਤ ਲੰਮਾ ਸਮਾਂ ਬੁਲਾਇਆ ਤੱਕ ਨਾ ਹਾਲਾਂ ਕਿ ਮੇਰਾ ਪਿਓ ਮੇਰੇ ਦਾਦੇ ਅੱਗੇ ਕਦੇ ਵੀ ਨਹੀਂ ਸੀ ਬੋਲਿਆ। ਮੇਰਾ ਪਿਓ ਨਿਰਾ ਦਰਵੇਸ਼ ਸੀ ਪਰ ਮੇਰਾ ਬਾਬਾ ਚੰਡਾਲ ਸੀ। ਬਾਬੇ ਦੀਆਂ ਬਹੁਤ ਸਾਰੀਆਂ



ਬੇਇਨਸਾਫ਼ੀਆਂ ਦੇ ਬਾਵਜੂਦ ਵੀ ਮੇਰੇ ਪਿਓ ਨੇ ਉਸਦੇ ਵਿਰੁੱਧ ਕਦੇ ਇਕ ਸ਼ਬਦ ਵੀ ਨਹੀਂ ਸੀ ਕਿਹਾ।

ਮਾਂ ਦੀ ਜੋ ਬੱਚਿਆਂ ਨੂੰ ਦੇਣ ਹੈ ਉਸ ਲਈ ਮਾਂ ਨੂੰ ਸਹੀ ਅਰਥਾਂ ਵਿੱਚ ਸ਼ਰਧਾਂਜਲੀ ਦੇਣ ਲਈ ਸ਼ਬਦ ਹੀ ਨਹੀਂ ਹਨ। ਜਿੰਨਾ ਵੀ ਕਿਹਾ ਜਾ ਸਕੇ ਥੋੜ੍ਹਾ ਹੈ। ਅਖੀਰ ਵਿੱਚ ਮੈਂ ਆਪਣੀ ਮਾਂ ਅਤੇ ਸਭ ਮਾਵਾਂ ਨੂੰ ਬੜੇ ਅਦਬ ਨਾਲ ਪ੍ਰਣਾਮ ਕਰਦਾ ਹਾਂ ਅਤੇ ਇਹ ਲੇਖ ਇਕ ਕਵਿਤਾ ਨਾਲ ਮਾਵਾਂ ਨੂੰ ਸ਼ਰਧਾਂਜਲੀ ਦੇ ਕੇ ਬੰਦ ਕਰਦਾ ਹਾਂ ਜੋ ਸ਼ਿਵ ਕੁਮਾਰ ਦੀ ਹੈ।

**ਮਾਂ/ਸ਼ਿਵ ਕੁਮਾਰ**

ਮਾਂ,<br>
ਹੇ ਮੇਰੀ ਮਾਂ<br>
ਤੇਰੇ ਆਪਣੇ ਦੁੱਧ ਵਰਗਾ<br>
ਹੀ ਤੇਰਾ ਸੁੱਚਾ ਨਾਂ<br>
ਜੀਭ ਹੋ ਜਾਏ ਮਾਖਿਉਂ<br>
ਹਾਏ ਨੀ ਤੇਰਾ ਨਾਂ ਲਿਆਂ<br>
ਜੇ ਇਜਾਜ਼ਤ ਦਏਂ ਤਾਂ ਮੈਂ ਇਕ ਵਾਰੀ ਲੈ ਲਵਾਂ<br>
ਮਾਘੀ ਦੀ ਹਾਏ ਸੁੱਚੜੀ,<br>
ਸੰਗਰਾਂਦ ਵਰਗਾ ਤੇਰਾ ਨਾਂ<br>
ਮਾਂ ਤਾਂ ਹੁੰਦੀ ਹੈ ਛਾਂ<br>
ਛਾਂ ਕਦੇ ਘਸਦੀ ਤੇ ਨਾ<br>
ਮਾਂ,<br>
ਹੇ ਮੇਰੀ ਮਾਂ!<br>
ਤੂੰ ਮੇਰੀ ਜਨਨੀ ਨਹੀਂ<br>
ਮੈਂ ਇਹ ਹਕੀਕਤ ਜਾਣਦਾਂ<br>
ਤੇਰਾ ਮੇਰਾ ਕੀ ਹੈ ਰਿਸ਼ਤਾ<br>
ਏਸ ਬਾਰੇ ਕੀ ਕਹਾਂ ?<br>
ਗ਼ਮ ਦੇ ਸਹਿਰਾਵਾਂ 'ਚ ਭੁੱਜਿਆ<br>
ਮੈਂ ਹਾਂ ਪੰਛੀ ਬੇ-ਜ਼ੁਬਾਂ<br>
ਦੋ ਕੁ ਪਲ ਜੇ ਦਏਂ ਇਜਾਜ਼ਤ<br>
ਤੇਰੀ ਛਾਵੇਂ ਬੈਠ ਲਾਂ<br>
ਮਾਂ ਤਾਂ ਹੁੰਦੀ ਹੈ ਛਾਂ<br>
ਛਾਂ ਕਦੇ ਘਸਦੀ ਤੇ ਨਾ<br>
ਮਾਂ,<br>
ਹੇ ਮੇਰੀ ਮਾਂ!<br>
ਮਾਂ,

ਹੇ ਮੇਰੀ ਮਾਂ
ਜਾਣਦਾਂ, ਮੈਂ ਜਾਣਦਾਂ
ਅਜੇ ਤੇਰੇ ਦਿਲ 'ਚ ਹੈ
ਖੁਸ਼ਬੋ ਦਾ ਹੜ੍ਹ
ਉਮਰ ਮੇਰੀ ਦੇ ਵਰ੍ਹੇ
ਹਾਲੇ ਜਵਾਂ
ਠੀਕ ਹੀ ਕਹਿੰਦੀ ਹੈਂ ਤੂੰ ਇਹ ਅੰਮੜੀਏ
ਰੱਤ ਤੱਤੀ
ਕਾਮ ਦੀ ਹੁੰਦੀ ਹੈ ਮਾਂ
ਪਰ ਮੈਂ ਅੰਮੀਏ ਇਹ ਕਹਾਂ
ਰੱਤ ਠੰਡੀ ਹੋਣ ਵਿੱਚ
ਲੱਗੇਗਾ ਅੰਤਾਂ ਦਾ ਸਮਾਂ
ਕਰਨ ਲਈ ਕੀੜੀ ਨੂੰ ਜਿੰਨਾ
ਸ਼ਾਇਦ ਬੂ-ਪਰਦੱਖਣਾ
ਕੀਹ ਭਲਾ ਏਨੇ ਸਮੇਂ-
ਪਿੱਛੋਂ ਇਕ ਜੰਮਦੀ ਹੈ ਮਾਂ ?
ਝੂਠ ਬਕਦਾ ਹੈ ਜਹਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਮਾਂ,
ਹੇ ਮੇਰੀ ਮਾਂ !
ਮਾਂ,
ਹੇ ਮੇਰੀ ਮਾਂ
ਤੋਤੇ ਦੀ ਅੱਖ ਵਾਂਗ ਟੀਰਾ
ਹੈ ਅਜੇ ਸਾਡਾ ਜਹਾਂ
ਭੇੜ ਦੇ ਪੀਲੇ ਨੇ ਦੰਦ
ਕੁੱਤੇ ਦੀ ਇਹਦੀ ਜ਼ੁਬਾਂ
ਕਰਦਾ ਫਿਰਦਾ ਹੈ ਜੁਗਾਲੀ
ਕਾਮ ਦੀ ਇਹ ਥਾਂ ਕੁਥਾਂ
ਬਹੁਤ ਬਕਵਾਸੀ ਸੀ ਇਹਦੇ
ਪਿਉ ਦਾ ਪਿਉ
ਬਹੁਤ ਬਕਵਾਸਣ ਸੀ ਇਹਦੀ
ਮਾਂ ਦੀ ਮਾਂ



ਏਥੇ ਥੋਹਰਾਂ ਵਾਂਗ
ਉੱਗਦਾ ਹੈ ਸ਼ੈਤਾਂ
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਮਾਂ,
ਹੇ ਮੇਰੀ ਮਾਂ !
ਮਾਂ,
ਹੇ ਮੇਰੀ ਮਾਂ,
ਮਿਰਗਾਂ ਦੀ ਇਸ ਨਸਲ ਦਾ
ਕਸਤੂਰੀਆਂ ਹੁੰਦਾ ਹੈ ਨਾਂ
ਕਸਤੂਰੀਆਂ ਨੂੰ ਜਨਮ ਦੇਂਦੀ
ਹੈ ਜਦੋਂ ਉਹਨਾਂ ਦੀ ਮਾਂ,
ਪਾਲਦੀ ਹੈ ਰੱਖ ਕੇ,
ਇਕ ਹੋਰ ਥਾਂ, ਇਕ ਹੋਰ ਥਾਂ
ਫੇਰ ਆਉਂਦਾ ਹੈ ਸਮਾਂ
ਖਰਮ-ਹੀਣੇ ਬੱਚਿਆਂ ਨੂੰ
ਭੁੱਲ ਜਾਂਦੀ ਹੈ ਉਹ ਮਾਂ
ਮਾਂ-ਵਿਹੂਣੇ ਪਹੁੰਚ ਜਾਂਦੇ
ਨੇ ਕਿਸੇ ਐਸੀ ਉਹ ਥਾਂ
ਜਿੱਥੇ ਕਿਧਰੇ ਚੁਗਣ ਪਈਆਂ
ਹੋਣ ਰਲ ਕੇ ਬਕਰੀਆਂ
ਬਕਰੀਆਂ ਵੀ ਕਰਦੀਆਂ ਨਾ,
ਚੁੰਘਣੋ ਉਹਨਾਂ ਨੂੰ ਨਾਂਹ
ਮਾਂ ਤਾਂ ਹੁੰਦੀ ਹੈ ਮਾਂ
ਪਸ਼ੂ ਤੋਂ ਮਾੜੀ ਨਹੀਂ
ਅੰਮੜੀਏ ਆਦਮ ਦੀ ਮਾਂ
ਤੇਰਾ ਮੇਰਾ ਕੀ ਹੈ ਰਿਸ਼ਤਾ
ਏਸ ਬਾਰੇ ਕੀ ਕਹਾਂ ?
ਮਾਂ ਤਾਂ ਹੁੰਦੀ ਹੈ ਛਾਂ
ਛਾਂ ਕਦੇ ਘਸਦੀ ਤੇ ਨਾ
ਤੇਰੇ ਸੁੱਚੇ ਦੁੱਧ ਵਰਗਾ
ਹੀ ਤੇਰਾ ਸੁੱਚਾ ਹੈ ਨਾਂ
ਮਾਂ,
ਹੇ ਮੇਰੀ ਮਾਂ !

(ਅਕਤੂਬਰ 5, 2008)

# ਅਮਰੀਕਾ ਦਾ ਨਵਾਂ ਪ੍ਰਧਾਨ-ਬਰਾਕ ਓਬਾਮਾ

ਜਨਵਰੀ 20, 2009 ਨੂੰ ਅਮਰੀਕਾ ਦੀ ਵਾਗ ਡੋਰ ਨਵੇਂ ਪ੍ਰਧਾਨ ਬਰਾਕ ਹੁਸੈਨ ਓਬਾਮਾ ਨੇ ਸੰਭਾਲ ਲਈ ਹੈ। ਅਸਲ ਵਿੱਚ ਅੱਜ ਕੱਲ ਅਮਰੀਕਾ ਦਾ ਪ੍ਰਧਾਨ ਇਕ ਕਿਸਮ ਨਾਲ ਸਾਰੀ ਦੁਨੀਆਂ ਦਾ ਹੀ ਆਗੂ ਮੰਨਿਆਂ ਜਾਂਦਾ ਹੈ ਕਿਉਂਕਿ ਇਸ ਵੇਲੇ ਅਮਰੀਕਾ ਹੀ ਇਕੋ ਇਕ ਸੁਪਰ-ਪਾਵਰ ਰਹਿ ਗਿਆ ਹੈ। ਜਿਵੇਂ ਕੋਈ ਇਨਸਾਨ ਲੰਬੀ ਬਿਮਾਰੀ ਤੋਂ ਬਾਅਦ ਠੀਕ ਹੋ ਕੇ ਉੱਠ ਖੜੇ ਅਤੇ ਉਸਦੇ ਤੰਦਰੁਸਤ ਹੋਣ ਦੀ ਆਸ ਹੋ ਜਾਵੇ, ਇਵੇਂ ਹੀ ਅਮਰੀਕਾ ਵੀ ਅੱਠਾਂ ਸਾਲਾਂ ਦੀ ਬਿਮਾਰੀ ਤੋਂ ਬਾਅਦ ਮੰਜੇ ਤੋਂ ਉੱਠ ਖੜਿਆ ਹੈ ਅਤੇ ਇਸਦੇ ਤੰਦੁਰਸਤ ਹੋ ਜਾਣ ਦੀ ਆਸ ਬੱਝੀ ਹੈ। ਇਸ ਅੱਠਾਂ ਸਾਲਾਂ ਦੀ ਬੁਸ਼-ਚੇਨੀ ਬਿਮਾਰੀ ਨੇ ਸਿਰਫ਼ ਅਮਰੀਕਾ ਨੂੰ ਹੀ ਕਮਜ਼ੋਰ ਅਤੇ ਨਿਪੁੰਸਕ ਨਹੀਂ ਬਣਾਇਆ ਸਗੋਂ ਇਸਦਾ ਲਾਗਾ ਸਾਰੇ ਸੰਸਾਰ ਦੇ ਮੁਲਕਾਂ ਨੂੰ ਲੱਗਾ ਹੈ ਅਤੇ ਇਸ ਨਾਲ ਸਾਰੀ ਦੁਨੀਆਂ ਨੇ ਹੀ ਪਿਛਲੇ ਅੱਠ ਸਾਲ ਬਹੁਤ ਸ਼ਰਮਨਾਕ ਅਤੇ ਦਰਦਨਾਕ ਹਾਲਤਾਂ ਵਿੱਚ ਕੱਟੇ ਹਨ। ਨਵੇਂ ਪ੍ਰਧਾਨ ਤੋਂ ਆਸਾਂ ਬਹੁਤ ਹਨ ਪਰ ਮੁਸ਼ਕਲਾਂ ਵੀ ਬੇਹਿਸਾਬ ਅਤੇ ਖ਼ੌਫਨਾਕ ਹਨ। ਦੇਖੋ ਅੱਗੇ ਕੀ ਹੁੰਦਾ ਹੈ।

ਓਬਾਮਾ ਨੇ 20 ਜਨਵਰੀ 2009 ਨੂੰ ਦੁਪਹਿਰ 12.00 ਵਜੇ ਅਮਰੀਕਾ ਦੇ ਪ੍ਰਧਾਨ ਵਜੋਂ ਸਹੁੰ ਚੁੱਕੀ ਸੀ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਦੇ ਠਰਦੇ ਮੌਸਮ ਵਿੱਚ ਵੀ ਲਗਭਗ ਦੋ ਮਿਲੀਅਨ (ਜਾਣੀ ਕਿ ਵੀਹ ਲੱਖ) ਲੋਕਾਂ ਨੇ ਓਬਾਮਾ ਨੂੰ ਪ੍ਰਧਾਨਗੀ ਦੀ ਸਹੁੰ ਚੁੱਕਦੇ ਦੇਖਿਆ ਸੀ। ਇਕ ਅੰਦਾਜ਼ੇ ਅਨੁਸਾਰ ਘੱਟੋ ਘੱਟ 220 ਮਿਲੀਅਨ ਲੋਕਾਂ ਨੇ ਸਾਰੇ ਸੰਸਾਰ ਵਿੱਚ ਟੀ. ਵੀ. ਉੱਤੇ ਇਸ ਸਾਰੇ ਜਸ਼ਨ ਨੂੰ ਦੇਖਿਆ। ਜੇ ਇਹ ਜਸ਼ਨ ਦਾ ਮੌਕਾ ਹਿੰਦੁਸਤਾਨ ਵਿੱਚ ਹੁੰਦਾ ਤਾਂ ਦੀਵੇ ਜਗਦੇ, ਮਠਿਆਈਆਂ ਵੰਡੀਆਂ ਜਾਂਦੀਆਂ, ਪਟਾਕੇ ਵਜਾਏ ਜਾਂਦੇ, ਭੰਗੜੇ ਅਤੇ ਗਿੱਧੇ ਪਾਏ ਜਾਂਦੇ, ਅਤੇ ਇਸ ਸਾਰੇ ਜਸ਼ਨ ਦੀ ਖ਼ੁਸ਼ੀ ਵਿੱਚ ਬਹੁਤ ਸਾਰੇ ਲੋਕ ਫੱਟੜ ਵੀ ਹੁੰਦੇ ਅਤੇ ਹੋ ਸਕਦਾ ਕਿ ਬਹੁਤ ਸਾਰੇ ਜਾਨਾਂ ਵੀ ਗੁਆਹ ਬਹਿੰਦੇ। ਪਰ ਵਾਸ਼ਿੰਗਟਨ ਵਿੱਚ ਵੀਹ ਲੱਖ ਲੋਕ ਇਸ ਜਸ਼ਨ ਨੂੰ ਦੇਖਣ ਲਈ ਇਕੱਠੇ ਹੋਣ ਦੇ ਬਾਵਜੂਦ ਵੀ ਪੁਲਿਸ ਦੀ ਰਿਪੋਰਟ ਅਨੁਸਾਰ ਇਕ ਵੀ ਇਨਸਾਨ ਕੋਈ ਗਲਤ ਕੰਮ ਕਰਦਾ ਗ੍ਰਿਫਤਾਰ ਨਹੀਂ ਕੀਤਾ ਗਿਆ। ਕਿਸੇ ਦੀ ਜੇਬ ਨਹੀਂ ਕੱਟੀ ਗਈ, ਕੋਈ ਵੀ ਇਕ ਦੂਜੇ ਨੂੰ ਧੱਕੇ ਮਾਰਦਾ ਹੂਰਾ-ਮੁੱਕੀ ਨਹੀਂ ਹੋਇਆ, ਕਿਸੇ ਨੇ ਵੀ ਸ਼ਰਾਬ ਦੇ ਸਰੂਰ ਵਿੱਚ ਮੱਘੇ ਨਹੀਂ ਕੱਢੇ ਜਾਂ ਬੱਕਰੇ ਨਹੀਂ ਬੁਲਾਏ, ਆਦਮੀ ਅਤੇ ਔਰਤਾਂ ਇਕੱਠੇ ਖੜੇ ਹੋਣ ਦੇ ਬਾਵਜੂਦ ਕਿਸੇ ਨੇ ਵੀ ਕਿਸੇ ਔਰਤ ਨਾਲ ਬਦਸਲੂਕੀ ਨਹੀਂ ਕੀਤੀ। ਕਮਾਲ ਦੀਆਂ ਹਨ ਇਨ੍ਹਾਂ ਅਮਰੀਕਨਾਂ ਦੀਆਂ ਆਦਤਾਂ ਅਤੇ ਸੁਭਾਅ। ਪੰਜਾਬੀ ਤਾਂ ਕਹਿਣਗੇ ਕਿ ਖ਼ੁਸ਼ੀ ਨੂੰ ਇਸ ਤਰ੍ਹਾਂ ਚੁੱਪ-ਚੁਪੀਤੇ ਬਗੈਰ ਕਿਸੇ ਖ਼ੂਨ-ਖ਼ਰਾਬੇ ਦੇ ਮਨਾਉਣਾ ਵੀ ਕੀ ਖ਼ੁਸ਼ੀ ਹੋਈ। ਪਰ ਢੰਗ ਆਪੋ ਆਪਣੇ ਅਤੇ ਸਮਝ ਆਪੋ ਆਪਣੀ।

ਓਬਾਮਾ ਨੇ ਆਪਣੀ ਵਜ਼ਾਰਤ ਵਿੱਚ ਜਿਹੋ ਜਿਹੇ ਲਾਇਕ, ਨਿਪੁੰਨ, ਯੋਗ ਅਤੇ ਅਭਿਆਸ ਵਾਲੇ ਇਨਸਾਨ ਚੁਣੇ ਹਨ ਉਸਦੀ ਦਾਦ ਦਿੱਤੇ ਬਗੈਰ ਨਹੀਂ ਰਿਹਾ ਜਾਂਦਾ। ਹਿਲਰੀ ਕਲਿੰਟਨ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਬਣਨ ਲਈ ਓਬਾਮਾ ਦੇ ਵਿਰੋਧ ਵਿੱਚ ਖੜੀ ਸੀ। ਦੋਹਾਂ ਵਿੱਚ ਕਾਫ਼ੀ ਤਣਾਓ ਵੀ ਰਿਹਾ ਅਤੇ ਦੋਹਾਂ ਨੇ ਇਕ ਦੂਜੇ ਨੂੰ ਚੰਗਾ ਮੰਦਾ ਵੀ ਬੋਲਿਆ। ਪਰ ਜਦੋਂ ਓਬਾਮਾ ਡੈਮੋਕਰੈਟਿਕ ਪਾਰਟੀ ਦੀ ਪ੍ਰਾਇਮਰੀ ਜਿੱਤ ਗਿਆ ਤਾਂ ਹਿਲਰੀ ਕਲਿੰਟਨ ਨੇ ਬਗੈਰ ਕਿਸੇ ਈਰਖਾ ਜਾਂ



ਵੈਰ ਵਿਰੋਧ ਦੇ ਉਸਨੂੰ ਜਤਾਉਣ ਵਿੱਚ ਪੂਰਾ ਯਤਨ ਕੀਤਾ। ਜਦੋਂ ਓਬਾਮਾ ਪ੍ਰਧਾਨ ਚੁਣਿਆ ਗਿਆ ਤਾਂ ਸਭ ਤੋਂ ਵੱਧ ਮਹੱਤਤਾ ਵਾਲੀ ਵਜ਼ਾਰਤ ਸੈਕਰੀਟਰੀ ਆਫ਼ ਸਟੇਟ ਲਈ ਕਈ ਉਮੀਦਵਾਰ ਸਨ ਜਿਨ੍ਹਾਂ ਨੂੰ ਆਸ ਸੀ ਕਿ ਓਬਾਮਾ ਉਨ੍ਹਾਂ ਨੂੰ ਹੀ ਇਸ ਵਜ਼ਾਰਤ ਲਈ ਚੁਣੇਗਾ। ਪਰ ਸਾਰੇ ਲੋਕ ਹੈਰਾਨ ਰਹਿ ਗਏ ਜਦੋਂ ਓਬਾਮਾ ਨੇ ਆਪਣੀ ਵਿਰੋਧੀ ਹਿਲਰੀ ਕਲਿੰਟਨ ਨੂੰ ਇਸ ਵਜ਼ਾਰਤ ਲਈ ਚੁਣਿਆ। ਓਬਾਮਾ ਦਾ ਇਹ ਸਭ ਤੋਂ ਵੱਡਾ ਸਲਾਹੁਣਯੋਗ ਕਦਮ ਸੀ। ਭਾਵੇਂ ਹਿਲਰੀ ਕਲਿੰਟਨ ਓਬਾਮਾ ਦੀ ਵਿਰੋਧੀ ਰਹੀ ਸੀ ਪਰ ਓਬਾਮਾ ਨੇ ਮਹਿਸੂਸ ਕੀਤਾ ਕਿ ਇਸ ਪਦਵੀ ਲਈ ਹਿਲਰੀ ਤੋਂ ਵਧ ਕੇ ਹੋਰ ਕੋਈ ਯੋਗ ਉਮੀਦਵਾਰ ਨਹੀਂ।

ਓਬਾਮਾ ਨੇ ਆਪਣੇ ਚਾਚੇ-ਤਾਏ, ਮਾਸੀ, ਭੂਆ ਆਦਿ ਨੇ ਕਿਸੇ ਬੱਚੇ ਨੂੰ ਜਾਂ ਰਿਸ਼ਤੇਦਾਰ ਨੂੰ ਨਾ ਹੀ ਵਜ਼ਾਰਤ ਵਿੱਚ ਲਿਆ ਹੈ ਅਤੇ ਨਾ ਹੀ ਕੋਈ ਨੌਕਰੀ ਦਿੱਤੀ ਹੈ। ਉਸਨੇ ਆਪਣੀ ਪਤਨੀ ਦੇ ਕਿਸੇ ਰਿਸ਼ਤੇਦਾਰ ਨੂੰ ਵੀ ਕੋਈ ਨੌਕਰੀ ਜਾਂ ਵਜ਼ਾਰਤੀ ਅਹੁਦਾ ਨਹੀਂ ਦਿੱਤਾ। ਉਸਦੀਆਂ ਬੇਟੀਆਂ ਤਾਂ ਹਾਲੇ ਖ਼ੈਰ ਬਹੁਤ ਛੋਟੀਆਂ ਹਨ। ਓਬਾਮਾ ਦੀ ਭੈਣ ਹਾਲੇ ਵੀ ਹਵਾਈ ਸੂਬੇ ਵਿੱਚ ਅਧਿਆਪਕਾ ਦੀ ਨੌਕਰੀ ਕਰ ਰਹੀ ਹੈ। ਉਸਨੇ ਵੀ ਇਹ ਨੌਕਰੀ ਛੱਡ ਕੇ ਓਬਾਮਾ ਤੋਂ ਕੋਈ ਵੱਡੀ ਨੌਕਰੀ ਦੀ ਮੰਗ ਨਹੀਂ ਕੀਤੀ। ਓਬਾਮਾ ਦੀ ਪਤਨੀ ਮਿਸ਼ਲ ਓਬਾਮਾ ਦਾ ਭਰਾ ਕਰੇਗ ਰਾਬਿਨਸਨ ਹਾਲੇ ਵੀ ਆਰੀਗਨ ਸਟੇਟ ਯੂਨੀਵਰਸਿਟੀ ਵਿੱਚ ਬਾਸਕਟਬਾਲ ਦਾ ਕੋਚ ਹੈ ਅਤੇ ਉਸਦਾ ਆਪਣੀ ਨੌਕਰੀ ਛੱਡ ਕੇ ਓਬਾਮਾ ਤੋਂ ਕੋਈ ਨੌਕਰੀ ਲੈਣ ਦਾ ਕੋਈ ਵਿਚਾਰ ਨਹੀਂ। ਅਜੀਬ ਗੱਲ ਹੈ ਨਾ ਸਾਡੇ ਹਿੰਦੁਸਤਾਨੀਆਂ ਲਈ? ਜੇ ਓਬਾਮਾ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਬਣਦਾ ਤਾਂ ਨੌਕਰੀਆਂ ਅਤੇ ਵਜ਼ਾਰਤਾਂ ਲੈਣ ਲਈ ਸਾਰੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੀਆਂ ਲੰਬੀਆਂ ਕਤਾਰਾਂ ਲੱਗ ਜਾਣੀਆਂ ਸਨ ਅਤੇ ਜਿਨ੍ਹਾਂ ਨੂੰ ਕੋਈ ਫ਼ਾਇਦਾ ਨਹੀਂ ਸੀ ਹੋਣਾ ਉਨ੍ਹਾਂ ਨੇ ਕਹਿਣਾ ਸੀ ਕਿ ਉਨ੍ਹਾਂ ਦੇ ਭਾਅ ਦਾ ਤਾਂ ਉਹ ਪ੍ਰਧਾਨ ਬਣਿਆ ਜਾਂ ਨਾ ਬਣਿਆ ਇਕੋ ਗੱਲ ਹੈ।

ਕਹਾਣੀ ਪ੍ਰਚਲਤ ਹੈ ਕਿ ਬਿੱਲ ਕਲਿੰਟਨ ਅਤੇ ਜਾਰਜ ਬੁਸ਼ (ਅਮਰੀਕਾ ਦੇ ਪਿਛਲੇ ਦੋਵੇਂ ਪ੍ਰਧਾਨ) ਜਦੋਂ ਅਮਰੀਕਾ ਦੇ ਪ੍ਰਧਾਨ ਸਨ ਤਾਂ ਉਹ ਦੁਨੀਆਂ ਵਿੱਚ ਜਿੱਥੇ ਵੀ ਜਾਂਦੇ ਸਨ, ਲੋਕ ਲੱਖਾਂ ਦੀ ਗਿਣਤੀ ਵਿੱਚ ਉਸ ਥਾਂ 'ਤੇ ਇਕੱਠੇ ਹੁੰਦੇ ਸਨ। ਫ਼ਰਕ ਸਿਰਫ਼ ਇੰਨਾ ਹੈ ਕਿ ਇਹ ਲੋਕ ਬਿੱਲ ਕਲਿੰਟਨ ਨੂੰ ਦੇਖਣ ਅਤੇ ਸੁਣਨ ਲਈ ਆਉਂਦੇ ਸਨ ਪਰ ਜਾਰਜ ਬੁਸ਼ ਦੇ ਵਿਰੁੱਧ ਮੁਜ਼ਾਹਰੇ ਕਰਨ ਲਈ ਆਉਂਦੇ ਸਨ। ਆਗੂ ਆਗੂ ਵਿੱਚ ਵੀ ਤਾਂ ਫ਼ਰਕ ਹੁੰਦਾ ਹੈ। ਕਈ ਵਾਰੀ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਬਿੱਲ ਕਲਿੰਟਨ ਦੀ ਸਾਰੀ ਦੁਨੀਆਂ ਵਿੱਚ ਠਾਠ ਸੀ ਅਤੇ ਹਾਲੇ ਵੀ ਹੈ। ਉਹ ਸਿਰਫ਼ ਅਮਰੀਕਾ ਦਾ ਹੀ ਨਹੀਂ ਸਗੋਂ ਸਾਰੀ ਦੁਨੀਆਂ ਦਾ ਆਗੂ ਮੰਨਿਆ ਜਾਂਦਾ ਸੀ। ਜਦੋਂ ਉਹ ਪ੍ਰਧਾਨ ਸੀ ਤਾਂ ਜਦੋਂ ਉਹ ਬੋਲਦਾ ਸੀ ਤਾਂ ਉਸਦੇ ਸ਼ਬਦਾਂ ਦੇ ਅਰਥ ਹੁੰਦੇ ਸਨ, ਉਨ੍ਹਾਂ ਵਿੱਚ ਕੋਈ ਗੱਲ ਹੁੰਦੀ ਸੀ। ਪਰ ਜਾਰਜ ਬੁਸ਼ ਨੂੰ ਤਾਂ ਬਹੁਤ ਸਾਰੇ ਅਮਰੀਕਾ ਦੇ ਲੋਕ ਵੀ ਆਗੂ ਮੰਨਣ ਨੂੰ ਤਿਆਰ ਨਹੀਂ ਸਨ, ਦੁਨੀਆਂ ਦੀ ਗੱਲ ਤਾਂ ਹੋਰ ਹੈ। ਜਾਰਜ ਬੁਸ਼ ਜਦੋਂ ਬੋਲਦਾ ਹੈ ਤਾਂ ਲੋਕ ਹੱਸਦੇ ਹਨ। ਇਕ ਵਾਰੀ ਫਿਰ ਅਮਰੀਕਾ ਨੂੰ ਬਿੱਲ ਕਲਿੰਟਨ ਵਰਗਾ ਆਗੂ ਮਿਲਿਆ ਹੈ। ਵੈਸੇ ਮੈਂ ਹਿਲਰੀ ਕਲਿੰਟਨ ਦੇ ਪ੍ਰਧਾਨ ਚੁਣੇ ਜਾਣ ਦੇ ਹੱਕ ਵਿੱਚ ਸੀ। ਇਸ ਕਰਕੇ ਕਿ ਉਸਦਾ ਅਭਿਆਸ ਬਹੁਤ ਹੈ ਅਤੇ ਉਹ ਬਿੱਲ ਕਲਿੰਟਨ ਵਾਂਗ ਹੀ ਬਹੁਤ ਲਾਇਕ, ਯੋਗ ਅਤੇ ਨਿਪੁੰਨ ਆਗੂ ਹੈ। ਪਰ ਲਗਦਾ ਹੈ ਕਿ ਓਬਾਮਾ ਵੀ ਉਤਨਾ ਚੰਗਾ ਕੰਮ ਕਰੇਗਾ ਜਿੰਨਾ ਹਿਲਰੀ ਤੋਂ ਉਮੀਦ ਹੋਣੀ ਸੀ। ਜੇ ਹਿੰਦੁਸਤਾਨ ਹੁੰਦਾ ਤਾਂ ਜਦੋਂ

ਹਿਲਰੀ ਨੂੰ ਡੈਮੋਕਰੈਟਿਕ ਪਾਰਟੀ ਵੱਲੋਂ ਪ੍ਰਧਾਨਗੀ ਦੀ ਟਿਕਟ ਨਹੀਂ ਸੀ ਮਿਲੀ ਤਾਂ ਇਹ ਪਾਰਟੀ ਦੋ ਹਿੱਸਿਆਂ ਵਿੱਚ ਵੰਡੀ ਜਾਣੀ ਸੀ ਜਿਨ੍ਹਾਂ ਦੇ ਨਾਂ ਹੋਣੇ ਸਨ : ਡੈਮੋਕਰੈਟਿਕ ਪਾਰਟੀ (ਓਬਾਮਾ) ਅਤੇ ਡੈਮੋਕਰੈਟਿਕ ਪਾਰਟੀ (ਹਿਲਰੀ ਕਲਿੰਟਨ) ਪਰ ਅਮਰੀਕਾ ਵਿੱਚ ਤਾਂ ਬਿਲਕੁਲ ਇਸਦੇ ਉਲਟ ਹੋਇਆ। ਹਿਲਰੀ ਕਲਿੰਟਨ ਨੇ ਲੋਕਾਂ ਅਤੇ ਪਾਰਟੀ ਦੀ ਦੇਣ ਨੂੰ ਸਵੀਕਾਰ ਕਰਕੇ ਓਬਾਮਾ ਨੂੰ ਜਿਤਾਉਣ ਵਿੱਚ ਪੂਰਾ ਯੋਗਦਾਨ ਪਾਇਆ।

ਓਬਾਮਾ ਦੇ ਪ੍ਰਧਾਨ ਚੁਣਨ ਦੀ ਖ਼ੁਸ਼ੀ ਅਮਰੀਕਾ ਵਿੱਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚ ਮਨਾਈ ਗਈ ਹੈ। ਅਮਰੀਕਾ ਲਈ ਇਹ ਇਕ ਇਤਿਹਾਸਕ ਮੌਕਾ ਹੈ। ਇਸ ਤੋਂ ਪਹਿਲਾਂ ਅਮਰੀਕਾ ਵਿੱਚ ਕਦੇ ਵੀ ਨਾ ਕਾਲੇ ਰੰਗ ਦਾ ਇਨਸਾਨ ਅਤੇ ਨਾ ਹੀ ਔਰਤ ਪ੍ਰਧਾਨ ਦੀ ਪਦਵੀ ਲਈ ਚੁਣੇ ਗਏ ਸਨ। ਸੋ ਹੁਣ ਇਨ੍ਹਾਂ ਵਿਚੋਂ ਇਕ ਗੱਲ ਤਾਂ ਹੋ ਗਈ ਕਿ ਕਾਲੇ ਰੰਗ ਦਾ ਇਨਸਾਨ ਅਮਰੀਕਾ ਦਾ ਪ੍ਰਧਾਨ ਚੁਣਿਆ ਗਿਆ ਹੈ। ਓਬਾਮਾ ਦਾ ਪਿਤਾ ਅਫ਼ਰੀਕਾ ਦੇ ਮੁਲਕ ਕੀਨੀਆਂ ਤੋਂ ਅਮਰੀਕਾ ਵਿੱਚ ਪੜ੍ਹਣ ਆਇਆ ਸੀ। ਅਮਰੀਕਾ ਵਿੱਚ ਉਸ ਨੇ ਇਕ ਗੋਰੀ ਔਰਤ ਨਾਲ ਵਿਆਹ ਕਰਾ ਲਿਆ ਸੀ। ਓਬਾਮਾ ਦੇ ਜਨਮ ਤੋਂ ਛੇਤੀਂ ਬਾਅਦ ਉਨ੍ਹਾਂ ਦਾ ਤਲਾਕ ਹੋ ਗਿਆ। ਓਬਾਮਾ ਦਾ ਪਿਤਾ ਵਾਪਸ ਕੀਨੀਆਂ ਚਲੇ ਗਿਆ ਜਿੱਥੇ ਕੁਝ ਸਾਲਾਂ ਬਾਅਦ ਉਸਦੀ ਮੌਤ ਹੋ ਗਈ। ਓਬਾਮਾ ਦੀ ਮਾਂ ਕੁਝ ਸਾਲਾਂ ਬਾਅਦ ਕੈਂਸਰ ਦੀ ਬਿਮਾਰੀ ਦਾ ਸ਼ਿਕਾਰ ਹੋ ਗਈ। ਓਬਾਮਾ ਦਾ ਪਾਲਣ-ਪੋਸ਼ਣ ਉਸਦੇ ਗੋਰੇ ਨਾਨਾ-ਨਾਨੀ ਨੇ ਕੀਤਾ। ਕਾਲੇ ਅਮਰੀਕਨ ਲੋਕ ਓਬਾਮਾ ਦੇ ਪ੍ਰਧਾਨ ਬਣਨ 'ਤੇ ਬਹੁਤ ਖ਼ੁਸ਼ ਹਨ। ਮੇਰੇ ਨਾਲ ਕੰਮ ਕਰਦੀ ਇਕ ਕਾਲੀ ਔਰਤ ਦਾ ਕਹਿਣਾ ਸੀ, "ਮੈਨੂੰ ਯਕੀਨ ਨਹੀਂ ਆਉਂਦਾ ਕਿ ਇਕ ਇਨਸਾਨ ਜੋ ਮੇਰੇ ਵਰਗਾ ਲਗਦਾ ਹੈ ਉਹ ਅਮਰੀਕਾ ਦਾ ਪ੍ਰਧਾਨ ਬਣ ਗਿਆ ਹੈ।" ਓਬਾਮਾ ਦਾ ਪਿਤਾ ਕਾਲਾ ਸੀ ਅਤੇ ਮਾਂ ਗੋਰੀ ਸੀ ਅਤੇ ਸਾਰੇ ਲੋਕ ਓਬਾਮਾ ਨੂੰ ਕਾਲਾ ਸਮਝਦੇ ਹਨ। ਮੰਨ ਲਓ ਜੇ ਓਬਾਮਾ ਦਾ ਪਿਤਾ ਗੋਰਾ ਹੁੰਦਾ ਅਤੇ ਮਾਂ ਕਾਲੀ ਹੁੰਦੀ ਤਾਂ ਵੀ ਲੋਕ ਉਸ ਨੂੰ ਕਾਲਾ ਆਖਦੇ ? ਖ਼ੈਰ ਰੰਗ ਵਿੱਚ ਕੀ ਪਿਆ ਹੈ। ਬੰਦਾ ਇਕ ਚੰਗਾ ਇਨਸਾਨ ਹੋਣਾ ਚਾਹੀਦਾ। ਸਾਨੂੰ ਰੰਗ ਨਾਲੋਂ ਇਨਸਾਨੀਅਤ ਦਾ ਜ਼ਿਆਦਾ ਮੁੱਲ ਪਾਉਣਾ ਚਾਹੀਦਾ ਹੈ। ਵੈਸੇ ਅਮਰੀਕਾ ਵਿੱਚ ਲੋਕ ਬਿੱਲ ਕਲਿੰਟਨ ਨੂੰ ਪਹਿਲਾ ਕਾਲਾ ਪ੍ਰਧਾਨ ਕਹਿੰਦੇ ਹਨ ਭਾਵੇਂ ਉਹ ਰੰਗ ਦਾ ਗੋਰਾ ਹੀ ਹੈ। ਕਾਰਨ ਇਹ ਹੈ ਕਿ ਉਸ ਨੇ ਕਾਲੇ ਲੋਕਾਂ ਲਈ ਬਹੁਤ ਕੰਮ ਕੀਤੇ ਹਨ।

ਓਬਾਮਾ ਦੇ ਪ੍ਰਧਾਨ ਚੁਣੇ ਜਾਣ ਵਾਲੇ ਦਿਨ ਅਤੇ ਸਹੁੰ ਚੁੱਕਣ ਵਾਲੇ ਦਿਨ ਅਨੇਕਾਂ ਲੋਕਾਂ ਨੇ ਅੱਥਰੂ ਵਹਾਏ-ਖਾਸ ਕਰ ਕੇ ਬਹੁਤੇ ਕਾਲਿਆਂ ਨੇ ਅਤੇ ਕੁਝ ਗੋਰਿਆਂ ਨੇ ਵੀ। ਇਹ ਅੱਥਰੂ ਖ਼ੁਸ਼ੀ ਦੇ ਅੱਥਰੂ ਸਨ। ਬਹੁਤੇ ਕਾਲੇ ਲੋਕ ਇਹ ਕਹਿ ਰਹੇ ਸਨ ਕਿ ਉਨ੍ਹਾਂ ਨੂੰ ਉਮੀਦ ਨਹੀਂ ਸੀ ਕਿ ਉਨ੍ਹਾਂ ਦੇ ਜਿਉਂਦੇ ਜੀਅ ਕੋਈ ਕਾਲਾ ਇਨਸਾਨ ਅਮਰੀਕਾ ਦਾ ਪ੍ਰਧਾਨ ਚੁਣਿਆ ਜਾ ਸਕੇਗਾ। ਪਰ ਅਮਰੀਕਨ ਲੋਕਾਂ ਨੇ ਰੰਗ ਦੇ ਭੇਦ ਭਾਵ ਨੂੰ ਛੱਡ ਕੇ ਇਕ ਕਾਲੇ ਇਨਸਾਨ ਨੂੰ ਪ੍ਰਧਾਨ ਚੁਣ ਕੇ ਮਾਅਰਕੇ ਦੀ ਗੱਲ ਕੀਤੀ ਹੈ।

ਓਬਾਮਾ ਨੇ ਪ੍ਰਧਾਨ ਦੀ ਸਹੁੰ ਚੁੱਕਣ ਦੇ ਬਾਅਦ ਦਸਾਂ ਕੁ ਦਿਨਾਂ ਵਿੱਚ ਹੀ ਇਤਨੇ ਕਮਾਲ ਦੇ ਕੰਮ ਇਤਨੀ ਤੇਜ਼ੀ ਨਾਲ ਕੀਤੇ ਹਨ ਕਿ ਸਭ ਨੂੰ ਹੈਰਾਨ ਕਰ ਦਿੱਤਾ ਹੈ। ਉਸਨੇ ਬੜੇ ਖ਼ਤਰਨਾਕ ਆਰਥਿਕ ਸੰਕਟ ਨੂੰ ਨੱਥ ਪਾਉਣ ਲਈ ਅਤੇ ਇਸਨੂੰ ਖ਼ਤਮ ਕਰਨ ਲਈ ਬਹੁਤ ਜ਼ੋਰ-ਸ਼ੋਰ ਨਾਲ ਯਤਨ ਸ਼ੁਰੂ ਕਰ ਦਿੱਤੇ ਹਨ। ਉਸਨੇ ਜਾਰਜ ਬੁਸ਼ ਵਲੋਂ ਜਾਰੀ ਕੀਤੇ ਕਈ ਕਾਨੂੰਨਾਂ ਨੂੰ ਉਲਟਾ ਦਿੱਤਾ



ਹੈ। ਜਿਵੇਂ ਕਿ ਓਬਾਮਾ ਨੇ ਗੁਆਤਨਾਮੋ ਬੇਅ ਵਾਲੀ ਜੇਲ੍ਹ ਜਿੱਥੇ ਐਲ-ਕਾਇਦਾ ਨਾਲ ਸੰਬੰਧਿਤ ਅੱਤਵਾਦੀਆਂ ਅਤੇ ਦਹਿਸ਼ਤਗਰਦਾਂ ਨੂੰ ਰੱਖਿਆ ਜਾਂਦਾ ਸੀ ਬੰਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਹੈ ਅਤੇ ਇਹ ਜੇਲ੍ਹ ਇਕ ਸਾਲ ਦੇ ਵਿੱਚ ਬੰਦ ਹੋ ਜਾਵੇਗੀ। ਇਨ੍ਹਾਂ ਅੱਤਵਾਦੀਆਂ ਅਤੇ ਦਹਿਸ਼ਤਗਰਦਾਂ ਨੂੰ ਜਾਰਜ ਬੁਸ਼ ਵੇਲੇ ਜੋ ਇਨਸਾਨੀਅਤ ਤੋਂ ਗਿਰੇ ਹੋਏ ਤਸੀਹੇ ਦਿੱਤੇ ਜਾਂਦੇ ਸਨ, ਓਬਾਮਾ ਨੇ ਉਹ ਤਸੀਹੇ ਵੀ ਖ਼ਤਮ ਕਰਨ ਦਾ ਹੁਕਮ ਦੇ ਦਿੱਤਾ ਹੈ। ਜਾਰਜ ਬੁਸ਼ ਨੇ ਉਨ੍ਹਾਂ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਸਹਾਇਤਾ ਦੇਣੀ ਬੰਦ ਕਰ ਦਿੱਤੀ ਸੀ ਜਿਹੜੀਆਂ ਦੂਜੇ ਮੁਲਕਾਂ ਵਿੱਚ ਔਰਤਾਂ ਦੇ ਗਰਭਪਾਤ ਕਰਨ ਵਿੱਚ ਸਹਾਇਤਾ ਕਰਦੀਆਂ ਹਨ ਭਾਵੇਂ ਇਹ ਔਰਤਾਂ ਦੀ ਜ਼ਿੰਦਗੀ ਬਚਾਉਣ ਲਈ ਹੀ ਕਿਉਂ ਨਾ ਕੀਤਾ ਜਾਵੇ। ਓਬਾਮਾ ਨੇ ਇਨ੍ਹਾਂ ਸੰਸਥਾਵਾਂ ਨੂੰ ਫਿਰ ਤੋਂ ਸਹਾਇਤਾ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਓਬਾਮਾ ਨੇ ਇਕੋ ਜਿਹੀਆਂ ਯੋਗਤਾਵਾਂ ਵਾਲੇ ਮਰਦਾਂ ਅਤੇ ਔਰਤਾਂ ਨੂੰ ਬਰਾਬਰ ਦੀਆਂ ਤਨਖ਼ਾਹਾਂ ਦੇਣ ਲਈ ਵੀ ਹੁਕਮ ਜਾਰੀ ਕਰ ਦਿੱਤੇ ਹਨ। ਜਿਨ੍ਹਾਂ ਔਰਤਾਂ ਨੂੰ ਇਸਦੇ ਬਾਵਜੂਦ ਕਿ ਉਹ ਮਰਦਾਂ ਦੇ ਬਰਾਬਰ ਦੀਆਂ ਯੋਗਤਾਵਾਂ ਰੱਖਦੀਆਂ ਹਨ ਘੱਟ ਤਨਖ਼ਾਹਾਂ ਦਿੱਤੀਆਂ ਜਾਂਦੀਆਂ ਹਨ ਉਹ ਹੁਣ ਆਪਣਾ ਕੇਸ ਕਚਹਿਰੀ ਵਿੱਚ ਲੜ ਸਕਣਗੀਆਂ। ਪਹਿਲਾਂ ਅਜਿਹੀਆਂ ਔਰਤਾਂ ਨੌਕਰੀ ਲੈਣ ਤੋਂ ਸਿਰਫ਼ 180 ਦਿਨਾਂ ਦੇ ਅੰਦਰ ਅੰਦਰ ਹੀ ਇਹੋ ਜਿਹਾ ਮੁਕੱਦਮਾ ਕਰ ਸਕਦੀਆਂ ਸਨ। ਹੁਣ ਉਹ ਇਹ ਮੁਕੱਦਮਾ ਆਖਰੀ ਤਨਖ਼ਾਹ ਮਿਲਣ (ਜਾਣੀ ਕਿ ਕੰਮ ਛੱਡਣ) ਤੋਂ 180 ਦਿਨਾਂ ਦੇ ਅੰਦਰ ਅੰਦਰ ਕਰ ਸਕਦੀਆਂ ਹਨ। ਓਬਾਮਾ ਨੇ ਆਪਣੇ ਹਰ ਭਾਸ਼ਨ ਵਿੱਚ ਕਿਹਾ ਹੈ ਕਿ ਉਹ ਦੂਸਰੇ ਮੁਲਕਾਂ ਨਾਲ ਸਮੱਸਿਆਵਾਂ ਨੂੰ ਸੁਲਝਾਉਣ ਲਈ ਜੰਗ ਨਾਲੋਂ ਗੱਲ-ਬਾਤ ਦੇ ਢੰਗ ਨੂੰ ਜ਼ਿਆਦਾ ਤਰਜੀਹ ਦੇਣਗੇ। ਓਬਾਮਾ ਨੇ ਮਿਡਲ ਈਸਟ ਦੇ ਇਕ ਟੀ. ਵੀ. ਸ਼ਟੇਸ਼ਨ 'ਤੇ ਭਾਸ਼ਨ ਦੇ ਕੇ ਇਹ ਕਿਹਾ ਹੈ ਕਿ ਅਮਰੀਕਾ ਦਾ ਮੁਸਲਮਾਨਾਂ ਨਾਲ ਕੋਈ ਵੈਰ ਨਹੀਂ ਅਤੇ ਮੁਸਲਮਾਨ ਦੇਸ਼ ਅਮਰੀਕਾ ਨੂੰ ਆਪਣਾ ਵੈਰੀ ਨਾ ਸਮਝਣ। ਉਸਨੇ ਪਲਸਤੀਨੀਆਂ ਅਤੇ ਇਸਰਾਈਲ ਦੇ ਲੜਾਈ ਝਗੜੇ ਨੂੰ ਸੁਲਝਾਉਣ ਲਈ ਇਕ ਬਹੁਤ ਹੰਢੇ ਹੋਏ ਰਾਜਦੂਤ ਜਾਰਜ ਮਿੱਚਲ ਨੂੰ ਚੁਣਿਆ ਹੈ। ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਮਾਮਲਿਆਂ ਨੂੰ ਸੁਲਝਾਉਣ ਲਈ ਉਸਨੇ ਇਕ ਨਿਪੁੰਨ ਰਾਜਦੂਤ ਰਿੱਚਰਡ ਹੋਲਬਰੁੱਕ ਨੂੰ ਨਾਮਜ਼ਦ ਕੀਤਾ ਹੈ।

ਓਬਾਮਾ ਨੇ ਜੋ ਸਭ ਤੋਂ ਵੱਡੀ ਪਿਰਤ ਪਾਈ ਹੈ ਉਹ ਹੈ ਆਪਣੇ ਵਿਰੋਧੀਆਂ ਨਾਲ ਰਲ ਕੇ ਕੰਮ ਕਰਨ ਦੀ ਇੱਛਾ ਅਤੇ ਯਤਨ। ਭਾਵੇਂ ਇਸ ਪਾਸੇ ਪਹਿਲਾਂ ਵੀ ਕਈ ਡੈਮੋਕਰੈਟਿਕ ਪ੍ਰਧਾਨਾਂ ਨੇ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਵਿੱਚੋਂ ਬਿੱਲ ਕਲਿੰਟਨ ਖਾਸ ਤੌਰ 'ਤੇ ਸ਼ਲਾਘਾ ਦਾ ਹੱਕਦਾਰ ਹੈ ਪਰ ਓਬਾਮਾ ਇਸ ਕੰਮ ਵਿਚ ਉਸ ਤੋਂ ਵੀ ਅੱਗੇ ਲੰਘ ਗਿਆ ਹੈ। ਬਿੱਲ ਕਲਿੰਟਨ ਵਾਂਗ ਹੀ ਓਬਾਮਾ ਨੇ ਕੁਝ ਰਿਪਬਲਿਕਨ ਪਾਰਟੀ ਦੇ ਮੈਂਬਰ ਵੀ ਆਪਣੀ ਵਜ਼ਾਰਤ ਵਿੱਚ ਲਏ ਹਨ। ਓਬਾਮਾ ਨੇ ਰਿਪਬਲਿਕਨ ਪਾਰਟੀ ਦੇ ਲੀਡਰਾਂ ਨਾਲ ਕਈ ਮੀਟਿੰਗਾਂ ਵੀ ਕੀਤੀਆਂ ਹਨ ਅਤੇ ਉਨ੍ਹਾਂ ਨਾਲ ਰਲ ਕੇ ਕੰਮ ਕਰਨ ਦੀ ਖਾਹਸ਼ ਪ੍ਰਗਟ ਕੀਤੀ ਹੈ। ਹਾਲੇ ਤੱਕ ਰਿਪਬਲਿਕਨ ਪਾਰਟੀ ਦੇ ਲੀਡਰਾਂ ਨੇ ਓਬਾਮਾ ਦਾ ਸਾਥ ਦੇਣ ਦਾ ਪੂਰਾ ਹੁੰਗਾਰਾ ਨਹੀਂ ਭਰਿਆ। ਇਕ ਸਫ਼ਲ ਲੀਡਰ ਦਾ ਇਹ ਬਹੁਤ ਵੱਡਾ ਗੁਣ ਹੈ ਕਿ ਉਹ ਆਪਣੇ ਵਿਰੋਧੀਆਂ ਨੂੰ ਵੀ ਨਾਲ ਰਲਾ ਕੇ ਤੁਰੇ। ਜਾਰਜ ਬੁਸ਼ ਇਸਦੇ ਬਿਲਕੁਲ ਉਲਟ ਸੀ। ਉਸਨੇ ਕਦੇ ਵੀ ਡੈਮੋਕਰੈਟਿਕ ਪਾਰਟੀ ਨੂੰ ਨਾਲ ਲੈ ਕੇ ਕੋਈ ਕੰਮ ਨਹੀਂ ਸੀ ਕੀਤਾ ਅਤੇ ਕਦੇ ਵੀ ਡੈਮੋਕਰੈਟਿਕ ਪਾਰਟੀ ਦੀ ਸਲਾਹ ਨੂੰ ਨਹੀਂ ਸੀ ਮੰਨਿਆਂ। ਜਾਰਜ ਬੁਸ਼ ਵੰਡੀਆਂ ਪਾਉਣ ਵਾਲਾ ਪ੍ਰਧਾਨ ਸਿੱਧ

ਹੋਇਆ ਹੈ। ਉਮੀਦ ਹੈ ਕਿ ਓਬਾਮਾ ਵੰਡੀਆਂ ਘਟਾਉਣ ਜਾਂ ਹਟਾਉਣ ਵਾਲਾ ਪ੍ਰਧਾਨ ਸਿੱਧ ਹੋਵੇਗਾ। ਸ਼ਾਲਾ, ਬਰਾਕ ਹੁਸੈਨ ਓਬਾਮਾ ਇਕ ਬਹੁਤ ਸਫ਼ਲ ਪ੍ਰਧਾਨ ਹੋਵੇ ਅਤੇ ਉਹ ਦੁਨੀਆਂ ਵਿੱਚ ਸ਼ਾਂਤੀ ਅਤੇ ਪ੍ਰਫੁੱਲਤਾ ਦਾ ਵਾਸਾ ਕਰਨ ਵਿੱਚ ਕਾਮਯਾਬ ਹੋਵੇ। ਸਭ ਦੀਆਂ ਸ਼ੁੱਭ ਇੱਛਾਵਾਂ ਉਸਦੇ ਨਾਲ ਹਨ। ਅਮਰੀਕਾ ਵਿੱਚ ਕੀਤੇ ਇਕ ਸਰਵੇ ਅਨੁਸਾਰ ਲਗਭਗ 70 ਪ੍ਰਤੀਸ਼ਤ ਲੋਕ ਉਮੀਦ ਕਰਦੇ ਹਨ ਕਿ ਓਬਾਮਾ ਇਕ ਸਫ਼ਲ ਪ੍ਰਧਾਨ ਸਿੱਧ ਹੋਵੇਗਾ।

(ਫਰਵਰੀ 1, 2009)

## ਇਨਸਾਨ ਅਤੇ ਇਨਸਾਨੀਅਤ

ਕੱਟੜਤਾ-ਧਾਰਮਿਕ ਅਤੇ ਦੂਜੇ ਵਿਚਾਰਾਂ ਬਾਰੇ-ਦੁਨੀਆਂ ਨੂੰ ਨਰਕ ਬਣਾ ਰਹੀ ਹੈ। ਉਮੀਦ ਸੀ ਕਿ ਵਿਦਵਤਾ ਦੇ ਪਸਾਰੇ ਨਾਲ ਅਤੇ ਤਕਨੀਕੀ ਉੱਨਤੀ ਕਾਰਨ ਲੋਕਾਂ ਦੀਆਂ ਜ਼ਿੰਦਗੀਆਂ ਸੁਧਰਨਗੀਆਂ ਅਤੇ ਲੋਕਾਂ ਵਿੱਚ ਨਫ਼ਰਤ ਦੀ ਥਾਂ ਪਿਆਰ ਵਧੇਗਾ। ਪਰ ਹੋਇਆ ਬਿਲਕੁਲ ਇਸਦੇ ਉਲਟ ਹੈ। ਕੁਝ ਲੋਕਾਂ ਦੇ ਵਿਚਾਰ ਹੋਰ ਵੀ ਕੱਟੜ ਹੋ ਗਏ ਹਨ। ਸਹਿਣਸ਼ੀਲਤਾ ਗੁੰਮ ਹੋ ਗਈ ਹੈ। ਪਿਆਰ ਅਤੇ ਹਮਦਰਦੀ ਘਟਦੇ ਜਾ ਰਹੇ ਹਨ। ਨਫ਼ਰਤ ਅਤੇ ਸਵਾਰਥਪੁਣਾ ਵਧ ਰਹੇ ਹਨ। ਇਨਸਾਨਾਂ ਵਿਚੋਂ ਇਨਸਾਨੀਅਤ ਖ਼ਤਮ ਹੋ ਰਹੀ ਹੈ। ਹੈਵਾਨੀਅਤ ਵਧਦੀ ਜਾ ਰਹੀ ਹੈ। ਇਸਦਾ ਅੰਤ ਕਦੋਂ, ਕਿਵੇਂ ਅਤੇ ਕਿੱਥੇ ਜਾ ਕੇ ਹੋਵੇਗਾ? ਇਸ ਬਾਰੇ ਸੋਚ ਕੇ ਸਰੀਰ ਨੂੰ ਝੁਣਝੁਣੀਆਂ ਆਉਣ ਲੱਗ ਜਾਂਦੀਆਂ ਹਨ। ਕੁਝ ਲੋਕ ਸੰਸਾਰ ਨੂੰ ਤਬਾਹੀ ਵਲ ਬਹੁਤ ਹੀ ਤੇਜ਼ੀ ਨਾਲ ਲੈ ਕੇ ਜਾ ਰਹੇ ਹਨ।

ਇਹ ਗੱਲ ਸਿਰਫ਼ ਇਕ ਮੁਲਕ ਦੀ ਨਹੀਂ ਸਗੋਂ ਦੁਨੀਆਂ ਦੇ ਬਹੁਤੇ ਮੁਲਕਾਂ ਦੀ ਹੈ। ਜੋ ਹਮਲਾ ਅਤੇ ਵਾਰਦਾਤਾਂ ਆਸਟਰੀਆ ਦੇ ਸ਼ਹਿਰ ਵੀਏਨਾ (ਪੰਜਾਬੀ ਵਿੱਚ ਭਾਵੇਂ ਅਖ਼ਬਾਰਾਂ ਇਸਨੂੰ ਵਿਆਨਾ ਲਿਖਦੀਆਂ ਹਨ ਪਰ Vienna ਦਾ ਅਸਲੀ ਉਚਾਰਨ ਵੀਏਨਾ ਹੈ) ਦੇ ਇਕ ਗੁਰਦੁਆਰੇ ਵਿੱਚ ਹੋਈਆਂ ਹਨ, ਉਨ੍ਹਾਂ ਦੀ ਨਿਖੇਧੀ ਕਰਨੀ ਅਤੇ ਉਸਦੇ ਵਿਰੁੱਧ ਅਵਾਜ਼ ਉਠਾਉਣੀ (ਪਰ ਸ਼ਾਂਤਮਈ ਢੰਗ ਨਾਲ) ਹਰ ਇਨਸਾਨ ਦਾ ਫ਼ਰਜ਼ ਬਣਦਾ ਹੈ। ਹਰ ਇਨਸਾਨ ਦੇ ਵਿਚਾਰ ਵੱਖਰੇ ਹਨ ਅਤੇ ਹਰ ਇਨਸਾਨ ਨੂੰ ਆਪਣੇ ਢੰਗ ਨਾਲ ਸੋਚਣ, ਵਿਚਰਣ, ਅਤੇ ਕੰਮ ਕਰਨ ਦੀ ਅਜ਼ਾਦੀ ਹੋਣੀ ਚਾਹੀਦੀ ਹੈ ਜੇ ਕਰ ਇਸ ਨਾਲ ਦੂਜੇ ਲੋਕਾਂ ਨੂੰ ਕੋਈ ਨੁਕਸਾਨ ਨਾ ਪਹੁੰਚਦਾ ਹੋਵੇ। ਆਪਣੇ ਵਿਚਾਰ ਦੂਜਿਆਂ 'ਤੇ ਠੋਸਣੇ, ਜਾਂ ਦੂਜਿਆਂ ਨੂੰ ਵਿਚਾਰ ਬਦਲਣ ਲਈ ਮਜ਼ਬੂਰ ਕਰਨਾ ਜਾਂ ਕਿਸੇ ਨੂੰ ਉਸਦੇ ਵੱਖਰੇ ਵਿਚਾਰਾਂ ਕਾਰਨ ਸੱਟ ਚੋਟ ਲਾਉਣੀ ਜਾਂ ਸਿਰਫ਼ ਵੱਖਰੇ ਵਿਚਾਰਾਂ ਦੇ ਅਧਾਰ 'ਤੇ ਕਿਸੇ ਦਾ ਕਤਲ ਕਰਨਾ ਗ਼ਲਤ ਹੀ ਨਹੀਂ ਸਗੋਂ ਘੋਰ ਜੁਰਮ ਹੈ ਜਿਸਦੀ ਸਜ਼ਾ ਕਰੜੀ ਤੋਂ ਕਰੜੀ ਮਿਲਣੀ ਚਾਹੀਦੀ ਹੈ।

ਅੱਜ ਕਲ੍ਹ ਜਿਸ ਤਰ੍ਹਾਂ ਦੁਨੀਆਂ ਵਿੱਚ ਮਾਸੂਮ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ-ਜ਼ਿਆਦਾ ਕੱਟੜਤਾ ਦੇ ਨਾਂ 'ਤੇ-ਉਹ ਇਕ ਮਜ਼ਾਕ ਬਣ ਕੇ ਰਹਿ ਗਿਆ ਹੈ। ਇਨਸਾਨਾਂ ਦੇ ਕਤਲ ਇਸ ਤਰ੍ਹਾਂ ਹੋ ਰਹੇ ਹਨ ਜਿਵੇਂ ਉਹ ਬਦਾਮ ਜਾਂ ਅਖਰੋਟ ਨੂੰ ਭੰਨਣ ਤੋਂ ਵੀ ਸੌਖੇ ਹੋਣ। ਦੂਜਿਆਂ ਦੀ ਮੱਦਦ ਕਰਨ ਨਾਲੋਂ ਦੂਜਿਆਂ ਨੂੰ ਨੁਕਸਾਨ ਪਹੁੰਚਾਉਣਾ ਜ਼ਿਆਦਾ ਪ੍ਰਚਲਤ ਹੋ ਗਿਆ ਹੈ। ਵੀਏਨਾ ਵਿਚਲੇ ਕਾਤਲਾਨਾ ਹਮਲੇ ਤੋਂ ਬਾਅਦ ਉਸਦੇ ਪ੍ਰਤੀਕਰਮ ਵਜੋਂ ਜੋ ਪੰਜਾਬ ਵਿੱਚ ਵਾਪਰਿਆ



ਉਸਦੀ ਵੀ ਉਤਨੀ ਹੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ ਜਿਤਨੀ ਵੀਏਨਾ ਦੇ ਹਮਲੇ ਦੀ। ਜੋ ਲੋਕਾਂ ਨੂੰ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਕਾਰਨ ਨੁਕਸਾਨ (ਜਾਨੀ ਹਾਂ ਹੋਰ) ਹੋਇਆ ਹੈ, ਉਸਨੂੰ ਕਿਸੇ ਪੱਖ ਤੋਂ ਵੀ ਠੀਕ ਨਹੀਂ ਆਖਿਆ ਜਾ ਸਕਦਾ। ਫੱਟੜ ਹੋਣ ਤੋਂ ਇਲਾਵਾ ਲੋਕਾਂ ਨੂੰ ਜੋ ਨੁਕਸਾਨ ਹੋਇਆ ਹੈ ਅਤੇ ਜਿਨ੍ਹਾਂ ਦਿੱਕਤਾਂ ਅਤੇ ਔਖਿਆਈਆਂ ਦਾ ਸਾਂਭਣਾ ਕਰਨਾ ਪਿਆ ਹੈ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਘਟਨਾ ਖਿਲਾਫ਼ ਆਪਣਾ ਰੋਸ ਪ੍ਰਗਟ ਕਰਨਾ ਜਾਇਜ਼ ਹੈ ਪਰ ਇਸ ਰੋਸੇ ਨੂੰ ਪ੍ਰਗਟਾਉਣ ਦੇ ਵੱਖਰੇ ਵੱਖਰੇ ਢੰਗ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਠੀਕ ਹਨ ਅਤੇ ਕੁਝ ਗਲਤ ਹਨ। ਪੰਜਾਬ ਵਿੱਚ ਜਿਨ੍ਹਾਂ ਲੋਕਾਂ ਨੇ ਆਪਣਾ ਰੋਸ ਭੰਨ ਤੋੜ ਕਰ ਕੇ ਅਤੇ ਲੋਕਾਂ ਨੂੰ ਕੁੱਟ ਮਾਰ ਕੇ ਪ੍ਰਗਟ ਕੀਤਾ ਹੈ, ਉਹ ਵੀ ਉਨ੍ਹਾਂ ਕਾਤਲਾਂ ਤੋਂ ਵਧੀਆ ਇਨਸਾਨ ਨਹੀਂ ਹੋ ਸਕਦੇ ਜਿਨ੍ਹਾਂ ਨੇ ਵੀਏਨਾ ਵਿੱਚ ਗੋਲੀਆਂ ਚਲਾਈਆਂ ਸਨ। ਭੰਨ ਤੋੜ ਕਰ ਕੇ, ਰਾਹ ਰੋਕ ਕੇ, ਅਤੇ ਕੁੱਟ ਮਾਰ ਕਰ ਕੇ ਮਾਸੂਮ ਲੋਕਾਂ ਨੂੰ ਕਸ਼ਟ ਪਹੁੰਚਾਉਣ ਵਾਲੇ ਕਿਸੇ ਤਰ੍ਹਾਂ ਵੀ ਕਿਸੇ ਦੀ ਹਮਦਰਦੀ ਅਤੇ ਸਮਰਥਨ ਦੇ ਹੱਕਦਾਰ ਨਹੀਂ। ਬੱਸਾਂ ਨੂੰ, ਕਾਰਾਂ ਨੂੰ ਅਤੇ ਹੋਰ ਨਿੱਜੀ ਜਾਂ ਸਰਕਾਰੀ ਜਾਇਦਾਦ ਨੂੰ ਅੱਗ ਲਾ ਕੇ ਸਾੜਨਾ ਇਕ ਚੰਗਾ ਕੰਮ ਨਹੀਂ ਸਗੋਂ ਬੇਵਕੂਫ਼ੀ ਹੈ ਜਿਸਨੂੰ ਭੰਡਣਾ ਹਰ ਇਨਸਾਨ ਦਾ ਕੰਮ ਹੈ।

ਧਰਮ ਦੇ ਨਾਂ 'ਤੇ ਜੋ ਜੋ ਸ਼ਰਮਨਾਕ ਘਟਨਾਵਾਂ ਦੁਨੀਆਂ ਵਿਚ ਹੋ ਰਹੀਆਂ ਹਨ, ਧਰਮ ਨੂੰ ਸਹੀ ਢੰਗ ਨਾਲ ਸਮਝਣ ਵਾਲੇ ਲੋਕ ਕਦੇ ਵੀ ਉਨ੍ਹਾਂ ਦੇ ਹੱਕ ਵਿੱਚ ਨਾਹਰਾ ਨਹੀਂ ਲਾਉਣਗੇ। ਇਹੋ ਜਿਹੀਆਂ ਘਟਨਾਵਾਂ ਇਨਸਾਨੀਅਤ ਦੇ ਨਾਂ 'ਤੇ ਕਲੰਕ ਹਨ ਚਾਹੇ ਇਹ ਆਸਟਰੀਆ ਵਿੱਚ ਵਾਪਰੀ ਵਾਰਦਾਤ ਹੈ, ਜਾਂ ਪੰਜਾਬ ਵਿੱਚ ਕੀਤੀ ਗਈ ਭੰਨ ਤੋੜ ਅਤੇ ਹੁੱਲੜਬਾਜ਼ੀ ਹੈ, ਜਾਂ ਹਿੰਦੁਸਤਾਨ ਵਿੱਚ ਵੱਖ ਵੱਖ ਥਾਵਾਂ 'ਤੇ ਹੋਏ ਫ਼ਿਰਕੂ ਦੰਗੇ ਹਨ, ਜਾਂ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਤਾਲੀਬਾਨ ਵੱਲੋਂ ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਅਤਿਆਚਾਰ ਅਤੇ ਬੰਬ ਬਲਾਸਟ ਹਨ, ਜਾਂ ਇਰਾਕ ਵਿੱਚ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਦੀ ਆਪਸ ਵਿੱਚ ਲੜਾਈ ਹੈ, ਜਾਂ ਇਰਾਨ ਵਿੱਚ ਧਰਮ ਦੀ ਆੜ ਲੈ ਕੇ ਲੋਕਾਂ ਦੀ ਆਜ਼ਾਦੀ ਨੂੰ ਕੁਚਲਨਾ ਹੈ, ਜਾਂ ਕਈ ਮੁਲਕਾਂ ਵਿੱਚ ਧਰਮ ਦੇ ਗਲਤ ਅਰਥ ਕੱਢ ਕੇ ਔਰਤਾਂ ਤੇ ਕੀਤੇ ਅਤਿਆਚਾਰ ਹਨ, ਜਾਂ ਅਫ਼ਰੀਕਾ ਦੇ ਕਈ ਮੁਲਕਾਂ ਵਿੱਚ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਲੀਡਰਾਂ ਵੱਲੋਂ ਬਨਾਉਟੀ ਤੌਰ 'ਤੇ ਪੈਦਾ ਕੀਤੀ ਭੁੱਖ-ਮਾਰ ਹੈ, ਅਤੇ ਜਾਂ ਫਿਰ ਉੱਤਰੀ ਕੋਰੀਆ ਵੱਲੋਂ ਬੱਚਿਆਂ ਨੂੰ ਭੁੱਖੇ ਰੱਖ ਕੇ ਮਿਸਲਾਂ ਅਤੇ ਬੰਬਾਂ 'ਤੇ ਪੈਸਾ ਖਰਚਣਾ ਹੈ।

ਕਈ ਮੁਲਕਾਂ ਵਿਚ ਕਿਵੇਂ ਔਰਤਾਂ ਨੂੰ ਛੋਟੇ ਛੋਟੇ ਬੱਚੇ-ਬੱਚੀਆਂ ਨੂੰ ਧਰਮ ਦੇ ਨਾਂ 'ਤੇ ਚਾਬਕਾਂ ਅਤੇ ਕੋੜਿਆਂ ਨਾਲ ਕੁੱਟਿਆ ਜਾਂਦਾ ਹੈ, ਇਸਦਾ ਸਬੂਤ ਇੰਟਰਨੈਟ ਤੇ ਲੱਗੀਆਂ ਬਹੁਤ ਸਾਰੀਆਂ ਵੀਡੀਓ ਤੋਂ ਮਿਲ ਸਕਦਾ ਹੈ।

ਇਹੋ ਜਿਹੇ ਇਨਸਾਨ ਦੇ ਜਾਮੇ ਵਿੱਚ ਜੀਅ ਰਹੇ ਸ਼ੈਤਾਨਾਂ ਅਤੇ ਹੈਵਾਨਾਂ ਨੂੰ ਇਨ੍ਹਾਂ ਔਰਤਾਂ ਅਤੇ ਬੱਚੇ-ਬੱਚੀਆਂ ਦੀਆਂ ਚੀਕਾਂ-ਕੁਰਲਾਟਾਂ ਸੁਣ ਕੇ ਵੀ ਕੋਈ ਤਰਸ ਅਤੇ ਹਮਦਰਦੀ ਨਹੀਂ ਆਉਂਦੀ। ਇਹੋ ਜਿਹੇ ਅਤਿਆਚਾਰ ਕਰਨ ਵਾਲੇ ਲੋਕਾਂ ਦਾ ਇਸ ਦੁਨੀਆਂ ਵਿੱਚੋਂ ਕਦੋਂ ਖਾਤਮਾ ਹੋਵੇਗਾ? ਇਹ ਲੋਕ ਉਦੋਂ ਤੱਕ ਕਾਇਮ ਰਹਿਣਗੇ ਜਦੋਂ ਤੱਕ ਅਸੀਂ ਇਨ੍ਹਾਂ ਦੇ ਕਾਰਨਾਮਿਆਂ ਨੂੰ ਸਹਿੰਦੇ ਰਹਾਂਗੇ ਅਤੇ ਇਨ੍ਹਾਂ ਦਾ ਵਿਰੋਧ ਕਰਨ ਤੋਂ ਡਰਦੇ ਰਹਾਂਗੇ। ਇਹੋ ਜਿਹੇ ਲੋਕਾਂ ਨੂੰ ਪਨਾਹ ਦੇਣ ਵਾਲੇ ਵੀ ਉਤਨੇ ਹੀ ਕਸੂਰਵਾਰ ਹਨ ਜਿੰਨੇ ਕਿ ਕਸੂਰ ਕਰਨ ਵਾਲੇ। ਅੱਤਵਾਦੀ ਲਹਿਰਾਂ ਦਾ

ਖਾਤਮਾ ਕਰਨ ਲਈ ਸਾਰੇ ਮੁਲਕਾਂ ਦੇ ਚੰਗੇ ਲੋਕਾਂ ਨੂੰ ਇਕੱਠੇ ਹੋ ਕੇ ਹਿੰਮਤ ਕਰਨੀ ਪਵੇਗੀ। ਇਹ ਕਿਸੇ ਇਕ ਮੁਲਕ ਦੇ ਵੱਸ ਦਾ ਰੋਗ ਨਹੀਂ। ਅੱਤਵਾਦ ਨੇ ਕਿਸ ਤਰ੍ਹਾਂ ਮੁਲਕਾਂ ਦਾ ਸਤਿਆਨਾਸ ਕੀਤਾ ਹੈ, ਇਸਦੇ ਸਬੂਤ ਥਾਂ ਥਾਂ ਮਿਲਦੇ ਹਨ। ਦੁਨੀਆਂ ਵਿੱਚ ਜੋ ਅੱਤਵਾਦ ਵਾਪਰ ਰਿਹਾ ਹੈ ਉਸਦੇ ਕਾਰਨਾਂ ਵਿੱਚ ਬਹੁਤੇ ਮਹੱਤਵਪੂਰਨ ਕਾਰਨ ਤਾਂ ਲੋਕਾਂ ਦੀ ਬਹੁਤਾਤ ਅਤੇ ਉਨ੍ਹਾਂ ਦਾ ਵਿਹਲੇ ਹੋਣਾ ਹੈ। ਬਹੁਤ ਸਾਰੇ ਮੁਲਕਾਂ ਦੀ ਅਬਾਦੀ ਇੰਨੀ ਤੇਜ਼ੀ ਨਾਲ ਵਧੀ ਹੈ ਅਤੇ ਹਾਲੇ ਵੀ ਵਧ ਰਹੀ ਹੈ ਕਿ ਨਵੇਂ ਜੰਮਦੇ ਲੋਕਾਂ ਦੀ ਦੇਖ ਭਾਲ ਕਰਨੀ ਅਤੇ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਸਹੂਲਤਾਂ ਮੁਹੱਈਆ ਕਰਨੀਆਂ ਬਿਲਕੁਲ ਸੰਭਵ ਨਹੀਂ। ਜੁਆਨ ਲੜਕੇ ਅਤੇ ਲੜਕੀਆਂ ਪੜ੍ਹ ਲਿਖ ਕੇ ਵਿਹਲੇ ਫਿਰਦੇ ਹਨ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਵਿਹਲਾ ਦਿਮਾਗ਼ ਸ਼ੈਤਾਨੀ ਦਾ ਘਰ ਹੁੰਦਾ ਹੈ। ਵਿਹਲੇ ਲੋਕ ਨਿਰਾਸ਼ ਹੋ ਕੇ ਭੈੜੇ ਪਾਸੇ ਲੱਗ ਜਾਂਦੇ ਹਨ। ਇਨ੍ਹਾਂ ਲੋਕਾਂ ਨੂੰ ਜਿੱਧਰ ਚਾਹੋ ਲਾ ਲਵੋ। ਹਾਕ ਮਾਰਨ ਦੀ ਦੇਰ ਹੈ, ਇਹ ਲੋਕ ਹੁਲੜਬਾਜ਼ੀ, ਭੰਨ-ਤੋੜ, ਨਾਹਰੇਬਾਜ਼ੀ ਆਦਿ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਅੱਤਵਾਦੀ ਲਹਿਰਾਂ ਇਨ੍ਹਾਂ ਗਰੀਬ ਲੋਕਾਂ ਨੂੰ ਪੈਸੇ ਦੇ ਕੇ ਗ਼ਲਤ ਕੰਮ ਕਰਾਉਂਦੀਆਂ ਹਨ। ਸਭ ਤੋਂ ਵੱਧ ਲੋੜ ਹੈ ਹਿੰਦੁਸਤਾਨ ਵਰਗੇ ਮੁਲਕਾਂ ਦੀ ਅਬਾਦੀ ਨੂੰ ਹਰ ਹੀਲੇ ਨਾਲ ਕੰਟਰੋਲ ਕਰਨ ਦੀ। ਜਦੋਂ ਤੱਕ ਅਬਾਦੀ ਨੂੰ ਕੰਟਰੋਲ ਨਹੀਂ ਕੀਤਾ ਜਾਂਦਾ, ਇਨ੍ਹਾਂ ਮੁਲਕਾਂ ਵਿੱਚ ਕੋਈ ਸੁਧਾਰ ਨਹੀਂ ਹੋ ਸਕਦਾ। ਅਗਲੀ ਗੱਲ ਹੈ ਘਰਾਂ, ਸਕੂਲਾਂ ਅਤੇ ਕਾਲਜਾਂ ਵਗੈਰਾ ਵਿੱਚ ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾਉਣ ਅਤੇ ਪਾਉਣ ਦੀ। ਜਦੋਂ ਤੱਕ ਅਸੀਂ ਇਸ ਪਾਸੇ ਧਿਆਨ ਨਹੀਂ ਦਿੰਦੇ, ਇਹੋ ਜਿਹੀਆਂ ਵਾਰਦਾਤਾਂ ਹੁੰਦੀਆਂ ਹੀ ਰਹਿਣਗੀਆਂ।

(ਜੂਨ 6, 2009)

---



ਪ੍ਰੇਮ ਮਾਨ ਦੀਆਂ ਕੁਝ ਲਿਖਤਾਂ ਉਸਦੇ ਦੋ ਵੈਬ-ਸਾਈਟਸ ਤੇ ਵੀ ਪੜ੍ਹੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੇ ਐਡਰੈਸ ਹਨ:

www.premmann.com
www.punjabiblog.com

**Prem Mann**
44 Rock Spring Road
West Orange, NJ 07052
USA
Phone: 860-983-5002
Email: premmann@yahoo.com





ਯੂਨੀਵਰਸਿਟੀ ਦੇ ਪ੍ਰਧਾਨ ਤੋਂ 2004-05 ਦਾ ਸਰਵੋਤਮ ਅਧਿਆਪਕ ਹੋਣ ਦਾ ਸਨਮਾਨ ਪ੍ਰਾਪਤ ਕਰਦਿਆਂ।

---

## ਗੀਤ

ਬੀਤ ਗਿਆ ਜੋ ਕੱਲ ਵੇ ਸੱਜਣ ਮੇਰਿਆ।
ਦਿਲ ਤੇ ਲਾ ਗਿਆ ਸੱਲ ਵੇ ਸੱਜਣ ਮੇਰਿਆ।

ਜਿਉਂ ਕੰਡਾ ਕੋਈ ਪੈਰ 'ਚ ਕਿਧਰੇ ਪੁੜ ਜਾਵੇ
ਇੱਕ ਦਰਦੀਲੀ ਚੀਸ ਵੇ ਦਿਲ ਨਾਲ ਜੁੜ ਜਾਵੇ
ਇਵੇਂ ਹੀ ਕੱਲ ਦੀ ਗੱਲ ਵੇ ਸੱਜਣ ਮੇਰਿਆ।

ਜਿਉਂ ਕੋਈ ਆਕੇ ਮਹਿਕ ਦਹਿਲੀਜ਼ੋਂ ਮੁੜ ਜਾਵੇ
ਜਾਂ ਕੋਈ ਖੁਸ਼ੀ ਵਿਚਾਲੇ ਆ ਕੇ ਥੁੜ੍ਹ ਜਾਵੇ
ਇਉਂ ਹੀ ਬੀਤੇ ਪਲ ਵੇ ਸੱਜਣ ਮੇਰਿਆ।

ਜੇ ਕੋਈ ਪਹਿਲਾਂ ਆਪ ਤਰਾਨੇ ਛੇੜ ਕੇ,
ਤੁਰ ਜਾਵੇ ਪ੍ਰਦੇਸ ਵੇ ਬੂਹੇ ਭੇੜ ਕੇ,
ਕਿੰਜ ਉੱਤਰੇ ਉਹ ਝੱਲ ਵੇ ਸੱਜਣ ਮੇਰਿਆ।

ਬੀਤ ਗਿਆ ਜੋ ਕੱਲ ਵੇ ਸੱਜਣ ਮੇਰਿਆ।
ਦਿਲ ਤੇ ਲਾ ਗਿਆ ਸੱਲ ਵੇ ਸੱਜਣ ਮੇਰਿਆ।

## ਗ਼ਜ਼ਲਾਂ

### 1.

ਦੋਸਤਾਂ ਦੇ ਸੰਗ ਗੁਜ਼ਾਰੀ ਉਹ ਭਲੀ ਜਿਹੀ ਸ਼ਾਮ ਸੀ।
ਸ਼ਾਮ ਨਹੀਂ ਤਾਂ ਹੋਰ ਉਸਦਾ ਕੀ ਭਲਾ ਜਿਹਾ ਨਾਮ ਸੀ।

ਸੱਚ ਦੇ ਨਾਲ ਖੜਨ ਤੋਂ ਡਰਦੇ ਰਹੇ ਉਹ ਹਰ ਘੜੀ,
ਸੱਚ ਬੋਲਣ ਦਾ ਜ਼ਿਕਰ ਜਿਨ੍ਹਾਂ ਦੀ ਗੱਲ ਵਿੱਚ ਆਮ ਸੀ।

ਸੱਚ ਦੀ ਸੂਲੀ ਤੇ ਚੜ੍ਹ ਗਏ ਆਦਮੀ ਦੇ ਕਾਤਲਾਂ ਦੀ,
ਲਿਸਟ ਵਿਚ ਪਤਵੰਤਿਆਂ ਦਾ ਸਭ ਤੋਂ ਪਹਿਲਾ ਨਾਮ ਸੀ।

ਪਿਆਰ ਦੀ ਇਕ ਮੁਸਕਰਾਹਟ ਸੀ ਜਿਨ੍ਹਾਂ ਦੇ ਮੁੱਖ ਤੇ,
ਨਫ਼ਰਤਾਂ ਦੇ ਨਾਲ ਭਰਿਆ ਹੱਥ ਉਨ੍ਹਾਂ ਦੇ ਜਾਮ ਸੀ।

### 2.

ਤਪਦੇ ਮਾਰੂਥਲ ਦੇ ਅੰਦਰ ਮੈਂ ਤੇ ਮੇਰਾ ਸਾਇਆ ਹੈ।
ਸਾਇਆ ਜਿਸ ਨੇ ਮੁਸ਼ਕਲ ਵੇਲੇ ਮੇਰਾ ਸਾਥ ਨਿਭਾਇਆ ਹੈ।

ਕੰਡਿਆਂ ਦਾ ਹੁੰਗਾਰਾ ਮੇਰੇ ਨਾਲ ਰਿਹਾ ਏ ਹਰ ਵੇਲੇ,
ਫੁੱਲਾਂ ਨੇ ਤਾਂ ਹਰ ਵੇਲੇ ਹੀ ਮੇਰਾ ਦਿਲ ਤੜਪਾਇਆ ਹੈ।

ਕੌਣ ਕਹੇ ਮੈਂ ਰਾਤਾਂ ਕੋਲੋਂ ਡਰ ਡਰ ਲੁਕਦਾ ਰਹਿੰਦਾ ਹਾਂ?
ਮੈਂ ਤਾਂ ਜਿੰਦ ਨੂੰ ਦਿਨ ਤੇ ਰਾਤੀਂ ਦੀਵੇ ਵਾਂਗ ਜਗਾਇਆ ਹੈ।

ਰਾਤ ਅੰਧੇਰੀ, ਝੱਖੜ ਝੁੱਲੇ, ਬਿਜਲੀ ਕੜਕੇ ਹਰ ਪਾਸੇ,
ਫਿਰ ਵੀ ਕੱਲ੍ਹ ਸਵੇਰੇ ਦਾ ਮੈਂ ਦਿਲ ਨੂੰ ਲਾਰਾ ਲਾਇਆ ਹੈ।

ਮੇਰੀ ਤਾਂ ਹੈ ਉਮਰਾ ਯਾਰੋ ਸਿਗਰਟ ਵਾਂਗੂੰ ਬੀਤ ਰਹੀ,
ਰੋਜ਼ ਦਿਹਾੜੇ ਮੈਂ ਆਪੇ ਨੂੰ ਸਿਗਰਟ ਜਿਉਂ ਸੁਲਘਾਇਆ ਹੈ।



### 3.

ਜੀਅ ਕਰਦਾ ਏ ਸਿਗਰਟ ਵਾਂਗੂੰ ਅਪਣੀ ਉਮਰ ਧੁਖਾਵਾਂ।
ਸਾਗਰ ਦੇ ਵਿੱਚ ਮਛਲੀ ਵਾਂਗਰ ਭਟਕਾਂ ਤੇ ਮਰ ਜਾਵਾਂ।

ਹਾਲੇ ਵੀ ਇਸ ਦਿਲ ਚੰਦਰੇ ਨੇ ਆਸ ਕਿਸੇ 'ਤੇ ਲਾਈ,
ਢਲ ਚੱਲੀਆਂ ਨੇ ਸ਼ਾਮਾਂ ਜਦ ਕਿ, ਢਲ ਚੱਲਿਆ ਪਰਛਾਵਾਂ।

ਮਕਤਲ ਦੇ ਵਿੱਚ ਘਰ ਹੈ ਮੇਰਾ ਮਕਤਲ ਦੇ ਵਿੱਚ ਵਾਸਾ,
ਰੋਜ਼ ਦਿਹਾੜੇ ਕੂਕਦੀਆਂ ਨੇ ਓਪਰੀਆਂ ਘਟਨਾਵਾਂ।

ਹੋਈ ਉਮਰ ਬਿਹਾਗਣ ਮੇਰੀ, ਜਿੰਦ ਨੂੰ ਲੱਗਾ ਝੋਰਾ,
ਇਕ ਪਲ ਤੈਨੂੰ ਮੋਹ ਲੈਣੇ ਦੀਆਂ ਕਿੰਨੀਆਂ ਘੋਰ ਸਜ਼ਾਵਾਂ।

ਸੌ ਪੀੜਾਂ ਹਨ ਖੜ੍ਹੀਆਂ ਮੇਰੇ ਘਰ ਦਹਿਲੀਜ਼ ਦੇ ਉੱਤੇ,
ਕਿਹੜੀ ਪੀੜਾ ਛੱਡ ਦਿਆਂ ਤੇ ਕਿਹੜੀ ਨੂੰ ਅਪਨਾਵਾਂ?

ਜੰਗਲ ਵਰਗੇ ਦੇਸ਼ ਦੇ ਅੰਦਰ ਮਾਰੂਥਲ ਜਿਹਾ ਸ਼ਹਿਰ,
ਜਦ ਵੀ ਕੋਈ ਪੁੱਛੇ ਦੱਸਾਂ ਮੈਂ ਅਪਣਾ ਸਿਰਨਾਵਾਂ।

### 4.

ਏਸ ਰਾਹ ਤੋਂ ਜੋ ਵੀ ਰਾਹੀ ਗੁਜ਼ਰਿਆ।
ਉਹ ਛਲੇਡਾ, ਭੂਤ, ਬਿਜਲੀ ਬਣ ਗਿਆ।

ਰਾਸਤੇ ਕੁਝ ਇਸ ਤਰ੍ਹਾਂ ਦੇ ਸਨ ਮਿਲੇ,
ਰੇਤ, ਪਾਣੀ, ਅੱਗ ਬਣ ਮੈਂ ਗੁਜ਼ਰਿਆ।

ਸਾਗਰਾਂ ਨੂੰ ਤਰਨ ਦੀ ਹਿੰਮਤ ਤੋਂ ਬਾਦ,
ਇਕ ਨਦੀ ਨੂੰ ਦੇਖ ਕੇ ਮੈਂ ਡਰ ਗਿਆ।

ਅੱਗ ਦੀ ਉਹ ਲਾਟ ਬਣ ਕੇ ਭੜਕਿਆ,
ਜਿਸਦੇ ਜਿਸਦੇ ਨਾਲ ਮੇਰਾ ਵਾਹ ਪਿਆ।

ਸ਼ਹਿਰ ਦੀ ਹਰ ਇਕ ਨਿਗ੍ਹਾ ਹੈ ਓਸ ਤੇ,
ਖਿੰਡਰ ਕੇ ਪਾਣੀ 'ਤੇ ਜਿਹੜਾ ਤਰ ਗਿਆ।

ਟੁੱਟ ਕੇ ਤਾਰਾ ਕਿਸੇ ਦੀ ਯਾਦ ਵਿੱਚ
ਗੀਤ ਬਣ ਕੇ ਇਕ ਖਿਲਾ ਵਿੱਚ ਮਰ ਗਿਆ।

### 5.

ਅੱਖਾਂ ਵਿਚਲੀ ਚੁੱਪ ਵਾਂਗੂ ਤੂੰ ਮਿਲੀਂ।
ਮੀਂਹ 'ਚ ਨਿਕਲੀ ਧੁੱਪ ਵਾਂਗੂ ਤੂੰ ਮਿਲੀਂ।

ਸ਼ੋਰ ਤੇ ਹੰਗਾਮਿਆਂ ਦੀ ਜ਼ਿੰਦਗੀ ਵਿੱਚ,
ਕਬਰ ਦੀ ਇਕ ਚੁੱਪ ਵਾਂਗੂ ਤੂੰ ਮਿਲੀਂ।

ਸਰਦ ਮੌਸਮ ਵਿਚ ਨਿੱਘੇ ਪਿਆਰ ਜਿਹੀ,
ਕੋਸੀ ਕੋਸੀ ਧੁੱਪ ਵਾਂਗੂ ਤੂੰ ਮਿਲੀਂ।

ਬਰਫ਼ ਵਿੱਚ ਲੱਦੇ ਸਦਾ ਰਹਿੰਦੇ ਨੇ ਜੋ,
ਪਰਬਤਾਂ ਦੀ ਚੁੱਪ ਵਾਂਗੂ ਤੂੰ ਮਿਲੀਂ।

ਅੱਗ ਦੇ ਵਿੱਚ ਸ਼ਹਿਰ ਸਾਰਾ ਜਲਣ ਬਾਦ,
ਕਰਫਿਊ ਦੀ ਚੁੱਪ ਵਾਂਗੂ ਤੂੰ ਮਿਲੀਂ।

ਪਰਬਤਾਂ ਤੋਂ ਡਿਗਕੇ ਢਹਿ ਕੇ ਖੜ੍ਹ ਗਈ,
ਇਕ ਨਦੀ ਦੀ ਚੁੱਪ ਵਾਂਗੂ ਤੂੰ ਮਿਲੀਂ।

### 6.

ਮਿਲਦਾਂ ਏਂ ਤਾਂ ਮਿਲਿਆ ਕਰ ਮੋਹ ਭਰੇ ਇਨਸਾਨ ਵਾਂਗ।
ਮੈਨੂੰ ਨਾ ਮਿਲਿਆ ਤੂੰ ਕਰ ਓਪਰੇ ਅਹਿਸਾਨ ਵਾਂਗ।

ਫ਼ਾਸਲੇ ਹੁਣ ਖ਼ਤਮ ਕਰ, ਦੂਰੀਆਂ ਨੂੰ ਛੱਡ ਦੇ,
ਹੁਣ ਨਾ ਮੈਨੂੰ ਮਿਲਿਆ ਕਰ ਓਪਰੇ ਮਹਿਮਾਨ ਵਾਂਗ।



ਫੁੱਲ ਦੀ ਖ਼ੁਸ਼ਬੋ ਦੇ ਵਾਂਗ ਮਿਲਣ ਦੀ ਗੱਲ ਕਰਿਆ ਕਰ,
ਐਵੇਂ ਨਾ ਮਿਲਿਆ ਤੂੰ ਕਰ ਫਿੱਕੀ ਜਿਹੀ ਮੁਸਕਾਨ ਵਾਂਗ।

ਚਾਹਤ ਹੋਵੇ ਜੇ ਮਿਲਣ ਦੀ, ਦਰ ਤੇ ਦਸਤਕ ਦੇ ਦਿਆ ਕਰ,
ਭੇਜਿਆ ਨਾ ਕਰ ਸੁਨੇਹਾ ਐਵੇਂ ਹੁਕਮਰਾਨ ਵਾਂਗ।

ਮਿਲਦਾਂ ਏਂ ਤਾਂ ਮਿਲਿਆ ਕਰ ਭਖ਼ਦੇ ਜਿਹੇ ਅੰਗਿਆਰ ਵਾਂਗ,
ਮਿਲਿਆ ਨਾ ਕਰ ਜੰਮੀ ਹੋਈ ਬਰਫ਼ ਦੀ ਚਟਾਨ ਵਾਂਗ।

ਮਿਲਦਾਂ ਏਂ ਤਾਂ ਮਿਲਿਆ ਕਰ ਤੂੰ ਕਿਸੇ ਤਿਉਹਾਰ ਵਾਂਗ,
ਇਹ ਕੀ ਹੋਇਆ ਮਿਲਣ ਐਵੇਂ ਕਿਸੇ ਕਬਰਸਤਾਨ ਵਾਂਗ?

ਮਿਲਿਆ ਕਰ ਬਰਸਾਤ ਦੀ ਕਿਣਮਿਣ ਦੇ ਵਾਂਗੂ ਦੇਰ ਤੱਕ,
ਮਿਲਿਆ ਨਾ ਕਰ ਪਲ ਦੋ ਪਲ ਲਈ ਤੂੰ ਕਿਸੇ ਤੂਫ਼ਾਨ ਵਾਂਗ।

### 7.

ਖੋਲ਼ੇ, ਟਿੱਬੇ, ਰੇਤੇ, ਖੰਡਰ, ਇਹ ਕੇਹੀਆਂ ਨੇ ਰਾਹਵਾਂ?
ਪੈਰਾਂ ਦੇ ਵਿੱਚ ਛਾਲੇ ਪੈ ਗਏ, ਫਿਰ ਵੀ ਤੁਰਦਾ ਜਾਵਾਂ।

ਰੇਤੇ ਦੇ ਵਿੱਚ ਲਹਿਰਾਂ ਛੱਡੇਂ, ਪਾਣੀ ਉੱਤੇ ਪੈੜਾਂ,
ਕਲਾ ਤੇਰੀ ਦਾ ਜਾਦੂ ਹੈ ਜਾਂ ਤੇਰੀਆਂ ਸ਼ੋਖ਼ ਅਦਾਵਾਂ।

ਰਾਹਾਂ ਦੇ ਵਿੱਚ ਕੰਡੇ ਖਿੱਲਰੇ, ਵਗਣ ਤਪਦੀਆਂ ਲੂਆਂ,
'ਕਲਮ-ਕੱਲਾ ਤੁਰਿਆ ਜਾਵਾਂ, ਨਾਲ ਮੇਰਾ ਪਰਛਾਵਾਂ।

ਪੱਤਝੜ ਦਾ ਰੁੱਖ ਮੇਰੇ ਘਰ ਦੇ ਵਿਹੜੇ ਦੇ ਵਿੱਚ ਲੱਗਾ,
ਲੋੜ ਪਵੇ ਜਦ ਮੈਨੂੰ ਤਾਂ ਮੈਂ ਉਸ ਤੋਂ ਮੰਗਾਂ ਛਾਵਾਂ।

ਮਾਰੂਥਲ ਵਿੱਚ ਉੱਗਿਆ ਜੀਕੂੰ ਕੋਈ ਰੁੱਖ ਨਿਮਾਣਾ,
ਮੇਰੀ ਜ਼ਿੰਦਗੀ ਦਾ ਵੀ ਏਸੇ ਵਰਗਾ ਹੈ ਸਿਰਨਾਵਾਂ।

ਅੱਗ 'ਚ ਜੀਵਾਂ, ਅੱਗ 'ਚ ਖੇਡਾਂ, ਅੱਗ 'ਚ ਹੱਸਾਂ ਰੋਵਾਂ,
ਛੋਟੀ ਉਮਰੇ ਅੱਗ ਦਾ ਮੈਨੂੰ ਪੈ ਗਿਆ ਸੀ ਪਰਛਾਵਾਂ।

# ਨਜ਼ਮਾਂ

## ਸ਼ਬਦ

ਸ਼ਬਦ ਤਾਂ ਬਹੁਤ
ਕਹੇ ਜਾਂਦੇ ਹਨ
ਸ਼ਬਦਾਂ ਦਾ ਕੀ ਹੈ
ਕਹਿਣ ਦਾ ਕੀ ਹੈ
ਜੇ ਇਨ੍ਹਾਂ ਸ਼ਬਦਾਂ ਪਿੱਛੇ
ਕਹੀਆਂ ਗੱਲਾਂ ਪਿੱਛੇ
ਕੋਈ ਅਰਥ ਨਹੀਂ।

## ਕਿਣਮਿਣ

ਕਿਣਮਿਣ ਕਿਣਮਿਣ
ਕਿਣਮਿਣ ਕਿਣਮਿਣ
ਮੈਨੂੰ ਬਹੁਤ
ਪਿਆਰੀ ਹੈ
ਨਾ ਇਹ ਹੜ੍ਹ
ਲਿਆਉਂਦੀ ਹੈ
ਨਾ ਔੜ
ਰਹਿੰਦੀ ਹੈ

## ਕੱਚਾ ਧਾਗਾ

ਜਦੋਂ ਪਤਾ ਸੀ
ਗਲੋਟੇ ਦਾ ਧਾਗਾ
ਕੱਚਾ ਹੈ ਤਾਂ
ਇਸ ਨਾਲ
ਪਿਆਰ ਦੀਆਂ
ਕੜੀਆਂ
ਕਿਉਂ ਬਣਾ ਬੈਠਾ ?

## ਗਮਲੇ ਦੇ ਫੁੱਲ

ਜਦੋਂ ਪਤਾ ਸੀ
ਗਮਲੇ ਵਿੱਚ
ਰੱਖੇ ਫੁੱਲ
ਬਹੁਤੇ ਦਿਨ
ਨਹੀਂ ਰਹਿਣੇ
ਤਾਂ ਤੂੰ ਇਨ੍ਹਾਂ ਨਾਲ
ਬੇਤਹਾਸ਼ਾ ਪਿਆਰ
ਕਿਉਂ ਪਾ ਬੈਠਾ ?

## ਰੇਤ ਦਾ ਘਰ

ਰੇਤ ਦਾ ਘਰ
ਆਖ਼ਿਰ
ਕਿੰਨਾ ਚਿਰ
ਰਹਿ ਸਕਦਾ ਹੈ
ਕਾਇਮ ?
ਰੇਤ ਦੇ ਰਿਸ਼ਤੇ ਦੀ
ਉਮਰ ਵੀ ਤਾਂ
ਇਸੇ ਤਰ੍ਹਾਂ ਦੀ
ਹੁੰਦੀ ਹੈ।



## ਬਜ਼ੁਰਗ

ਦਰਖ਼ਤ ਦਾ
ਇਹ ਪੱਤਾ
ਕਦੇ ਹਰਾ ਸੀ
ਜੋ ਅੱਜ
ਕੁਮਲਾ ਕੇ
ਸੁੱਕ ਕੇ
ਪੀਲਾ ਭੂਰਾ ਹੋ ਕੇ
ਮਿੱਟੀ ਵਿੱਚ
ਰੁਲ ਰਿਹਾ
ਕਿਸੇ ਗਰੀਬ
ਬਜ਼ੁਰਗ ਵਾਂਗ।

## ਮੌਸਮ

ਮੇਰੀ ਜ਼ਿੰਦਗੀ ਦੇ
ਬਹੁਤ ਸਾਰੇ ਪਲਾਂ ਵਾਂਗ
ਕੱਲ ਮੌਸਮ ਵੀ
ਕੁਝ ਅਜੀਬ ਹੀ ਸੀ
ਬੱਦਲ ਆਏ
ਮੀਂਹ ਵਰ੍ਹਿਆ
ਅਹਿਣ ਪਈ
ਬਿਜਲੀ ਕੜਕੀ
ਨ੍ਹੇਰੀ ਚਲੀ
ਝੱਖੜ ਝੁੱਲਿਆ
ਬਰਬਾਦੀ ਹੋਈ
ਫਿਰ ਸ਼ਾਂਤ ਮੌਸਮ
ਜਿਵੇਂ ਕੁਝ
ਹੋਇਆ ਹੀ
ਨਾ ਹੋਵੇ।

## ਅਕ੍ਰਿਤਘਣ

ਮੈਂ ਵੀ ਕਿੰਨਾ
ਅਕ੍ਰਿਤਘਣ ਹਾਂ
ਸੜਦੀ ਧੁੱਪ ਵਿੱਚ
ਦਰਖਤ ਦੀ ਛਾਂ ਨੂੰ
ਮਾਣ ਕੇ
ਜਾਣ ਲੱਗਿਆਂ
ਉਸਦਾ ਧੰਨਵਾਦ ਵੀ
ਨਾ ਕਰ ਸਕਿਆ।

## ਪੁਲ ਦੇ ਉਸ ਪਾਰ

ਪੁਲ ਲੰਘ
ਆਉਣ ਦੀ
ਖੁਸ਼ੀ ਨਾਲੋਂ
ਪੁਲ ਦੇ ਪਰਲੇ ਪਾਸੇ
ਰਹਿ ਗਈਆਂ
ਚੀਜ਼ਾਂ ਦਾ
ਗ਼ਮ ਜ਼ਿਆਦਾ ਹੈ
ਪਰ ਹੁਣ
ਵਾਪਸ ਵੀ ਤਾਂ
ਨਹੀਂ ਜਾਇਆ ਜਾਂਦਾ।

## ਬਾਜ

ਉੜਦਾ ਬਾਜ
ਖੇਡਦੀ ਚਿੜੀ ਨੂੰ
ਚੁੱਕ ਕੇ ਲੈ ਗਿਆ
ਮੈਂ ਸੋਚਦਾ ਹਾਂ
ਅਸੀਂ ਇਨਸਾਨ
ਇਨ੍ਹਾਂ ਬਾਜਾਂ ਨਾਲੋਂ
ਕਿੰਨੇ ਕੁ ਵੱਖਰੇ ਹਾਂ?

## ਕਸੂਰ

ਇਹ ਤਾਂ
ਸਾਡਾ ਆਪਣਾ ਹੀ
ਸੀ ਕਸੂਰ
ਲਾਰਿਆਂ ਨੂੰ ਸਮਝ ਕੇ
ਵਾਅਦੇ ਅਸੀਂ
ਝੂਠਿਆਂ ਤੇ
ਬੈਠ ਗਏ ਕਰ ਕੇ ਯਕੀਨ
ਨੇਰ੍ਹਿਆਂ 'ਚੋਂ
ਚਾਨਣੀ ਲੱਭਦੇ ਰਹੇ
ਜੁਗਨੂੰਆਂ ਨੂੰ
ਸਮਝ ਬੈਠੇ
ਸੂਰਜ ਦਾ ਪ੍ਰਤੀਕ
ਚਿੱਟੇ ਨੂੰ
ਸਮਝ ਬੈਠੇ
ਰੰਗਦਾਰ
ਪੱਥਰਾਂ ਨੂੰ ਸਮਝ ਬੈਠੇ
ਸੰਗ ਮਰ ਮਰ
ਦਾ ਹੀ ਰੂਪ
ਇਹ ਤਾਂ
ਸਾਡਾ ਆਪਣਾ ਹੀ
ਸੀ ਕਸੂਰ।

## ਆਪ ਤਰਾਸ਼ੇ ਰਸਤੇ

ਰੇਲ ਗੱਡੀ ਵਾਂਗ
ਮੈਨੂੰ ਬਣੀਆਂ ਬਣਾਈਆਂ
ਸਥਿਰ ਲੀਹਾਂ 'ਤੇ ਚਲਣਾ
ਬਿਲਕੁੱਲ ਪਸੰਦ ਨਹੀਂ

ਮੈਂ ਤਾਂ ਖ਼ੁਦ ਤਰਾਸ਼ੇ
ਰਸਤਿਆਂ 'ਤੇ ਚਲ ਕੇ
ਭੁੱਲ-ਭੁਲਾ ਕੇ
ਸੰਘਰਸ਼ ਕਰਕੇ
ਆਪਣੀ ਮੰਜ਼ਲ 'ਤੇ
ਪਹੁੰਚਣ ਵਿੱਚ
ਜ਼ਿਆਦਾ ਸੰਤੁਸ਼ਟੀ
ਮਹਿਸੂਸ ਕਰਦਾ ਹਾਂ।



ਯਾਦਾਂ

## ਜ਼ਿੰਦਗੀ ਦੀਆਂ ਯਾਦਾਂ 'ਚੋਂ

ਇਹ ਗੱਲ ਸੰਨ 1981 ਦੇ ਪਹਿਲੇ ਅੱਧ ਦੀ ਹੈ। ਮੈਂ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸ਼ਹਿਰ ਲਾਸ ਏਂਜਲਜ ਵਿੱਚ ਰਹਿਦਾ ਸਾਂ ਜਿੱਥੇ ਮੈਂ 1980 ਦੇ ਸ਼ੁਰੂ ਵਿੱਚ ਆਇਆ ਸਾਂ। ਮੈਂ ਉਸ ਵੇਲੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਲਾਸ ਏਂਜਲਜ ਵਿੱਚ ਅਰਥ ਸ਼ਾਸਤਰ ਦੀ ਪੀ. ਐਚ. ਡੀ. ਕਰ ਰਿਹਾ ਸਾਂ ਅਤੇ ਨਾਲ ਹੀ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਲਾਸ ਏਂਜਲਜ, ਵਿੱਚ ਐਡਹਾਕ ਲੈਕਚਰਾਰ ਵਜੋਂ ਪੜ੍ਹਾ ਰਿਹਾ ਸਾਂ। ਮੈਂ ਅਮਰੀਕਾ ਵਿੱਚ ਪੜ੍ਹਣ ਦਾ ਵੀਜ਼ਾ ਲੈ ਕੇ ਆਇਆ ਸਾਂ। ਜਨਵਰੀ 1980 ਵਿੱਚ ਅਮਰੀਕਾ ਆਉਣ ਤੋਂ ਕੁਝ ਮਹੀਨਿਆਂ ਬਾਅਦ ਹੀ ਮੈਨੂੰ ਇਸ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਉਣ ਦੀ ਨੌਕਰੀ ਮਿਲ ਗਈ ਸੀ ਜਿਥੇ ਮੈਂ ਸਤੰਬਰ 1980 ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਮੈਂ ਉਥੇ ਅਰਥ ਸ਼ਾਸਤਰ ਵਿਭਾਗ ਵਿੱਚ ਸਟੈਟਿਸਟਿਕਸ ਦਾ ਵਿਸ਼ਾ ਪੜ੍ਹਾਉਂਦਾ ਸਾਂ ਜਿਹੜਾ ਕਿ ਥੋੜ੍ਹਾ ਬਹੁਤ ਹਿਸਾਬ ਨਾਲ ਸੰਬੰਧਿਤ ਵਿਸ਼ਾ ਹੈ ਅਤੇ ਬਹੁਤ ਸਾਰੇ ਵਿਦਿਆਰਥੀ ਇਸ ਵਿਸ਼ੇ ਨੂੰ ਪਸੰਦ ਨਹੀਂ ਕਰਦੇ। ਬਹੁਤੇ ਵਿਦਿਆਰਥੀ ਤਾਂ ਇਹੋ ਅਰਦਾਸ ਕਰਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਬੱਸ ਪਾਸ ਹੋ ਜਾਈਏ, ਗਰੇਡ ਭਾਵੇਂ ਕੋਈ ਵੀ ਹੋਵੇ।

ਇਸ ਸਟੇਟ ਯੂਨੀਵਰਸਿਟੀ ਵਿੱਚ ਕੁਆਰਟਰ ਸਿਸਟਮ ਸੀ ਜਿਸ ਅਨੁਸਾਰ ਹਰ ਕਲਾਸ ਲਗਭਗ ਦਸ ਹਫਤੇ ਪੜ੍ਹਾਈ ਜਾਂਦੀ ਸੀ। ਅਮਰੀਕਾ ਵਿੱਚ ਕਲਾਸ ਵਿੱਚ ਦਾਖ਼ਲ ਕਿਸੇ ਵਿਦਿਆਰਥੀ ਨੂੰ ਪਾਸ ਕਰਨਾ ਜਾਂ ਫੇਲ੍ਹ ਕਰਨਾ ਅਤੇ ਗਰੇਡ ਦੇਣਾ ਆਦਿ ਪੜ੍ਹਾਉਣ ਵਾਲੇ ਪ੍ਰੋਫੈਸਰ ਦੇ ਹੱਥ ਵਿੱਚ ਹੀ ਹੁੰਦਾ ਹੈ। ਉਸਦੀ ਆਮ ਤੌਰ ਤੇ ਕੋਈ ਪੁੱਛ-ਗਿੱਛ ਨਹੀਂ ਹੁੰਦੀ ਜਦੋਂ ਤੱਕ ਕੋਈ ਵਿਦਿਆਰਥੀ ਸ਼ਿਕਾਇਤ ਨਾ ਕਰੇ। ਆਮ ਤੌਰ ਤੇ ਸ਼ਿਕਾਇਤ ਕਰਨ ਤੇ ਵੀ ਘੱਟ ਵੱਧ ਹੀ ਕੁਝ ਹੁੰਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਦੇ ਗਰੇਡ ਪ੍ਰੋਫੈਸਰ ਦੇ ਹੱਥ ਵਿੱਚ ਹੋਣ ਦੇ ਬਾਵਜੂਦ ਵੀ ਬੇਇਨਸਾਫ਼ੀ ਜਾਂ ਬੇਈਮਾਨੀ ਬਹੁਤ ਹੀ ਘੱਟ ਹੁੰਦੀ ਹੈ।

ਸੰਨ 1981 ਦੇ ਪਹਿਲੇ ਕੁਆਰਟਰ ਵਿੱਚ ਵੀ ਮੈਂ ਇਸ ਸਟੇਟ ਯੂਨੀਵਰਸਿਟੀ ਵਿੱਚ ਸਟੈਟਿਸਟਿਕਸ ਦੀਆਂ ਦੋ ਕਲਾਸਾਂ ਪੜ੍ਹਾ ਰਿਹਾ ਸਾਂ। ਇਹ ਮੇਰਾ ਅਮਰੀਕਾ ਵਿੱਚ ਦੂਸਰਾ ਸਾਲ ਸੀ। ਭਾਵੇਂ ਮੈਂ ਇੰਗਲੈਂਡ ਵਿੱਚ ਚਾਰ ਕੁ ਸਾਲ ਬਿਤਾਏ ਸਨ ਪਰ ਫਿਰ ਵੀ ਅਮਰੀਕਾ ਦੇ ਢੰਗ ਵਰਤਾਰੇ ਇੰਗਲੈਂਡ ਨਾਲੋਂ ਕਾਫੀ ਵੱਖਰੇ ਹਨ। ਮੈਂ ਹਾਲੇ ਅਮਰੀਕਾ ਦੇ ਸਭਿਆਚਾਰ ਅਤੇ ਤੌਰ-ਤਰੀਕਿਆਂ ਨੂੰ ਪੂਰੀ ਤਰ੍ਹਾਂ ਨਹੀਂ ਸੀ ਜਾਣਦਾ। ਮੇਰੀਆਂ ਇਨ੍ਹਾਂ ਦੋ ਕਲਾਸਾਂ ਵਿੱਚੋਂ ਇਕ ਕਲਾਸ ਵਿੱਚ ਇਕ ਕਾਲੀ ਕੁੜੀ ਪੜ੍ਹਦੀ ਸੀ ਜੋ ਸਭ ਤੋਂ ਪਿਛਲੇ ਡੈਸਕ ਤੇ ਇਕੱਲੀ ਹੀ ਬੈਠਦੀ ਸੀ। ਉਸਦੇ ਕੋਲ ਕਦੇ ਵੀ ਕੋਈ ਕਿਤਾਬ ਜਾਂ ਕਾਪੀ ਨਹੀਂ ਸੀ ਹੁੰਦੀ। ਇਥੋਂ ਤੱਕ ਕਿ ਉਸ ਕੋਲ ਕਦੇ ਕੋਈ ਪੇਪਰ ਅਤੇ ਪੈਨ ਵੀ ਨਹੀਂ ਸੀ ਹੁੰਦਾ। ਉਹ ਕਦੇ ਕੁਰਸੀ ਨਾਲ ਢਾਸਣਾ ਲਾ ਕੇ ਮੇਰੇ ਵੱਲ ਦੇਖਦੀ ਰਹਿੰਦੀ ਅਤੇ ਮੈਨੂੰ ਪੜ੍ਹਾਉਂਦੇ ਨੂੰ ਸੁਣਦੀ ਰਹਿੰਦੀ, ਅਤੇ ਕਦੇ ਡੈਸਕ ਤੇ ਹੱਥ ਰੱਖ ਕੇ

ਅੱਗੇ ਨੂੰ ਝੁਕ ਕੇ ਮੇਰੇ ਵੱਲ ਟਿਕਟਿਕੀ ਲਾ ਕੇ ਬੈਠੀ ਸੁਣਦੀ ਰਹਿੰਦੀ। ਜਦੋਂ ਵੀ ਮੈਂ ਉਸ ਵੱਲ ਤੱਕ ਕੇ ਉਸ ਦੀਆਂ ਅੱਖਾਂ ਨਾਲ ਅੱਖਾਂ ਮਿਲਾਉਂਦਾ ਤਾਂ ਉਹ ਆਪਣੇ ਬੁੱਲ੍ਹਾਂ ਤੇ ਬਹੁਤ ਹੀ ਪਿਆਰੀ ਜਿਹੀ ਮੁਸਕਰਾਹਟ ਲੈ ਆਉਂਦੀ। ਇਹ ਕੁੜੀ ਕੋਈ ਪੰਜ ਫੁੱਟ ਤਿੰਨ ਕੁ ਇੰਚ ਲੰਬੀ ਹੋਵੇਗੀ ਅਤੇ ਉਸਦਾ ਭਾਰ ਸ਼ਾਇਦ ਵੱਧ ਤੋਂ ਵੱਧ ਪੰਜਾਹ ਕੁ ਕਿੱਲੋ ਹੋਵੇਗਾ। ਚਿਹਰੇ ਉੱਤੇ ਕਿੱਲਾਂ ਦੀ ਭਰਮਾਰ ਸੀ। ਸਿਰ ਉੱਤੇ ਮਸਾਂ ਹੀ ਇਕ ਡੇਢ ਇੰਚ ਲੰਬੇ ਵਾਲ ਹੋਣਗੇ। ਅੱਖਾਂ ਤੇ ਮੋਟੀ ਸਾਰੀ ਐਨਕ ਲੱਗੀ ਹੋਈ ਸੀ। ਸੋ ਇਨ੍ਹਾਂ ਸਾਰੀਆਂ ਵਿਸ਼ੇਸ਼ਤਾਈਆਂ ਨਾਲ ਉਹ ਦੇਖਣ ਨੂੰ ਬਿਲਕੁਲ ਸੋਹਣੀ ਨਹੀਂ ਸੀ ਲਗਦੀ। ਪਰ ਉਸਦੀ ਮੁਸਕਰਾਹਟ ਬਹੁਤ ਖ਼ੂਬਸੂਰਤ ਸੀ।

ਹਰ ਵਾਰੀ ਉਹ ਕਲਾਸ ਵਿੱਚ ਚੁੱਪ ਚਾਪ ਆਉਂਦੀ ਅਤੇ ਕਲਾਸ ਖ਼ਤਮ ਹੋਣ ਤੇ ਚੁੱਪ ਚਾਪ ਚਲੇ ਜਾਂਦੀ। ਉਸਨੇ ਨਾ ਕਦੇ ਮੇਰੇ ਨਾਲ ਗੱਲ ਕੀਤੀ ਸੀ ਤੇ ਨਾ ਹੀ ਕਿਸੇ ਹੋਰ ਵਿਦਿਆਰਥੀ ਨਾਲ। ਜਿਸ ਦਿਨ ਵੀ ਮੈਂ ਕਲਾਸ ਨੂੰ ਇਮਤਿਹਾਨ ਦੇਣਾ ਹੁੰਦਾ, ਉਸ ਦਿਨ ਉਹ ਕਲਾਸ ਵਿੱਚ ਨਹੀਂ ਸੀ ਆਉਂਦੀ। ਇਸ ਤਰ੍ਹਾਂ ਉਹ ਕਲਾਸ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਰਹੀ ਸੀ। ਨਵਾਂ ਨਵਾਂ ਹੋਣ ਕਰਕੇ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਨਾ ਹੀ ਮੈਂ ਕਿਸੇ ਹੋਰ ਪ੍ਰੋਫੈਸਰ ਨੂੰ ਪੁੱਛਣਾ ਹੀ ਮੁਨਾਸਬ ਸਮਝਿਆ ਸੀ। ਹਾਲੇ ਵਾਕਫ਼ੀਅਤ ਵੀ ਘੱਟ ਹੀ ਸੀ। ਜਿਸ ਦਿਨ ਮੈਂ ਕਲਾਸ ਨੂੰ ਸਲਾਨਾ ਇਮਤਿਹਾਨ ਦੇਣਾ ਸੀ, ਉਹ ਉਸ ਦਿਨ ਵੀ ਨਾ ਆਈ। ਮੈਂ ਸਲਾਨਾ ਇਮਤਿਹਾਨ ਦੇ ਕੇ ਜਦੋਂ ਆਪਣੇ ਦਫਤਰ ਪਹੁੰਚਾ ਤਾਂ ਉਹ ਮੇਰੇ ਦਫਤਰ ਅੱਗੇ ਖੜੀ ਮੈਨੂੰ ਉਡੀਕ ਰਹੀ ਸੀ। ਉਸਨੇ ਆਪਣੇ ਚਿਹਰੇ ਤੇ ਉਹੀ ਪਿਆਰੀ ਜਿਹੀ ਮੁਸਕਰਾਹਟ ਲਿਆ ਕੇ ਮੈਨੂੰ ਹੈਲੋ ਆਖੀ ਅਤੇ ਪੁੱਛਿਆ ਕਿ ਉਹ ਮੇਰੇ ਨਾਲ ਗੱਲ ਕਰ ਸਕਦੀ ਹੈ। ਮੈਂ ਉਸਨੂੰ ਅੰਦਰ ਆਉਣ ਲਈ ਆਖਿਆ ਅਤੇ ਆਪਣੇ ਤੋਂ ਸਾਹਮਣੇ ਵਾਲੀ ਕੁਰਸੀ ਤੇ ਬੈਠਣ ਲਈ ਕਿਹਾ। ਮੈਂ ਉਸਨੂੰ ਪੁੱਛਿਆ ਕਿ ਉਹ ਕੀ ਗੱਲ ਕਰਨਾ ਚਾਹੁੰਦੀ ਹੈ।

"ਕੀ ਮੇਰੇ ਲਈ ਇਹ ਕਲਾਸ ਪਾਸ ਕਰਨ ਦਾ ਕੋਈ ਰਾਹ ਹੈ। (Is there any way I can pass this class)?" ਉਸਨੇ ਪੁੱਛਿਆ।

ਮੈਂ ਉਸਨੂੰ ਆਖਿਆ ਕਿ ਉਸਨੇ ਕਦੇ ਵੀ ਕੋਈ ਇਮਤਿਹਾਨ ਨਹੀਂ ਲਿਆ ਅਤੇ ਕਦੇ ਵੀ ਕਲਾਸ ਵਿੱਚ ਕੋਈ ਨੋਟਸ ਨਹੀਂ ਲਏ, ਕਦੇ ਮੇਰੇ ਨਾਲ ਆ ਕੇ ਆਪਣੀਆਂ ਸਮੱਸਿਆਵਾਂ ਬਾਰੇ ਗੱਲ ਨਹੀਂ ਕੀਤੀ, ਫਿਰ ਉਹ ਕਿਸ ਤਰ੍ਹਾਂ ਕਲਾਸ ਵਿਚੋਂ ਪਾਸ ਹੋ ਸਕਦੀ ਸੀ।

ਉਸਦਾ ਜਵਾਬ ਸੀ, "ਮੈਂ ਇਹ ਕਲਾਸ ਪਾਸ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਹਾਂ। (I will do anything to pass this class.)" ਇਹ ਕਹਿ ਕੇ ਉਸਨੇ ਬਹੁਤ ਹੀ ਸ਼ਰਾਰਤੀ ਢੰਗ ਨਾਲ ਮੇਰੇ ਵੱਲ ਦੇਖਿਆ। ਫਿਰ ਉਸਨੇ ਆਪਣੇ ਬੁੱਲਾਂ ਤੇ ਅਜੀਬ ਤਰੀਕੇ ਨਾਲ ਜੀਭ ਫੇਰੀ ਅਤੇ ਫਿਰ ਉਹ ਮੁਸਕਰਾਈ। ਮੈਂ ਉਸਦਾ ਇਰਾਦਾ ਅਤੇ ਇਸ਼ਾਰਾ ਸਮਝ ਗਿਆ ਸੀ।

"ਤੇਰੇ ਕੁਝ ਵੀ ਕਰਨ ਨੂੰ ਤਿਆਰ ਦਾ ਕੀ ਅਰਥ ਹੈ?" ਮੈਂ ਉਸਨੂੰ ਪੁੱਛਿਆ।



"ਕੁਝ ਵੀ," ਉਸਨੇ ਆਖਿਆ।

"ਪਰ ਕੁਝ ਵੀ ਵਿੱਚ ਤਾਂ ਬਹੁਤ ਕੁਝ ਆ ਜਾਂਦਾ ਹੈ.... ਜਾਇਜ਼ ਵੀ ਅਤੇ ਨਜਾਇਜ਼ ਵੀ?" ਮੈਂ ਫਿਰ ਪੁੱਛਿਆ।

"ਹਾਂ, ਕੁਝ ਵੀ," ਉਸਨੇ ਮੁਸਕਰਾਉਂਦਿਆਂ ਜਵਾਬ ਦਿੱਤਾ।

"ਤੇਰਾ ਮਤਲਬ ਮੇਰੇ ਨਾਲ...?" ਮੈਂ ਫਿਰ ਪੁੱਛਿਆ।

"ਮੈਨੂੰ ਕੋਈ ਇਤਰਾਜ਼ ਨਹੀਂ ਜੇ ਮੈਂ ਕਲਾਸ ਵਿੱਚੋਂ ਪਾਸ ਹੋ ਜਾਵਾਂ," ਉਸਦਾ ਜਵਾਬ ਬਿਲਕੁਲ ਸਪੱਸ਼ਟ ਸੀ।

"ਧੰਨਵਾਦ। ਪਰ ਮੁਆਫ਼ ਕਰਨਾ ਇਹ ਨਹੀਂ ਹੋ ਸਕਦਾ," ਮੈਂ ਕਿਹਾ।

ਉਸਨੇ ਥੋੜ੍ਹਾ ਉਦਾਸ ਹੋ ਕੇ ਪੁੱਛਿਆ, "ਬਿਲਕੁਲ ਨਹੀਂ?"

"ਬਿਲਕੁਲ ਨਹੀਂ?" ਮੈਂ ਠੋਸ ਸ਼ਬਦਾਂ ਵਿੱਚ ਪਰ ਬੁੱਲਾਂ ਤੇ ਥੋੜ੍ਹੀ ਜਿਹੀ ਮੁਸਕਰਾਹਟ ਲਿਆ ਕੇ ਆਖਿਆ।

ਉਹ ਜਾਣ ਲਈ ਕੁਰਸੀ ਤੋਂ ਉੱਠ ਖੜ੍ਹੀ ਅਤੇ ਬਾਹਰ ਵੱਲ ਤੁਰ ਪਈ। ਪ੍ਰੋਫੈਸਰਾਂ ਕੋਲ ਸਾਰੇ ਵਿਦਿਆਰਥੀਆਂ ਦੇ ਫੋਨ ਨੰਬਰ ਹੁੰਦੇ ਹਨ। ਦਰਵਾਜ਼ੇ ਵਿੱਚ ਖੜ੍ਹ ਕੇ ਉਸਨੇ ਮੇਰੇ ਵੱਲ ਮੂੰਹ ਕਰਕੇ ਆਖਿਆ, "ਕਿਰਪਾ ਕਰਕੇ ਜੇ ਤੁਸੀਂ ਆਪਣਾ ਮਨ ਬਦਲ ਲਿਆ ਤਾਂ ਮੈਨੂੰ ਜਦੋਂ ਮਰਜ਼ੀ ਫੋਨ ਕਰ ਦੇਣਾ। (If you change your mind, please call me any time.) ਅਤੇ ਉਹ ਮੇਰਾ ਉੱਤਰ ਉਡੀਕਿਆਂ ਬਗੈਰ ਹੀ ਚਲੇ ਗਈ।



ਆਪਣੇ ਵਿਦਿਆਰਥੀਆਂ ਨਾਲ ਆਪਣੇ ਵਿਭਾਗ ਦੇ ਇਕ ਇਕੱਠ ਵਿੱਚ

## ਮੈਂ ਗਲਤ ਨੂੰ ਗਲਤ ਅਤੇ ਸਹੀ ਨੂੰ ਸਹੀ ਕਹਿੰਦਾ ਹਾਂ : ਪ੍ਰੇਮ ਮਾਨ

**? ਪ੍ਰੋਫੈਸਰ ਸਾਹਿਬ, ਗੱਲ ਆਪਾਂ ਤੁਹਾਡੇ ਬਚਪਨ ਤੋਂ ਹੀ ਸ਼ੁਰੂ ਕਰਦੇ ਹਾਂ। ਤੁਹਾਡਾ ਬਚਪਨ ਕਿਹੋ ਜਿਹਾ ਸੀ।**

– ਜਿੰਦਰ, ਮੇਰਾ ਬਚਪਨ ਸਧਾਰਨ ਪੇਂਡੂ ਵਾਤਾਵਰਨ ਵਾਲਾ ਹੀ ਸੀ। ਪਿਤਾ ਜੀ ਖੇਤੀ ਕਰਦੇ ਸਨ। ਮਾਤਾ ਜੀ ਘਰ ਹੀ ਰਹਿੰਦੇ ਸਨ। ਸਾਰੇ ਬੱਚਿਆਂ ਦੀ ਦੇਖ ਭਾਲ ਕਰਦੇ ਸਨ। ਅਸੀਂ ਛੇ ਭੈਣ ਭਰਾ ਸੀ। ਇਕ ਭਰਾ ਸੀ ਜੋ ਕੁਝ ਸਾਲ ਹੋਏ ਗੁਜ਼ਰ ਗਿਆ। ਮੈਥੋਂ ਦੋ ਕੁ ਸਾਲ ਛੋਟਾ ਸੀ। ਮੇਰੀਆਂ ਚਾਰ ਭੈਣਾਂ ਹਨ। ਇੱਕ ਵੱਡੀ ਤੇ ਤਿੰਨ ਛੋਟੀਆਂ। ਛੋਟੇ ਹੁੰਦਿਆਂ ਸਾਡਾ ਦੋਹਾਂ ਭਰਾਵਾਂ ਦਾ ਬਹੁਤ ਪਿਆਰ ਸੀ। ਪਰ ਮੈਂ ਉਸਨੂੰ ਸ਼ੁਗਲ-ਸ਼ੁਗਲ ਵਿੱਚ ਬਹੁਤ ਖਿਝਾਉਂਦਾ ਹੁੰਦਾ ਸੀ। ਕਦੇ ਕਦੇ ਉਹ ਮੇਰੀਆਂ ਸ਼ਰਾਰਤਾਂ ਤੋਂ ਤੰਗ ਵੀ ਆ ਜਾਂਦਾ ਸੀ। ਕਈ ਵਾਰੀ ਅਸੀਂ ਲੜਦੇ ਵੀ ਪਰ ਆਮ ਤੌਰ ਤੇ ਸਾਡੀ ਕਾਫੀ ਬਣਦੀ ਸੀ। ਕਈ ਵਾਰੀ ਤਾਂ ਭੈਣਾਂ ਨੂੰ ਵੀ ਖਿਝਾਉਂਦਾ ਹੁੰਦਾ ਸੀ। ਛੋਟੇ ਹੁੰਦਿਆਂ ਬਹੁਤ ਹੀ ਪਿਆਰ ਮਿਲਿਆ-ਖਾਸ ਕਰਕੇ ਆਪਣੀ ਮਾਂ ਅਤੇ ਬੇਬੇ ਤੋਂ। ਬੇਬੇ ਮੈਨੂੰ ਹਰ ਰੋਜ਼ ਸਕੂਲ ਛੱਡ ਕੇ ਆਉਂਦੀ ਸੀ ਅਤੇ ਨਾਲ ਇਕ ਖੋਏ ਦਾ ਪੇੜਾ ਜ਼ਰੂਰ ਲੈ ਕੇ ਦਿੰਦੀ ਸੀ। ਬੇਬੇ ਮੈਨੂੰ ਸਕੂਲ ਛੱਡ ਕੇ ਘਰ ਮਗਰੋਂ ਪਹੁੰਚਦੀ ਪਰ ਮੈਂ ਮਾਸਟਰ ਜੀ ਤੋਂ ਅੱਖ ਚੁਰਾ ਕੇ ਉਸ ਤੋਂ ਪਹਿਲਾਂ ਹੀ ਘਰ ਪਹੁੰਚਿਆ ਹੁੰਦਾ। ਮਾਸਟਰ ਸਾਡਾ ਵਾਕਿਫ਼ ਸੀ ਜਿਸ ਕਰਕੇ ਉਹ ਕੁਝ ਕਹਿੰਦਾ ਨਹੀਂ ਸੀ। ਬੱਸ ਥੋੜ੍ਹਾ ਜਿਹਾ ਝਿੜਕਦਾ ਹੀ ਸੀ। ਕਈ ਮਹੀਨੇ ਭਾਈਆ (ਪਿਤਾ ਜੀ ਨੂੰ ਅਸੀਂ ਭਾਈਆ ਹੀ ਕਿਹਾ ਕਰਦੇ ਸੀ) ਚੁੱਪ ਚਾਪ ਰਿਹਾ ਅਤੇ ਉਸਨੇ ਮੈਨੂੰ ਕੁਝ ਨਾ ਕਿਹਾ। ਫਿਰ ਇਕ ਦਿਨ ਉਸਨੇ ਮੈਨੂੰ ਬਹੁਤ ਕੁੱਟਿਆ। ਉਸ ਤੋਂ ਬਾਅਦ ਮੈਂ ਕਦੇ ਵੀ ਸਕੂਲ ਤੋਂ ਨਾ ਨੱਠਿਆ। ਮੈਂ 7-8 ਸਾਲ ਦਾ ਸੀ ਜਦੋਂ ਚਾਚੇ ਦਾ ਵਿਆਹ ਹੋਇਆ। ਹਾਲੇ ਵੀ ਯਾਦ ਹੈ ਕਿਵੇਂ ਅਸੀਂ ਬਲਦਾਂ ਦੀਆਂ ਗੱਡੀਆਂ ਤੇ ਉਸਨੂੰ ਵਿਆਹੁਣ ਗਏ ਸੀ। ਜਨੇਤ ਤੀਜੇ ਦਿਨ ਵਾਪਿਸ ਆਈ ਸੀ। ਫਿਰ ਚਾਚੀ ਨੇ ਆਉਂਦੀ ਨੇ ਹੀ ਬਾਬੇ ਨੂੰ ਹੱਥਾਂ ਵਿੱਚ ਲੈ ਲਿਆ ਅਤੇ ਜੁਦੇ ਹੋਣ ਦਾ ਬਿਗਲ ਵਜਾ ਦਿੱਤਾ। ਹਰ ਘਰ ਦੀ ਕਹਾਣੀ ਵਾਂਗ ਹੀ ਬਾਬੇ ਨੇ ਸਾਨੂੰ ਥੋੜ੍ਹੀ ਜਿਹੀ ਜ਼ਮੀਨ ਅਤੇ ਉਹ ਵੀ ਸਭ ਤੋਂ ਮਾੜੀ ਦੇ ਕੇ ਜੁਦਾ ਕਰ ਦਿੱਤਾ। ਭਾਈਆ ਬਹੁਤ ਮਿਹਨਤੀ ਸੀ। ਉਸਦੀ ਮਿਹਨਤ ਕਾਰਨ ਗੁਜ਼ਾਰਾ ਠੀਕ ਠਾਕ ਚਲੀ ਜਾਂਦਾ ਸੀ। ਸਕੂਲ ਕਾਲਜਾਂ ਦੇ ਦਿਨਾਂ ਵਿੱਚ ਘਰ ਵਿੱਚ ਕਾਫੀ ਕੰਮ ਕਰਨਾ ਪੈਂਦਾ ਸੀ। ਭਾਈਏ ਨਾਲ ਖੇਤਾਂ ਵਿੱਚ ਕਾਫੀ ਮੱਦਦ ਕਰਾਉਣੀ ਪੈਂਦੀ ਸੀ। ਹੱਲ ਵਾਹੁਣੇ, ਪੱਠੇ ਵੱਢਣੇ, ਖੂਹ ਹੱਕਣੇ, ਫਲ੍ਹੇ ਵਾਹੁਣੇ ਸਭ ਕੰਮ ਕੀਤੇ ਸਨ। ਦੋਸਤਾਂ ਨਾਲ ਖੇਡਣ ਦਾ ਸਮਾਂ ਵੀ ਮਿਲ ਜਾਂਦਾ ਸੀ। ਮੈਂ 11-12 ਸਾਲਾਂ ਦਾ ਸੀ ਜਦੋਂ ਬੇਬੇ ਤੁਰ ਗਈ। ਉਸ ਨੂੰ ਦਮੇਂ ਦੀ ਬਿਮਾਰੀ ਸੀ। ਉਸਦੀ ਯਾਦ ਹਾਲੇ ਵੀ ਨਹੀਂ ਭੁੱਲਦੀ। ਉਸਦਾ ਸੁਭਾਅ ਬਹੁਤ ਹੀ ਚੰਗਾ ਸੀ ਅਤੇ ਸਾਰੇ ਹੀ ਉਸਨੂੰ ਪਸੰਦ ਕਰਦੇ ਸਨ ਅਤੇ ਉਸਦੀਆਂ ਤਾਰੀਫਾਂ ਕਰਦੇ ਸਨ। ਜਿੰਨਾ ਜ਼ਿਆਦਾ ਬਾਬਾ ਅੜਬ ਸੀ ਉਨੀ ਜ਼ਿਆਦਾ ਬੇਬੇ ਨਰਮ ਸੁਭਾਅ ਦੀ ਸੀ। ਜੇ ਬੇਬੇ ਨਾ ਹੁੰਦੀ ਤਾਂ ਸ਼ਾਇਦ ਬਾਬਾ ਸਾਨੂੰ ਜੁਦੇ ਕਰਨ ਵੇਲੇ ਕੋਈ ਵੀ ਜ਼ਮੀਨ



ਨਾ ਦਿੰਦਾ। ਚਾਚੀ ਨੇ ਆ ਕੇ ਵਸਦੇ ਘਰ ਵਿੱਚ ਜ਼ਹਿਰ ਫੈਲਾ ਦਿੱਤੀ ਸੀ। ਜੁਦੇ ਹੋਣ ਤੋਂ ਬਾਅਦ ਦੋਹਾਂ ਪਰਿਵਾਰਾਂ ਵਿੱਚ ਬਹੁਤ ਘੱਟ ਬੋਲਚਾਲ ਸੀ ਸਿਰਫ਼ ਬੇਬੇ ਤੋਂ ਬਿਨ੍ਹਾਂ।

**? ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ 14-15 ਸਾਲਾਂ ਦੀ ਉਮਰ ਕਿਸੇ ਵੀ ਵਿਅਕਤੀ ਦੀ ਖਾਸੋ-ਖਾਸ ਉਮਰ ਹੁੰਦੀ ਹੈ। ਇਥੇ ਹੀ, ਜੋ ਉਸ ਆਉਣ ਵਾਲੇ ਸਮੇਂ 'ਚ ਬਣਨਾ ਹੁੰਦਾ ਹੈ, ਦਾ ਨੀਂਹ ਪੱਥਰ ਰੱਖਿਆ ਜਾਂਦਾ ਹੈ। ਜਦੋਂ ਤੁਸੀਂ ਇਸ ਉਮਰ 'ਚ ਪ੍ਰਵੇਸ਼ ਕੀਤਾ ਸੀ, ਉਸ ਸਮੇਂ ਦੀ ਕੋਈ ਖਾਸ ਗੱਲ/ਘਟਨਾ/ਆਪਬੀਤੀ ਬਾਰੇ ਕੁਝ ਯਾਦ ਹੈ।**

– ਜਿੰਦਰ, ਮੈਂ ਸਮਝਦਾਂ ਕਿ 14-15 ਸਾਲ ਦੀ ਉਮਰ ਬਹੁਤ ਨਿਆਣੀ ਹੈ, ਅਤੇ ਖਾਸ ਕਰ ਕੇ ਉਨ੍ਹਾਂ ਵੇਲਿਆਂ ਵਿੱਚ। ਉਦੋਂ ਕੋਈ ਟੀ. ਵੀ. ਨਹੀਂ ਸੀ ਹੁੰਦੇ। ਰੇਡੀਓ ਵੀ ਕਿਸੇ ਕਿਸੇ ਦੇ ਘਰ ਹੀ ਸੀ। ਮੈਂ 1961 ਦੇ ਦੁਆਲੇ ਦੀ ਗੱਲ ਕਰਦਾ ਹਾਂ। ਬਿਜਲੀ ਆਈ ਨੂੰ ਵੀ ਥੋੜ੍ਹੇ ਸਾਲ ਹੀ ਹੋਏ ਸਨ। ਭਾਵੇਂ ਮੇਰਾ ਪਿੰਡ ਬੰਗਾ ਹੈ ਜੋ ਛੋਟਾ ਜਿਹਾ ਸ਼ਹਿਰ ਸੀ, ਫਿਰ ਵੀ ਵਾਤਾਵਰਨ ਪਿੰਡਾਂ 'ਚੋਂ ਥੋੜ੍ਹਾ ਹੀ ਜ਼ਿਆਦਾ ਸ਼ਹਿਰੀ ਸੀ। ਘਰ ਵਿੱਚ ਕੋਈ ਪੜ੍ਹਿਆ ਹੋਇਆ ਵੀ ਨਹੀਂ ਸੀ। ਇਹੋ ਜਿਹੇ ਵਾਤਾਵਰਨ ਵਿੱਚ 14-15 ਸਾਲ ਦੀ ਉਮਰ ਵਿੱਚ ਕੋਈ ਆਪਣੇ ਭਵਿੱਖ ਵਿੱਚ ਕੁਝ ਬਣਨ ਬਾਰੇ ਕੀ ਸੋਚ ਸਕਦਾ ਹੈ? ਮੈਨੂੰ ਯਾਦ ਹੈ ਕਿ ਜਦੋਂ ਮੈਂ ਸਰਕਾਰੀ ਹਾਈ ਸਕੂਲ ਬੰਗਾ ਵਿੱਚ ਪੜ੍ਹਦਾ ਸੀ ਤਾਂ ਕਈ ਮਾਸਟਰ ਸਾਡੀਆਂ ਕਲਾਸਾਂ ਬਾਹਰ ਗਰਾਊਂਡ ਵਿੱਚ ਲਾਉਂਦੇ ਸਨ ਜੋ ਸੜਕ ਦੇ ਨਾਲ ਲੱਗਦੀ ਸੀ। ਮੈਂ ਉਦੋਂ 14-15 ਸਾਲਾਂ ਦਾ ਹੀ ਸੀ। ਸਿੱਖ ਨੈਸ਼ਨਲ ਕਾਲਜ ਬੰਗਾ ਇਸ ਸਕੂਲ ਤੋਂ ਨੇੜੇ ਹੀ ਸੀ। ਅਸੀਂ ਗਰਾਊਂਡ ਵਿੱਚ ਕਲਾਸ ਵਿੱਚ ਬੈਠਿਆਂ ਕੁਝ ਆਦਮੀ ਸੂਟ ਪਾਈ, ਟਾਈ ਲਾਈ, ਖੂਬਸੂਰਤੀ ਨਾਲ ਸੜਕ ਤੋਂ ਹਰ ਰੋਜ਼ ਲੰਘਦੇ ਦੇਖਦੇ, ਬਹੁਤੇ ਤੁਰ ਕੇ ਜਾਂਦੇ ਸਨ ਅਤੇ ਕੁਝ ਸਾਈਕਲਾਂ ਤੇ। ਇਕ ਦਿਨ ਸਾਡੇ ਅਧਿਆਪਕ ਨੇ ਦੱਸਿਆ ਕਿ ਇਹ ਆਦਮੀ ਕਾਲਜ ਦੇ ਵਿੱਚ ਪ੍ਰੋਫੈਸਰ ਸਨ। ਉਸ ਵੇਲੇ ਕਾਲਜ ਵਿੱਚ ਔਰਤਾਂ ਪ੍ਰੋਫੈਸਰ ਤਾਂ ਸਿਰਫ਼ ਦੋ ਤਿੰਨ ਹੀ ਹੋਣਗੀਆਂ। ਇਨ੍ਹਾਂ ਸਜੇ-ਧਜੇ ਪ੍ਰੋਫੈਸਰਾਂ ਨੂੰ ਹਰ ਰੋਜ਼ ਲੰਘਦਿਆਂ ਦੇਖ ਕੇ ਮੇਰੇ ਮਨ ਵਿੱਚ ਹਮੇਸ਼ਾ ਖਿਆਲ ਆਉਂਦਾ ਸੀ ਕਿ ਜੇ ਮੈਂ ਵੀ ਇਨ੍ਹਾਂ ਵਾਂਗ ਪ੍ਰੋਫੈਸਰ ਬਣ ਸਕਾਂ। ਪਰ ਉਸ ਵੇਲੇ ਇਹ ਨਹੀਂ ਸੀ ਪਤਾ ਕਿ ਇਹ ਖਾਹਿਸ਼ ਪੂਰੀ ਹੋ ਜਾਵੇਗੀ।

ਇਸੇ ਸਕੂਲ ਵਿੱਚ ਨੌਂਵੀਂ ਅਤੇ ਦਸਵੀਂ ਵਿੱਚ ਪੰਜਾਬੀ ਪਿਆਰਾ ਸਿੰਘ ਅਟਵਾਲ ਨੇ ਪੜ੍ਹਾਈ। ਉਹ ਪੰਜਾਬੀ ਦੀ ਐਮ. ਏ. ਸੀ। ਉਹ ਪੰਜਾਬੀ ਦੀਆਂ ਕਿਤਾਬਾਂ ਘੱਟ ਪੜ੍ਹਾਉਂਦਾ ਸੀ ਅਤੇ ਪੰਜਾਬੀ ਸਾਹਿਤ ਬਾਰੇ ਗੱਲਾਂ ਜ਼ਿਆਦਾ ਕਰਦਾ ਸੀ। ਗਾਂਧੀ ਨੂੰ ਹਰ ਰੋਜ਼ ਕਲਾਸ ਵਿੱਚ ਗਾਲ੍ਹਾਂ ਕੱਢਦਾ ਹੁੰਦਾ ਸੀ। ਉਸ ਵੇਲੇ ਬਹੁਤ ਸਾਰੇ ਲੋਕ ਪਰਮਿਟ ਮੰਗਵਾ ਕੇ ਇੰਗਲੈਂਡ ਨੂੰ ਜਾ ਰਹੇ ਸਨ। ਪਿਆਰਾ ਸਿੰਘ ਅਟਵਾਲ ਇੰਗਲੈਂਡ ਜਾਣ ਵਾਲਿਆਂ ਨੂੰ ਆਮ ਹੀ ਕਲਾਸ ਵਿੱਚ ਮੰਦਾ ਬੋਲਦਾ ਹੁੰਦਾ ਸੀ। ਪਰ ਮੇਰੇ ਦਸਵੀਂ ਕਰਨ ਤੋਂ ਸਾਲ ਕੁ ਦੇ ਵਿੱਚ ਵਿੱਚ ਵੀ ਉਹ ਆਪ ਵੀ ਇੰਗਲੈਂਡ ਨੂੰ ਜਾਣ ਵਾਲੇ ਜਹਾਜ਼ ਵਿੱਚ ਚੜ੍ਹ ਗਿਆ। ਪਤਾ ਲੱਗਣ ਤੇ ਅਜੀਬ ਜਿਹਾ ਮਹਿਸੂਸ ਹੋਇਆ ਕਿ ਲੋਕ ਕਿਵੇਂ ਝੱਟ ਹੀ ਬਦਲ ਜਾਂਦੇ ਹਨ।

**? ਤੁਸੀਂ ਕੁਝ ਸਮਾਂ ਚੰਡੀਗੜ੍ਹ ਵੀ ਰਹੇ। ਤੁਹਾਡੇ ਉਸ ਸਮੇਂ ਦੇ ਕਈ ਦੋਸਤ ਹੋਣਗੇ। ਯਾਦਾਂ ਹੋਣਗੀਆਂ। ਕੁਝ ਉਨ੍ਹਾਂ ਦਿਨਾਂ ਬਾਰੇ ਦੱਸੋਗੇ।**

– ਚੰਡੀਗੜ੍ਹ ਵਿੱਚ ਮੈਂ ਚਾਰ ਸਾਲ ਬਿਤਾਏ ਸਨ। 1970 ਵਿੱਚ ਅਰਥ-ਸ਼ਾਸਤਰ ਦੀ ਐਮ. ਏ. ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਕੀਤੀ। ਮੇਰਾ ਨਤੀਜਾ ਲੇਟ ਆਇਆ। ਕਾਲਜਾਂ ਵਿੱਚ ਸਭ ਥਾਵਾਂ ਪੂਰੀਆਂ ਗਈਆਂ ਸਨ। ਇਸ ਕਾਰਨ ਮੈਂ ਇਕ ਸਾਲ ਦੋਆਬਾ ਹਾਈ ਸਕੂਲ ਨਵਾਂਸ਼ਹਿਰ ਪੜ੍ਹਾਇਆ। ਫਿਰ 1971 ਵਿੱਚ ਮੈਨੂੰ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਪੜ੍ਹਾਉਣ ਦੀ ਨੌਕਰੀ ਮਿਲੀ ਗਈ। ਮੈਂ ਜੁਲਾਈ 1971 ਤੋਂ ਅਗਸਤ 1975 ਤੱਕ ਇਸ ਕਾਲਜ ਵਿੱਚ ਪੜ੍ਹਾਇਆ। ਇਹ ਚਾਰ ਸਾਲ ਮੇਰੀ ਜ਼ਿੰਦਗੀ ਦੇ ਬੇਹਤਰੀਨ ਸਾਲਾਂ ਵਿੱਚੋਂ ਹਨ। ਉਦੋਂ ਕਾਲਜ ਦੇ ਪ੍ਰਿੰਸੀਪਲ ਸ. ਗੁਰਬਖ਼ਸ਼ ਸਿੰਘ ਸ਼ੇਰਗਿੱਲ ਸਨ ਜਿਨ੍ਹਾਂ ਤੋਂ ਮੈਂ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪੜ੍ਹਿਆ ਸਾਂ। ਪੜ੍ਹਾਈ ਵਿੱਚ ਮੈਂ ਹਮੇਸ਼ਾ ਹੀ ਚੰਗਾ ਸੀ ਖਾਸ ਕਰਕੇ ਹਿਸਾਬ ਵਿੱਚ। ਪਰ ਇਤਿਹਾਸ ਦਾ ਵਿਸ਼ਾ ਮੈਨੂੰ ਬਿਲਕੁੱਲ ਪਸੰਦ ਨਹੀਂ ਸੀ। ਚੰਡੀਗੜ੍ਹ ਕਾਲਜ ਵਿੱਚ ਕੁਝ ਪ੍ਰੋਫੈਸਰ ਪ੍ਰਿੰਸੀਪਲ ਦੇ ਨਾਲ ਸਨ ਅਤੇ ਹਰ ਵਾਪਰਦੀ ਗੱਲ ਪ੍ਰਿੰਸੀਪਲ ਨੂੰ ਦੱਸਦੇ ਸਨ। ਇਕ ਧੜ੍ਹਾ ਪ੍ਰਿੰਸੀਪਲ ਦਾ ਵਿਰੋਧੀ ਧੜਾ ਸੀ ਜੋ ਹਰ ਗੱਲ ਤੇ ਪ੍ਰਿੰਸੀਪਲ ਦੀ ਵਿਰੋਧਤਾ ਹੀ ਕਰਦਾ ਸੀ ਭਾਵੇਂ ਉਹ ਠੀਕ ਵੀ ਹੋਵੇ। ਤੀਜਾ ਧੜਾ ਨਿਰਪੱਖ ਧੜਾ ਸੀ। ਮੈਂ ਵੀ ਚਾਰ ਸਾਲ ਇਸ ਧੜੇ ਵਿੱਚ ਰਿਹਾ। ਚਾਪਲੂਸੀ ਕਰਨੀ ਮੈਂ ਨਾ ਹੀ ਕਦੇ ਸਿੱਖਣ ਦੀ ਕੋਸ਼ਿਸ਼ ਕੀਤੀ ਹੈ, ਨਾ ਹੀ ਇਹ ਕਦੇ ਮੈਨੂੰ ਆਈ ਹੈ, ਅਤੇ ਨਾ ਹੀ ਵਿਰਸੇ ਵਿੱਚ ਮਿਲੀ ਹੈ। ਦੂਜੇ ਪਾਸੇ ਹਰ ਗੱਲ ਤੇ ਕਿਸੇ ਦਾ ਵਿਰੋਧ ਕਰਨਾ ਵੀ ਠੀਕ ਨਹੀਂ ਲੱਗਿਆ। ਮੈਂ ਚਾਰੇ ਸਾਲ ਸ਼ਾਮ ਨੂੰ ਪੜ੍ਹਾਇਆ। ਕਈ ਪ੍ਰੋਫੈਸਰਾਂ ਨਾਲ ਬਹੁਤ ਗੂੜ੍ਹੀ ਦੋਸਤੀ ਪੈ ਗਈ ਸੀ। ਪ੍ਰੋ. ਲਛਮਣ ਸਿੰਘ ਅਤੇ ਪ੍ਰੋ. ਸੁਖਚੈਨ ਸਿੰਘ ਨਾਲ ਸਭ ਤੋਂ ਵੱਧ ਦੋਸਤੀ ਸੀ। ਇਹ ਦੋਵੇਂ ਮੇਰੀ ਹੀ ਉਮਰ ਦੇ ਸਨ ਅਤੇ ਮੇਰੇ ਨਾਲ ਹੀ ਸ਼ਾਮ ਨੂੰ ਪੜ੍ਹਾਉਂਦੇ ਸਨ। ਲਛਮਣ ਸਿੰਘ ਅਜਾਸ਼ੀ ਸੁਭਾਅ ਦਾ ਖਾਣ-ਪੀਣ ਦਾ ਸ਼ੌਕੀਨ ਸੀ ਅਤੇ ਸੁਖਚੈਨ ਸਿੰਘ ਧਾਰਮਿਕ ਖਿਆਲਾਂ ਦਾ ਸੀ। ਲਛਮਣ ਸਿੰਘ ਨਾਲ ਰਹਿ ਕੇ ਥੋੜ੍ਹੀ ਜਿਹੀ ਪੀਣ ਦੀ ਆਦਤ ਵੀ ਪੈ ਗਈ ਸੀ।

ਚੰਡੀਗੜ੍ਹ ਹੀ ਸਭ ਤੋਂ ਪਹਿਲਾਂ ਬਲਬੀਰ ਮੋਮੀ ਨਾਲ ਮੁਲਾਕਾਤ ਹੋਈ ਜਦੋਂ ਉਹ ਇਕ ਵਾਰੀ ਸਾਡੇ ਕਾਲਜ ਆਇਆ ਸੀ। ਉਸ ਵੇਲੇ ਬਲਬੀਰ ਮੋਮੀ ਦਾ ਪੰਜਾਬੀ ਸਾਹਿਤ ਵਿੱਚ ਕਾਫੀ ਨਾਮ ਸੀ। ਬਹੁਤ ਛੇਤੀਂ ਹੀ ਉਸ ਨਾਲ ਨੇੜਤਾ ਬਹੁਤ ਵੱਧ ਗਈ। ਮੈਂ ਤਾਂ ਇਕੱਲਾ ਹੀ ਸਾਂ। ਬਲਬੀਰ ਮੋਮੀ ਆਪਣੇ ਪਰਿਵਾਰ ਸਮੇਤ ਮੈਥੋਂ ਨੇੜੇ ਹੀ ਰਹਿੰਦਾ ਸੀ। ਇਕ ਦੂਜੇ ਦੇ ਘਰ ਆਉਣਾ ਜਾਣਾ ਬਹੁਤ ਵੱਧ ਗਿਆ। ਭਾਵੇਂ ਮੈਂ ਸ਼ਿਵ ਕੁਮਾਰ ਨੂੰ ਪਹਿਲਾਂ ਮਿਲਿਆ ਹੋਇਆ ਸੀ ਪਰ ਮੋਮੀ ਨਾਲ ਮਿਲ ਕੇ ਸ਼ਿਵ ਕੁਮਾਰ ਨੂੰ ਨੇੜਿਉਂ ਦੇਖਣ ਦਾ ਅਤੇ ਉਸ ਨਾਲ ਬੈਠਣ ਦਾ ਮੌਕਾ ਮਿਲਿਆ। ਸ਼ਿਵ ਕੁਮਾਰ ਦੋ-ਤਿੰਨ ਵਾਰੀ ਮੇਰੇ ਚੁਬਾਰੇ ਵਿੱਚ ਆਇਆ ਜਿੱਥੇ ਬੈਠ ਕੇ ਅਸੀਂ ਸ਼ਰਾਬ ਪੀਤੀ, ਖਾਣਾ ਖਾਧਾ, ਗੱਲਾਂ ਕੀਤੀਆਂ, ਅਤੇ ਉਸ ਤੋਂ ਕਵਿਤਾਵਾਂ ਸੁਣੀਆਂ। ਚੰਡੀਗੜ੍ਹ ਰਹਿੰਦਿਆਂ ਹੀ ਭੂਸ਼ਨ, ਅਮਿਤੋਜ ਅਤੇ ਅਮਰੀਕ ਗਿੱਲ (ਫਿਲਮਾਂ ਵਾਲੇ) ਨਾਲ ਬਹੁਤ ਦੋਸਤੀ ਪੈ



ਗਈ। ਆਮ ਤੌਰ ਤੇ ਅਸੀਂ ਹਰ ਹਫ਼ਤੇ ਇੱਕ ਵਾਰੀ 22 ਸੈਕਟਰ ਦੇ ਕਾਫੀ ਹਾਊਸ ਵਿੱਚ ਮਿਲਦੇ, ਕਾਫੀ ਪੀਂਦੇ, ਅਤੇ ਘੰਟਿਆਂ ਬੱਧੀ ਗੱਲਾਂ ਕਰਦੇ। ਭੂਸ਼ਨ ਦੇ ਚੁਟਕਲੇ ਕਦੇ ਨਾ ਮੁੱਕਦੇ। ਉਹ ਚੁਟਕਲਾ ਸੁਣਾ ਕੇ ਆਪ ਹੀ ਕੁਰਸੀ ਤੋਂ ਉੱਠ ਕੇ ਹੱਸ ਹੱਸ ਕੇ ਦੋਹਰਾ ਹੁੰਦਾ ਰਹਿੰਦਾ। ਇਨ੍ਹਾਂ ਮਿਲਣੀਆਂ ਦੌਰਾਨ ਭੂਸ਼ਨ ਸਿਗਰਟਾਂ ਕਦੇ ਨਾ ਬੁਝਣ ਦਿੰਦਾ। ਚੰਡੀਗੜ੍ਹ ਰਹਿੰਦਿਆਂ ਹੀ ਡਾ. ਵਿਸ਼ਵਾਨਾਥ ਤਿਵਾੜੀ ਅਤੇ ਡਾ. ਨਰੇਸ਼ ਨੂੰ ਮਿਲਣ ਦਾ ਕਈ ਵਾਰੀ ਮੌਕਾ ਮਿਲਿਆ। ਡਾ. ਨਰੇਸ਼ ਨਾਲ ਤਾਂ ਕਾਫ਼ੀ ਨੇੜਤਾ ਰਹੀ। ਅਸੀਂ ਤਿੰਨ ਦੋਸਤ (ਸੁਰਿੰਦਰਪਰੀਤ, ਕੇਸ਼ਵ ਅਤੇ ਮੈਂ) 20 ਸੈਕਟਰ ਵਿੱਚ ਮਸਜਿਦ ਦੇ ਬਿਲਕੁੱਲ ਸਾਹਮਣੇ ਪਾਰਕ ਦੇ ਨਾਲ ਲਗਦੀ ਪਹਿਲੀ ਕੋਠੀ ਦੀ ਤੀਜੀ ਮੰਜਲ ਤੇ ਤਿੰਨ ਕਮਰਿਆਂ ਵਾਲੇ ਅਪਾਰਟਮੈਂਟ ਵਿੱਚ ਰਹਿੰਦੇ ਸਾਂ। ਕਮਰਿਆਂ ਦੇ ਬਾਹਰ ਵਿਹੜਾ ਵੀ ਕਾਫ਼ੀ ਵੱਡਾ ਸੀ। ਘਰ ਵਿੱਚ ਦੋਸਤਾਂ ਦੀ ਆਵਾਜਾਈ ਕੁਝ ਜ਼ਿਆਦਾ ਹੀ ਵੱਧ ਗਈ ਸੀ। ਅਸੀਂ ਇਕ ਲੜਕਾ ਰੋਟੀ ਬਨਾਉਣ ਨੂੰ ਰੱਖਿਆ ਹੋਇਆ ਸੀ। ਇਨ੍ਹਾਂ ਦਿਨਾਂ ਵਿੱਚ ਹੀ ਪ੍ਰਿੰ. ਸੰਤ ਸਿੰਘ ਸੇਖੋਂ, ਡਾ. ਜੀਤ ਸਿੰਘ ਸੀਤਲ ਵਰਗੇ ਲੇਖਕਾਂ ਅਤੇ ਵਿਦਵਾਨਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। 1970-71 ਵਿੱਚ ਹੀ ਦੀਪਕ ਜੈਤੋਈ ਅਤੇ ਚਾਨਣ ਗੋਬਿੰਦਪੁਰੀ ਨਾਲ ਨੇੜਤਾ ਬਹੁਤ ਵਧੀ ਜਿਨ੍ਹਾਂ ਤੋਂ ਮੈਂ ਗ਼ਜ਼ਲ ਬਾਰੇ ਥੋੜ੍ਹਾ ਬਹੁਤ ਸਿੱਖਿਆ। ਮੇਰੀ ਇਕੋ ਇਕ ਗ਼ਜ਼ਲਾਂ ਦੀ 1971 ਵਿੱਚ ਛਪੀ ਕਿਤਾਬ "ਪਲਕਾਂ ਡੱਕੇ ਹੰਝੂ" ਚਾਨਣ ਗੋਬਿੰਦਪੁਰੀ ਨੂੰ ਸਮਰਪਿਤ ਸੀ ਅਤੇ ਦੀਪਕ ਜੈਤੋਈ ਜੀ ਨੇ ਉਸਦਾ ਮੁੱਖ ਬੰਦ ਲਿਖਿਆ ਸੀ। ਇਨ੍ਹਾਂ ਦਿਨਾਂ ਵਿੱਚ ਹੀ ਮੀਸ਼ੇ ਨਾਲ ਵਾਕਫ਼ੀਅਤ ਹੋਈ। ਉਸਨੇ ਕਈ ਵਾਰੀ ਮੈਨੂੰ ਦੂਰਦਰਸ਼ਨ ਰੇਡੀਓ ਜਲੰਧਰ ਤੋਂ ਗ਼ਜ਼ਲਾਂ ਪੜ੍ਹਨ ਦਾ ਮੌਕਾ ਦਿੱਤਾ। ਰਾਮ ਸਰੂਪ ਅਣਖੀ ਵੀ ਕਈ ਦਿਨ ਮੇਰੇ ਕੋਲ ਰਹਿ ਕੇ ਗਿਆ ਸੀ ਜਦੋਂ ਉਸਦੀ ਪਹਿਲੀ ਪਤਨੀ ਬੀਮਾਰ ਸੀ ਅਤੇ ਪੀ. ਜੀ. ਆਈ. ਵਿੱਚ ਦਾਖਲ ਸੀ। ਹਰਪਾਲਜੀਤ ਪਾਲੀ ਅਤੇ ਸ਼ਮਸ਼ੇਰ ਸੰਧੂ ਪਿਆਰੇ ਦੋਸਤ ਬਣ ਗਏ ਸਨ। ਉਨ੍ਹਾਂ ਦਿਨ੍ਹਾਂ ਵਿੱਚ ਮੇਰੀਆਂ ਗ਼ਜ਼ਲਾਂ ਅਤੇ ਕਹਾਣੀਆਂ ਕਈ ਰਸਾਲਿਆਂ ਵਿੱਚ ਛਪਦੀਆਂ ਰਹਿੰਦੀਆਂ ਸਨ। ਇਸ ਕਰਕੇ ਬਹੁਤ ਸਾਰੇ ਲੇਖਕਾਂ ਨਾਲ ਸਾਂਝ ਵਧੀ। ਉਨ੍ਹਾਂ ਦਿਨ੍ਹਾਂ ਵਿੱਚ ਹੀ ਵਿਧਾਤਾ ਸਿੰਘ ਤੀਰ ਅਤੇ ਕਰਤਾਰ ਸਿੰਘ ਬਲੱਗਣ ਤੋਂ ਬਾਅਦ 'ਕਵਿਤਾ' ਰਸਾਲਾ ਇੱਕ ਨੌਜਵਾਨ ਸਾਹਿਤਕ ਪ੍ਰੇਮੀ ਹਰਭਜਨ ਸਿੰਘ ਰਤਨ ਨੇ ਲੈ ਲਿਆ ਸੀ। ਰਤਨ ਨਾਲ ਦੋਸਤੀ ਬਹੁਤ ਵਧ ਗਈ। ਉਨ੍ਹਾਂ ਦਿਨ੍ਹਾਂ 'ਚ ਹੀ 'ਕਵਿਤਾ' ਦਾ ਸਪੈਸ਼ਿਲ ਕਹਾਣੀ ਅੰਕ ਦੋ ਜ਼ਿਲਦਾ ਵਿੱਚ ਮੈਂ ਸੰਪਾਦਿਤ ਕੀਤਾ। ਇਸ ਤਰ੍ਹਾਂ ਚੰਡੀਗੜ੍ਹ ਵਿੱਚ ਬਿਤਾਏ ਚਾਰ ਸਾਲਾਂ ਵਿੱਚ ਮੇਰੀ ਸਾਂਝ ਬਹੁਤ ਸਾਹਿਤਕਾਰਾਂ ਨਾਲ ਪਈ। ਇਨ੍ਹਾਂ ਸਾਲਾਂ ਵਿੱਚ ਹੀ ਮੈਂ ਆਪਣੀਆਂ ਦੋ ਕਿਤਾਬਾਂ ਛਪਾਈਆਂ- ਕਹਾਣੀਆਂ ਦੀ ਕਿਤਾਬ 'ਚੁਬਾਰੇ ਦੀ ਇੱਟ' ਅਤੇ ਗ਼ਜ਼ਲਾਂ ਦੀ ਕਿਤਾਬ 'ਪਲਕਾਂ ਡੱਕੇ ਹੰਝੂ।'

**? ਤੁਸੀਂ ਚੰਗੇ ਭਲੇ ਆਧੁਨਿਕ ਸ਼ਹਿਰ ਚੰਡੀਗੜ੍ਹ 'ਚ ਸੈੱਟ ਹੋ ਗਏ ਸੀ। ਫੇਰ ਅਮਰੀਕਾ ਆਉਣ ਦਾ ਸਬੱਬ ਕਿਵੇਂ ਬਣਿਆ।**

– ਜਿੰਦਰ, ਅਮਰੀਕਾ ਪਹੁੰਚਣ ਦੀ ਕਹਾਣੀ ਵੀ ਕਾਫ਼ੀ ਲੰਬੀ ਹੈ। 1969-

70 ਵਿੱਚ ਕਨੇਡਾ ਜਾਣਾ ਖੁੱਲ੍ਹਾ ਸੀ ਅਤੇ ਬਹੁਤ ਸਾਰੇ ਦੋਸਤ ਕਨੇਡਾ ਚਲੇ ਗਏ। ਮੈਂ ਉਦੋਂ ਐਮ. ਏ. ਕਰਦਾ ਸੀ। ਕੁਝ ਦੋਸਤਾਂ ਨੇ ਮੈਨੂੰ ਵੀ ਕਨੇਡਾ ਆਉਣ ਲਈ ਕਿਹਾ ਪਰ ਮੈਂ ਕਿਹਾ ਕਿ ਮੇਰੇ ਲਈ ਐਮ. ਏ. ਕਰਨੀ ਜ਼ਰੂਰੀ ਹੈ। ਐਮ. ਏ. ਖ਼ਤਮ ਕਰਨ ਤੋਂ ਬਾਅਦ ਵੀ ਕਈ ਦੋਸਤਾਂ ਨੇ ਜ਼ੋਰ ਪਾਇਆ ਅਤੇ ਮੈਨੂੰ ਕਨੇਡਾ ਆਉਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਮੇਰਾ ਹਿੰਦੁਸਤਾਨ ਨੂੰ ਛੱਡ ਕੇ ਬਾਹਰ ਜਾਣ ਨੂੰ ਬਿਲਕੁਲ ਜੀਅ ਨਹੀਂ ਸੀ ਕਰਦਾ। ਇੰਗਲੈਂਡ ਬਗੈਰਾ ਤੋਂ ਕੁਝ ਰਿਸ਼ਤੇ ਵੀ ਆਏ ਪਰ ਸਭ ਠੁਕਰਾ ਦਿੱਤੇ ਕਿਉਂਕਿ ਮੇਰਾ ਦਿਲ ਤਾਂ ਇਕ ਜਮਾਤਣ ਨਾਲ ਹੀ ਵਿਆਹ ਕਰਵਾਉਣ ਤੇ ਅੜਿਆ ਹੋਇਆ ਸੀ। ਚੰਡੀਗੜ੍ਹ ਜਦੋਂ ਮੈਂ ਜੁਲਾਈ 1971 ਵਿੱਚ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਮੇਰੀ ਮਹੀਨੇ ਦੀ ਤਨਖਾਹ 300 ਰੁਪਏ ਸੀ। ਮੈਂ ਪੰਜਾਬ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਨਾਲ ਪੀ. ਐਚ. ਡੀ. ਕਰਨ ਦੀ ਸਲਾਹ ਕੀਤੀ ਤਾਂ ਉਸਨੇ ਬਾਹਰ ਜਾਣ ਦੀ ਸਲਾਹ ਦਿੱਤੀ ਕਿਉਂਕਿ ਪੰਜਾਬ ਯੂਨੀਵਰਸਿਟੀ ਵਿੱਚ (ਉਸਦੇ ਅਨੁਸਾਰ) ਬਹੁਤ ਸਿਆਸਤਵਾਜ਼ੀ ਦਾ ਚੱਕਰ ਸੀ। ਤਿੰਨ ਸਾਲ ਚੰਡੀਗੜ੍ਹ ਪੜ੍ਹਾਉਣ ਤੋਂ ਬਾਅਦ ਕਈ ਸੋਚਾਂ ਨੇ ਘੇਰਿਆ ਹੋਇਆ ਸੀ। ਇਕ ਸੋਚ ਤਾਂ ਇਹ ਸੀ ਕਿ ਜਦੋਂ ਵਿਆਹ ਹੋ ਗਿਆ ਅਤੇ ਬੱਚੇ ਹੋ ਗਏ ਤਾਂ 300 ਜਾਂ 350 ਰੁਪਏ ਮਹੀਨੇ ਨਾਲ ਗੁਜ਼ਾਰਾ ਕਿਵੇਂ ਹੋਵੇਗਾ ਅਤੇ ਉਹ ਵੀ ਚੰਡੀਗੜ੍ਹ ਵਿੱਚ। ਦੂਜੇ ਪੀ. ਐਚ. ਡੀ. ਕਰਨ ਦੀ ਖਾਹਿਸ਼ ਬਹੁਤ ਤੀਬਰ ਸੀ। ਪੰਜਾਬ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਵਿੱਚ ਇਕ ਲੰਡਨ ਤੋਂ ਪੜ੍ਹਿਆ ਹੋਇਆ ਪ੍ਰੋਫੈਸਰ ਸੀ ਜੋ ਥੋੜ੍ਹਾ-ਬਹੁਤ ਵਾਕਿਫ਼ ਸੀ। ਉਸ ਤੋਂ ਸਲਾਹ ਲਈ ਕਿ ਮੈਂ ਪੀ. ਐਚ. ਡੀ. ਵਾਸਤੇ ਇੰਗਲੈਂਡ ਜਾਵਾਂ ਜਾਂ ਅਮਰੀਕਾ। ਉਸਨੇ ਇੰਗਲੈਂਡ ਜਾਣ ਦੀ ਸਲਾਹ ਦਿੱਤੀ ਜਿਹੜੀ ਕਿ ਗ਼ਲਤ ਸਲਾਹ ਸੀ। ਉਸਨੇ ਇਹ ਸਲਾਹ ਜਾਣ ਬੁਝ ਕੇ ਗ਼ਲਤ ਨਹੀਂ ਸੀ ਦਿੱਤੀ ਕਿਉਂਕਿ ਉਹ ਇੰਗਲੈਂਡ ਦਾ ਪੜ੍ਹਿਆ ਹੋਇਆ ਸੀ। ਉਸਨੂੰ ਇੰਗਲੈਂਡ ਹੀ ਚੰਗਾ ਲੱਗਦਾ ਸੀ ਅਤੇ ਇਸ ਲਈ ਉਸਨੇ ਮੈਨੂੰ ਵੀ ਇੰਗਲੈਂਡ ਜਾਣ ਦੀ ਹੀ ਸਲਾਹ ਦਿੱਤੀ। ਮੈਂ ਇੰਗਲੈਂਡ ਦੀਆਂ ਕੁਝ ਯੂਨੀਵਰਸਿਟੀਆਂ ਨੂੰ ਅਰਜ਼ੀਆਂ ਭੇਜ ਦਿੱਤੀਆਂ। ਹਰ ਇਕ ਯੂਨੀਵਰਸਿਟੀ ਨੇ ਇਹੋ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੀ ਐਮ. ਏ. ਇੰਗਲੈਂਡ ਦੀ ਬੀ. ਏ. ਤੋਂ ਵੀ ਘੱਟ ਹੈ ਉਨ੍ਹਾਂ ਨੇ ਮੈਨੂੰ ਪਹਿਲਾਂ ਦੁਬਾਰਾ ਇੰਗਲੈਂਡ ਵਿੱਚ ਐਮ. ਏ. ਕਰਨ ਲਈ ਕਿਹਾ। ਮੈਂ ਯੂਨੀਵਰਸਿਟੀ ਆਫ਼ ਮਾਨਚੈਸਟਰ ਦਾ ਦਾਖ਼ਲਾ ਮਨਜ਼ੂਰ ਕਰ ਲਿਆ। ਦੋ ਸਾਲ ਦੀ ਐਮ. ਏ. ਕਰਨੀ ਸੀ। ਦੂਜੇ ਪਾਸੇ ਮਨ-ਪਸੰਦ ਲੜਕੀ ਨਾਲ ਵਿਆਹ ਕਰਵਾਉਣ ਵਿੱਚ ਵੀ ਅੜਿੱਕੇ ਪੈ ਰਹੇ ਸਨ। ਪੁਰਾਣੇ ਖਿਆਲਾਂ ਦੇ ਉਸਦੇ ਮਾਤਾ ਪਿਤਾ ਨਹੀਂ ਸੀ ਮੰਨ ਰਹੇ। ਇੰਗਲੈਂਡ ਦਾ ਦਾਖ਼ਲਾ ਆ ਗਿਆ ਸੀ। ਅਖੀਰ ਮਈ 1975 ਨੂੰ ਅਸੀਂ ਔਖੇ ਸੌਖੇ ਹੋ ਕੇ ਵਿਆਹ ਕਰਾ ਹੀ ਲਿਆ। ਵਿਆਹ ਕਿਵੇਂ ਹੋਇਆ? ਇਹ ਆਪਣੇ ਆਪ ਵਿੱਚ ਇਕ ਲੰਬੀ ਕਹਾਣੀ ਹੈ। ਵਿਆਹ ਤੋਂ ਬਾਅਦ ਵੀਜ਼ੇ ਲਈ ਅਰਜ਼ੀ ਦਿੱਤੀ। ਇੰਗਲੈਂਡ ਦਾ ਵੀਜ਼ਾ ਬਹੁਤ ਅਸਾਨੀ ਨਾਲ ਮਿਲ ਗਿਆ। ਇੰਗਲੈਂਡ ਜਾ ਕੇ ਛੇਤੀ ਹੀ ਸਮਝ ਆ ਗਈ ਕਿ ਮੈਂ ਇੰਗਲੈਂਡ ਜਾ ਕੇ ਬਹੁਤ ਵੱਡੀ ਗਲਤੀ ਕੀਤੀ ਸੀ। ਪਹਿਲੀ ਗੱਲ ਇਹ ਕਿ ਇੰਗਲੈਂਡ ਵਿੱਚ ਅਸੀਂ ਕੰਮ ਨਹੀਂ



ਸੀ ਕਰ ਸਕਦੇ। ਜੋ ਲੁਕ ਛੁਪ ਕੇ ਕੀਤਾ ਉਸ ਤੋਂ ਬਹੁਤ ਥੋੜ੍ਹੇ ਪੈਸੇ ਮਿਲਦੇ ਸਨ, ਗੁਜ਼ਾਰਾ ਬਹੁਤ ਮੁਸ਼ਕਲ ਸੀ। ਉੱਤੋਂ ਫੀਸ ਵੀ ਬਹੁਤ ਜ਼ਿਆਦਾ ਸੀ। ਦੂਸਰੀ ਗੱਲ ਸੀ ਕਿ ਉਨ੍ਹਾਂ ਦਿਨਾਂ ਵਿੱਚ ਇੰਗਲੈਂਡ ਵਿੱਚ ਈਨੋ ਪਾਵਲ ਦੀ ਨੈਸ਼ਨਲ ਫਰੰਟ ਪਾਰਟੀ ਕਾਫੀ ਚਰਚਾ ਵਿੱਚ ਸੀ ਜਿਸਦਾ ਮੰਤਵ ਸਾਰੇ ਪ੍ਰਵਾਸੀਆਂ ਨੂੰ ਇੰਗਲੈਂਡ 'ਚੋਂ ਕੱਢਣਾ ਸੀ। ਗੋਰਿਆਂ ਵਿੱਚ ਅਤੇ ਦੂਜੀ ਨਸਲ ਦੇ ਲੋਕਾਂ ਵਿੱਚ ਸੰਬੰਧ ਬਹੁਤ ਖਰਾਬ ਸਨ। ਤੀਸਰੀ ਗੱਲ ਇਹ ਕਿ ਮੈਨੂੰ ਇੰਗਲੈਂਡ ਬਿਲਕੁਲ ਪਸੰਦ ਨਾ ਆਇਆ। ਇਕ ਬਹੁਤ ਭੈੜੇ ਮੌਸਮ ਕਰਕੇ ਅਤੇ ਦੂਜਾ ਗੋਰਿਆਂ ਦੇ ਵਤੀਰੇ ਕਰਕੇ। ਮੈਨੂੰ ਇੰਗਲੈਂਡ ਵਿੱਚ ਆਪਣਾ ਭਵਿੱਖ ਵਧੀਆ ਨਾ ਦਿਸਿਆ। ਐਮ. ਏ. ਕਰਨ ਤੋਂ ਬਾਅਦ ਦੋ ਹੀ ਰਸਤੇ ਸਨ। ਇਕ ਵਾਪਸ ਹਿੰਦੁਸਤਾਨ ਜਾਣ ਦਾ ਅਤੇ ਦੂਜਾ ਅਮਰੀਕਾ ਜਾਂ ਕਨੇਡਾ ਆਉਣ ਦਾ। ਮੈਂ ਲੰਡਨ ਯੂਨੀਵਰਸਿਟੀ ਵਿਚ ਨਾਨ-ਡਿਗਰੀ ਵਾਸਤੇ ਦਾਖਲਾ ਲੈ ਲਿਆ, ਨਾਲ ਲੁਕ-ਛੁਪ ਕੇ ਕੰਮ ਕੀਤਾ ਅਤੇ ਅਮਰੀਕਾ ਵਿੱਚ ਪੀ. ਐਚ. ਡੀ. ਦੇ ਦਾਖਲੇ ਲਈ ਕੁਝ ਇਮਤਿਹਾਨ ਦਿੱਤੇ। ਅਮਰੀਕਾ ਦੀਆਂ ਕੁਝ ਯੂਨੀਵਰਸਿਟੀਆਂ ਵਿੱਚ ਦਾਖਲਾ ਮਿਲ ਗਿਆ। ਜਨਵਰੀ 1980 ਵਿੱਚ ਅਸੀਂ ਇੰਗਲੈਂਡ ਤੋਂ ਅਮਰੀਕਾ ਚਲੇ ਗਏ ਜਿੱਥੇ ਮੈਂ ਯੂਨੀਵਰਸਿਟੀ ਆਫ ਕੈਲੀਫੋਰਨੀਆ ਲਾਸ ਏਂਜਲਜ਼ ਵਿੱਚ ਦਾਖਲ ਹੋਇਆ ਸਾਂ। ਅਮਰੀਕਾ ਪਹੁੰਚਣ ਤੋਂ ਕੁਝ ਮਹੀਨੇ ਬਾਅਦ ਹੀ ਮੈਨੂੰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਲਾਸ ਏਂਜਲਜ਼ ਵਿੱਚ ਐਡਹਾਕ ਲੈਕਚਰਾਰ ਦੀ ਨੌਕਰੀ ਮਿਲ ਗਈ। ਮੈਂ ਪੀ. ਐਚ. ਡੀ. ਦੇ ਨਾਲ ਨਾਲ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਉਂਦਾ ਵੀ ਰਿਹਾ। ਇਸ ਸਮੇਂ ਤੱਕ ਤਿੰਨ ਬੱਚੇ ਵੀ ਹੋ ਗਏ ਸਨ। ਉਹ ਸਾਲ ਕਾਫੀ ਸੰਘਰਸ਼ ਦੇ ਸਾਲ ਸਨ। ਫਿਰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਵਿੱਚ ਹੀ ਪੂਰੀ ਪੜ੍ਹਾਉਣ ਦੀ ਨੌਕਰੀ ਮਿਲ ਗਈ। 1986 ਵਿੱਚ ਮੈਨੂੰ ਈਸਟਰਨ ਕਨੈਟੀਕਟ ਸਟੇਟ ਯੂਨੀਵਰਸਿਟੀ ਨੇ ਨੌਕਰੀ ਦੇ ਦਿੱਤੀ। ਇਹ ਯੂਨੀਵਰਸਿਟੀ ਨਿਊਯਾਰਕ ਤੋਂ 135 ਕੁ ਮੀਲ ਦੀ ਦੂਰੀ ਤੇ ਹੈ। ਹਾਲੇ ਵੀ ਮੈਂ ਇੱਥੇ ਹੀ ਪੜ੍ਹਾ ਰਿਹਾ ਹਾਂ। 1994 ਤੋਂ ਆਪਣੇ ਵਿਭਾਗ ਦਾ ਲਗਾਤਾਰ ਚੇਅਰਮੈਨ ਵੀ ਚੁਣਿਆ ਆ ਰਿਹਾ ਹਾਂ। ਵੈਸੇ ਸਾਡਾ ਨਿਵਾਸ ਨਿਊਯਾਰਕ ਦੇ ਬਿਲਕੁਲ ਨਾਲ ਹੀ ਹੈ।

**? ਤੁਸੀਂ ਸਾਹਿਤ ਨਾਲ ਕਦੋਂ ਤੇ ਕਿਵੇਂ ਜੁੜੇ।**

- ਸਾਹਿਤ ਪੜ੍ਹਣ ਦੀ ਚੇਟਕ ਸਕੂਲ ਵਿੱਚ ਹੀ ਲੱਗ ਗਈ ਸੀ। ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ, ਪੰਜਾਬੀ ਦੇ ਅਧਿਆਪਕ ਪਿਆਰਾ ਸਿੰਘ ਅਟਵਾਲ ਦੀਆਂ ਸਾਹਿਤਕ ਗੱਲਾਂ ਨੇ ਧਿਆਨ ਸਾਹਿਤ ਵੱਲ ਲਾ ਦਿੱਤਾ ਸੀ। ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਬਲਵੰਤ ਗਾਰਗੀ ਆਦਿ ਦੀਆਂ ਸਾਰੀਆਂ ਲਿਖਤਾਂ ਸਕੂਲ ਵਿੱਚ ਹੀ ਪੜ੍ਹ ਲਈਆਂ ਸਨ। ਕਾਲਜ ਵਿੱਚ ਪ੍ਰੋ. ਹੀਰਾ ਸਿੰਘ ਤਰਸਪਾਲ ਅਤੇ ਪ੍ਰਿੰਸੀਪਲ ਕਰਤਾਰ ਸਿੰਘ ਤਾਰ ਨਾਲ ਨੇੜਤਾ ਬਹੁਤ ਵੱਧ ਗਈ ਸੀ ਜਿਸ ਨਾਲ ਸਾਹਿਤਕ ਚੇਟਕ ਹੋਰ ਵੀ ਵਧ ਗਈ। ਬੰਗਾ ਦੇ ਆਲੇ ਦੁਆਲੇ ਦੇ ਕੁਝ ਲੇਖਕਾਂ ਨਾਲ ਵੀ ਮੇਲ-ਮਿਲਾਪ ਵਧ ਗਿਆ। ਪੱਕਾ ਤਾਂ ਯਾਦ ਨਹੀਂ ਪਰ ਮੈਂ ਪਹਿਲੀ ਗ਼ਜ਼ਲ ਜਾਂ ਕਹਾਣੀ 1965 ਦੁਆਲੇ ਲਿਖੀ ਸੀ। ਫਿਰ ਬਹੁਤ ਲਿਖੀਆਂ ਪਰ ਜ਼ਿਆਦਾ ਕਾਲਜ ਦੇ

ਵਿਦਿਆਰਥੀਆਂ ਵਰਗੀਆਂ ਕੱਚੀਆਂ ਪਿੱਲੀਆਂ ਹੀ। ਕਾਲਜ ਵਿੱਚ ਵੀ ਬਹੁਤ ਸਾਹਿਤ ਪੜ੍ਹਿਆ। ਐਮ. ਏ. ਕਰਦਿਆਂ ਹੀ ਦੀਪਕ ਜੈਤੋਈ ਜੀ ਅਤੇ ਚਾਨਣ ਗੋਬਿੰਦਪੁਰੀ ਜੀ ਨਾਲ ਨੇੜਤਾ ਕਾਫੀ ਵਧ ਗਈ ਅਤੇ ਉਨ੍ਹਾਂ ਤੋਂ ਗ਼ਜ਼ਲ ਬਾਰੇ ਕੁਝ ਸਿੱਖਿਆ। 1970 ਦੇ ਅਖੀਰ ਵਿੱਚ ਮੈਂ ਆਪਣਾ ਕਹਾਣੀ ਸੰਗ੍ਰਹਿ 'ਚੁਬਾਰੇ ਦੀ ਇੱਟ' ਛਪਵਾਇਆ ਅਤੇ 1972 ਵਿੱਚ ਗ਼ਜ਼ਲਾਂ ਦੀ ਕਿਤਾਬ 'ਪਲਕਾਂ ਡੱਕੇ ਹੰਝੂ' ਛਪਵਾਈ। 1973 ਵਿੱਚ 'ਕਵਿਤਾ' ਰਸਾਲੇ ਦਾ ਕਹਾਣੀ ਅੰਕ ਦੋ ਜ਼ਿਲਦਾਂ ਵਿੱਚ ਸੰਪਾਦਿਤ ਕੀਤਾ। 1974 ਦੇ ਅੱਧ ਵਿੱਚ ਮੈਂ ਬਾਹਰ ਜਾਣ ਬਾਰੇ ਸੋਚਣ ਲੱਗ ਪਿਆ। ਇਸ ਸਮੇਂ ਤੋਂ ਬਾਅਦ ਕੁਝ ਵੀ ਨਵਾਂ ਨਾ ਲਿਖ ਸਕਿਆ।

**? ਮੈਂ ਪਿਛਲੇ ਕਈ ਸਾਲਾਂ ਤੋਂ ਦੇਖ ਰਿਹਾ ਹਾਂ ਕਿ ਤੁਹਾਡੀ ਜ਼ਿੰਦਗੀ ਬਹੁਤ ਰੁਝੇਵਿਆਂ ਭਰੀ ਹੈ। ਦੌੜ-ਭੱਜ ਲੱਗੀ ਰਹਿੰਦੀ ਹੈ। ਐਨੇ ਰੁਝੇਵੇਂ ਭਰੀ ਜ਼ਿੰਦਗੀ 'ਚ ਵੀ ਲਿਖਣ-ਪੜ੍ਹਣ ਦਾ ਸਮਾਂ ਮਿਲ ਜਾਂਦਾ ਹੈ।**

- ਜਿੰਦਰ, ਮੁਹਾਵਰਾ ਹੈ : ਆਪੇ ਫਾਥੜੀਏ ਤੈਨੂੰ ਕੌਣ ਬਚਾਵੇ। ਜਿਥੋਂ ਤੱਕ ਰੁਝੇਵਿਆਂ ਦੀ ਗੱਲ ਹੈ, ਮੈਂ ਆਪ ਹੀ ਬਹੁਤ ਸਾਰੇ ਰੁਝੇਵੇਂ ਗਲ ਪਾ ਰੱਖੇ ਹਨ। ਜੇ ਸਿਰਫ਼ ਪੜ੍ਹਾਉਣ ਦਾ ਹੀ ਕੰਮ ਹੋਵੇ ਤਾਂ ਉਹ ਬਹੁਤਾ ਨਹੀਂ। ਮੈਂ ਸਿਰਫ਼ ਮੰਗਲਵਾਰ ਅਤੇ ਵੀਰਵਾਰ ਹੀ ਪੜ੍ਹਾਉਂਦਾ ਹਾਂ। ਬੁੱਧਵਾਰ ਨੂੰ ਦਫ਼ਤਰ ਦੇ ਕੰਮ ਬਗੈਰਾ ਕਰਨੇ ਹੁੰਦੇ ਹਨ। ਸਾਲ ਵਿੱਚ ਚਾਰ ਕੁ ਮਹੀਨੇ ਛੁੱਟੀਆਂ ਵੀ ਹੁੰਦੀਆਂ ਹਨ। ਪਰ ਆਪਣੇ ਵਿਭਾਗ ਦਾ ਚੇਅਰਮੈਨ ਹੋਣ ਕਰਕੇ ਉਸਦੇ ਕੰਮ ਵੀ ਕਾਫ਼ੀ ਹੋ ਜਾਂਦੇ ਹਨ। ਮੇਰੀਆਂ ਕਈ ਕਿਤਾਬਾਂ ਹਨ ਜੋ ਮੈਨੂੰ ਕਾਫ਼ੀ ਮਸਰੂਫ ਰੱਖਦੀਆਂ ਹਨ ਜਿਨ੍ਹਾਂ ਵਿੱਚ Introductory Statistics, Statistics for Business and Economics, Introductory Statistics Using Technology ਅਤੇ Practitioners Guide to Statistics and Lean Six Sigma ਸ਼ਾਮਿਲ ਹਨ। ਇਨ੍ਹਾਂ ਵਿੱਚੋਂ ਕੁਝ ਕਿਤਾਬਾਂ ਕਈ ਦੂਜੀਆਂ ਭਾਸ਼ਾਵਾਂ ਵਿੱਚ ਵੀ ਛਪ ਚੁੱਕੀਆਂ ਹਨ।

1975 ਵਿੱਚ ਹਿੰਦੁਸਤਾਨ ਛੱਡਣ ਤੋਂ ਲੈ ਕੇ 2003 ਤੱਕ ਮੈਂ ਪੰਜਾਬੀ ਸਾਹਿਤ ਨਾਲੋਂ ਬਿਲਕੁਲ ਟੁੱਟਿਆ ਰਿਹਾ। ਸਾਰੇ ਸਾਹਿਤਕਾਰ ਦੋਸਤਾਂ ਨਾਲ ਸੰਪਰਕ ਵੀ ਲਗਭਗ ਖਤਮ ਹੀ ਸੀ। ਨਾ ਕੁਝ ਪੰਜਾਬੀ ਸਾਹਿਤ ਪੜ੍ਹਿਆ ਅਤੇ ਨਾ ਲਿਖਿਆ। ਇਸਦਾ ਕਾਰਨ ਪਹਿਲਾਂ ਪੜ੍ਹਾਈ ਅਤੇ ਫਿਰ ਨੌਕਰੀ ਅਤੇ ਕਿਤਾਬਾਂ ਲਿਖਣ ਦੇ ਰੁਝੇਵੇਂ ਸਨ। 2003 ਵਿੱਚ ਨਿਊ ਯਾਰਕ ਵਿੱਚ ਆਪਣੇ ਪੁਰਾਣੇ ਦੋਸਤ ਦਲਜੀਤ ਮੋਖਾ ਨਾਲ ਕਦੇ ਕਦੇ ਸਾਹਿਤਕ ਬੈਠਕਾਂ ਵਿੱਚ ਜਾਣ ਲੱਗ ਪਿਆ। ਹੌਲੀ ਹੌਲੀ ਸਾਹਿਤ ਪੜ੍ਹਨ ਅਤੇ ਲਿਖਣ ਦੀ ਚਿਣਗ ਫਿਰ ਬਲਣ ਲੱਗ ਪਈ। 2004 ਤੋਂ ਹੁਣ ਤੱਕ ਕੁਝ ਗ਼ਜ਼ਲਾਂ ਅਤੇ ਕਵਿਤਾਵਾਂ ਲਿਖੀਆਂ ਹਨ ਪਰ ਪੰਜਾਬੀ ਗ਼ਜ਼ਲ ਇਨ੍ਹਾਂ ਸਾਲਾਂ ਵਿੱਚ ਬਹੁਤ ਅੱਗੇ ਲੰਘ ਗਈ ਹੈ। ਹੁਣ ਕੁਝ ਸਾਲਾਂ ਤੋਂ ਮੈਂ ਜ਼ਿਆਦਾ ਲੇਖ ਹੀ ਲਿਖਦਾ ਆ ਰਿਹਾਂ। ਸਾਹਿਤ ਪੜ੍ਹਣ ਲਈ ਥੋੜ੍ਹਾ ਬਹੁਤ ਸਮਾਂ ਜ਼ਰੂਰ ਕੱਢ ਲੈਂਦਾ ਹਾਂ। ਜੇ ਕਿਸੇ ਕੰਮ ਨੂੰ ਕਰਨ ਦੀ ਖਾਹਿਸ਼ ਹੋਵੇ ਤਾਂ ਉਸ ਲਈ ਸਮਾਂ ਨਿਕਲ ਹੀ ਆਉਂਦਾ ਹੈ।



**? ਤੁਸੀਂ ਅਮਰੀਕਾ 'ਚ ਟੀ. ਵੀ. ਸ਼ੋਅ ਵੀ ਕਰਦੇ ਹੋ। ਇਸ ਬਾਰੇ ਵਿਸਥਾਰ 'ਚ ਦੱਸੋ।**

- ਹਾਂ ਜੀ ਇਕ ਸ਼ੋਅ ਦੋ ਸਾਲ ਕੀਤਾ। ਨਿਊਯਾਰਕ ਤੋਂ ਤਿੰਨ ਕੁ ਸਾਲ ਪਹਿਲਾਂ ਇਕ ਪੰਜਾਬੀ ਟੀ. ਵੀ. ਸਟੇਸ਼ਨ ਜਸ ਪੰਜਾਬੀ ਸ਼ੁਰੂ ਹੋਇਆ ਸੀ। ਇਸਦੇ ਮਾਲਕ, ਜਿਹੜੇ ਕਿ ਮੇਰੇ ਥੋੜ੍ਹੇ ਜਿਹੇ ਵਾਕਿਫ਼ ਸਨ, ਨੇ ਮੈਨੂੰ ਕਿਹਾ ਕਿ ਉਹ ਇਕ ਪੰਜਾਬੀ ਕਵੀਆਂ ਬਾਰੇ ਸ਼ੋਅ ਕਰਨਾ ਚਾਹੁੰਦੇ ਹਨ ਅਤੇ ਕੀ ਮੈਂ ਕਰ ਸਕਦਾ ਹਾਂ। ਮੈਂ ਕਿਹਾ ਕਿ ਮੈਂ ਇਸ ਬਾਰੇ ਜ਼ਿੰਦਗੀ ਵਿੱਚ ਕਦੇ ਵੀ ਸੋਚਿਆ ਤਾਂ ਨਹੀਂ ਅਤੇ ਨਾ ਹੀ ਕੋਈ ਅਭਿਆਸ ਹੈ ਪਰ ਕੋਸ਼ਿਸ਼ ਜ਼ਰੂਰ ਕਰ ਸਕਦਾਂ। ਇਹ ਸ਼ੋਅ ਅਸੀਂ ਅਪ੍ਰੈਲ-ਮਈ 2007 ਵਿੱਚ ਸ਼ੁਰੂ ਕੀਤਾ ਸੀ ਜਿਸਦਾ ਨਾਂ 'ਸਾਵੇ ਪੱਤਰ' ਰੱਖਿਆ ਸੀ। ਦੋ ਸਾਲਾਂ ਵਿੱਚ ਮੈਂ ਕੋਈ 60 ਦੇ ਕਰੀਬ ਸ਼ੋਅ ਕੀਤੇ ਹਨ ਅਤੇ ਦੋ ਸਪੈਸ਼ਿਲ ਸ਼ੋਅ ਕੀਤੇ ਹਨ। ਇਨ੍ਹਾਂ ਵਿੱਚ ਮੈਂ ਪੰਜਾਬੀ ਦੇ ਲੇਖਕਾਂ (ਬਹੁਤੇ ਕਵੀਆਂ) ਨਾਲ ਇੰਟਰਵਿਊ ਕੀਤੀਆਂ ਹਨ ਅਤੇ ਉਨ੍ਹਾਂ ਦੀਆਂ ਲਿਖਤਾਂ ਸੁਣੀਆਂ ਹਨ। ਇਨ੍ਹਾਂ ਵਿੱਚੋਂ ਕੁਝ ਸੋਅ www.youtube.com ਤੇ ਵੀ ਲੱਗੇ ਹੋਏ ਹਨ। ਇੱਥੇ ਜਾ ਕੇ ਮੇਰੇ ਨਾਂ Prem Mann ਨੂੰ ਸਰਚ ਬੌਕਸ ਵਿੱਚ ਪਾ ਕੇ ਖੋਜ ਕਰ ਲਓ ਤਾਂ ਇਹ ਸ਼ੋਅ ਲੱਭ ਪੈਣਗੇ। ਜਾਂ ਫਿਰ ਇਨ੍ਹਾਂ ਦੇ ਲਿੰਕ ਮੇਰੀਆਂ ਦੋ ਵੈਬ ਸਾਈਟਾਂ www.premmann.com ਅਤੇ www.punjabiblog.com 'ਤੇ ਵੀ ਹਨ।

ਇੰਨੇ ਰੁਝੇਵਿਆਂ ਕਾਰਨ ਮੈਨੂੰ ਆਪਣੇ ਲਈ ਅਤੇ ਪ੍ਰਵਾਰ ਲਈ ਬਹੁਤਾ ਸਮਾਂ ਨਹੀਂ ਮਿਲਦਾ। ਮੈਂ ਦੋ ਬਾਰੀ ਪਹਿਲਾਂ ਇਹ ਸ਼ੋਅ ਕਰਨ ਤੋਂ ਨਾਂਹ ਕਰ ਚੁੱਕਾ ਸੀ ਪਰ ਟੀ. ਵੀ. ਸਟੇਸ਼ਨ ਵਾਲੇ ਫਿਰ ਮੈਨੂੰ ਮਨਾ ਲੈਂਦੇ ਸਨ। ਹੁਣ ਕੁਝ ਹਫਤੇ ਪਹਿਲਾਂ ਮੈਂ ਇਸ ਤੋਂ ਬਿਲਕੁਲ ਪੱਕੀ ਨਾਂਹ ਕਰ ਦਿੱਤੀ ਹੈ।

'ਸਾਵੇ ਪੱਤਰ' ਸ਼ੋਅ ਸਾਰੇ ਅਮਰੀਕਾ ਵਿੱਚ ਅਤੇ ਕਈ ਥਾਈਂ ਕਨੇਡਾ ਵਿੱਚ ਵੀ ਦੇਖਿਆ ਜਾਂਦਾ ਸੀ ਅਤੇ ਕਾਫੀ ਲੋਕ ਇਸ ਨੂੰ ਦੇਖਦੇ ਸਨ।

**? ਤੁਹਾਡੇ ਗੱਲ ਕਰਨ 'ਚ ਸਲੀਕਾ ਹੈ। ਐਦਾਂ ਹੀ ਤੁਹਾਡੀਆਂ ਲਿਖਤਾਂ 'ਚ ਵੀ ਅਜਿਹਾ ਕੁਝ ਦੇਖਣ ਨੂੰ ਮਿਲਦਾ ਹੈ। ਇਹ ਸਭ ਕੁਝ ਇੰਡੀਆ 'ਚ ਰਹਿੰਦਿਆਂ ਅਪਣਾਇਆ ਸੀ ਜਾਂ ਅਮਰੀਕਾ ਦੀ ਸੁਸਾਇਟੀ ਨੇ ਤੁਹਾਨੂੰ ਅਜਿਹਾ ਬਣਾਇਆ ਹੈ।**

- ਜਿੰਦਰ, ਮੈਨੂੰ ਨਹੀਂ ਪਤਾ ਕਿ ਤੁਸੀਂ ਮੇਰੇ ਸਲੀਕੇ ਨੂੰ ਕਿਸ ਤਰ੍ਹਾਂ ਦਾ ਦੇਖ ਸਮਝ ਰਹੇ ਹੋ। ਜੇ ਸਲੀਕੇ ਤੋਂ ਤੁਹਾਡਾ ਭਾਵ ਸੁਭਾਅ ਦਾ ਹੈ ਤਾਂ ਕੁਝ ਸੁਭਾਅ ਤਾਂ ਮੇਰਾ ਹਿੰਦੁਸਤਾਨ ਰਹਿੰਦਿਆਂ ਹੀ ਇਹੋ ਜਿਹਾ ਸੀ। ਮੈਂ ਪਹਿਲਾਂ ਤੋਂ ਹੀ ਕਾਫ਼ੀ ਨਰਮ ਅਤੇ ਹਮਦਰਦ ਸੁਭਾਅ ਦਾ ਰਿਹਾ ਹਾਂ। ਇਹ ਮੈਨੂੰ ਵਿਰਸੇ ਵਿੱਚ ਆਪਣੇ ਮਾਤਾ-ਪਿਤਾ ਕੋਲੋਂ ਮਿਲਿਆ ਹੈ। ਪਰ ਅਮਰੀਕਾ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ। ਮੈਂ ਹਰ ਰੋਜ਼ ਚਲਦਾ, ਫਿਰਦਾ, ਬਹਿੰਦਾ, ਉੱਠਦਾ, ਵਿਚਰਦਾ ਹਮੇਸ਼ਾ ਹੀ ਆਪਣੀਆਂ ਅੱਖਾਂ, ਕੰਨ, ਮਨ, ਦਿਮਾਗ ਅਤੇ ਦਿਲ ਖੋਲ੍ਹ ਕੇ ਰੱਖਦਾ ਹਾਂ। ਜੋ ਵੀ ਮੈਨੂੰ ਚੰਗੀ ਗੱਲ, ਆਦਤ ਆਦਿ ਦਿਸਦੀ ਸੁਣਦੀ ਹੈ ਮੈਂ ਉਸਨੂੰ ਅਪਨਾਉਣ ਦੀ ਕੋਸ਼ਿਸ਼ ਕਰਦਾ ਹਾਂ।

ਮੈਂ ਹਮੇਸ਼ਾ ਕਹਿੰਦਾਂ ਕਿ ਅਮਰੀਕਾ ਵਿੱਚ ਮੈਂ ਆਪਣੇ ਵਿਦਿਆਰਥੀਆਂ ਤੋਂ ਸਿੱਖਿਆ ਜ਼ਿਆਦਾ ਹੈ ਅਤੇ ਉਨ੍ਹਾਂ ਨੂੰ ਸਿਖਾਇਆ ਘੱਟ ਹੈ। ਮੇਰੀ ਹਮੇਸ਼ਾ ਹੀ ਕੋਸ਼ਿਸ਼ ਰਹੀ ਹੈ ਕਿ ਹੰਕਾਰ, ਈਰਖਾ, ਅੱਖੜਤਾ, ਜ਼ਿਦ, ਲੋਭ ਆਦਿ ਕਦੇ ਵੀ ਮੇਰੇ ਨੇੜੇ ਨਾ ਆਉਣ। ਸੱਚ ਬੋਲਣ ਅਤੇ ਈਮਾਨਦਾਰੀ ਦੀ ਜ਼ਿੰਦਗੀ ਗੁਜ਼ਾਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ। ਜੋ ਇਨਸਾਨ ਝੂਠ ਬੋਲੇ, ਬੇਈਮਾਨੀਆਂ ਕਰੇ, ਅਤੇ ਚਾਲਬਾਜ਼ੀਆਂ ਕਰੇ, ਮੈਂ ਉਸ ਤੋਂ ਹਮੇਸ਼ਾ ਹੀ ਦੂਰ ਰਹਿੰਦਾ ਹਾਂ। ਚਾਪਲੂਸੀ ਕਰਨ ਦਾ ਹੁਨਰ ਨਾ ਹੀ ਕਦੇ ਸਿੱਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾ ਹੀ ਆਇਆ ਹੈ। ਗ਼ਲਤ ਨੂੰ ਗ਼ਲਤ ਅਤੇ ਸਹੀ ਨੂੰ ਸਹੀ ਕਹਿਣ ਦੀ ਆਦਤ ਹੈ ਜਿਸ ਕਾਰਨ ਕਈ ਦੋਸਤ ਵੀ ਦੁਸ਼ਮਣ ਬਣ ਜਾਂਦੇ ਹਨ ਪਰ ਇਸ ਦੀ ਕਦੇ ਪ੍ਰਵਾਹ ਨਹੀਂ ਕੀਤੀ। ਜ਼ਿੰਦਗੀ ਵਿੱਚ ਬਹੁਤ ਸਾਹਿਤਕਾਰਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ। ਕਈਆਂ ਵੱਲੋਂ ਬਹੁਤ ਨਿਰਾਸ਼ਤਾ ਹੋਈ ਹੈ। ਜੋ ਸਾਹਿਤਕਾਰ ਸੱਚ ਬਾਰੇ ਅਤੇ ਈਮਾਨਦਾਰੀ ਬਾਰੇ ਲਿਖਦੇ ਹਨ, ਉਨ੍ਹਾਂ ਦੀਆਂ ਆਪਣੀਆਂ ਜ਼ਿੰਦਗੀਆਂ ਝੂਠ, ਫਰੇਬ, ਬੇਈਮਾਨੀ ਆਦਿ ਵਿੱਚ ਲਪੇਟੀਆਂ ਪਈਆਂ ਹਨ। ਜੋ ਸੱਚ ਦੀਆਂ ਗੱਲਾਂ ਕਰਦੇ ਹਨ, ਉਹ ਝੂਠਿਆਂ ਦਾ ਪੱਖ ਪੂਰਦੇ ਹਨ। ਇਹ ਸਭ ਦੇਖ ਕੇ ਕਈ ਵਾਰੀ ਬਹੁਤ ਨਿਰਾਸ਼ਤਾ ਹੁੰਦੀ ਹੈ। ਜਦੋਂ ਸਾਡੀ ਕਹਿਣੀ ਅਤੇ ਕਰਨੀ ਵਿੱਚ ਫਰਕ ਹੁੰਦਾ ਹੈ ਤਾਂ ਅਸੀਂ ਦੂਜਿਆਂ ਨੂੰ ਵੀ ਧੋਖਾ ਦੇ ਰਹੇ ਹੁੰਦੇ ਹਾਂ ਅਤੇ ਆਪਣੇ ਆਪ ਨੂੰ ਵੀ। ਅਸੀਂ ਦੋਗਲੇ ਬਣ ਜਾਂਦੇ ਹਾਂ। ਮੈਨੂੰ ਇਹੋ ਜਿਹੀ ਜ਼ਿੰਦਗੀ ਨਾ ਹੀ ਪਸੰਦ ਹੈ ਅਤੇ ਨਾ ਹੀ ਮਨਜ਼ੂਰ ਹੈ।

ਨਿਯਮਾਂ ਦੀ ਪਾਲਣਾ ਕਰਨਾ, ਦੂਜਿਆਂ ਵੱਲ ਤਵੱਜੋਂ ਦੇਣਾ, ਸੇਵਾ ਭਾਵ ਰੱਖਣਾ, ਦੂਜਿਆਂ ਨੂੰ ਸੁਨਣਾ ਆਦਿ ਮੈਂ ਅਮਰੀਕਾ ਤੋਂ ਸਿੱਖੇ ਹਨ।

**? ਹਿੰਦੁਸਤਾਨ ਅਤੇ ਅਮਰੀਕਾ ਵਿੱਚ ਕਿਹੜੇ ਜ਼ਿਆਦਾ ਫਰਕ ਹਨ ?**

– ਜਿੰਦਰ, ਫਰਕ ਤਾਂ ਬਹੁਤ ਹਨ। ਜ਼ਮੀਨ ਅਸਮਾਨ ਦਾ ਫਰਕ ਹੈ। ਜੇ ਮੈਂ ਪੜ੍ਹਾਈ ਤੋਂ ਹੀ ਸ਼ੁਰੂ ਕਰਾਂ ਤਾਂ ਮੈਂ ਕਹਿ ਸਕਦਾ ਹਾਂ ਕਿ ਹਿੰਦੁਸਤਾਨ ਵਿੱਚ ਬਹੁਤ ਸਾਰੇ ਵਿਦਿਆਰਥੀ ਰੱਟਾ ਲਾ ਕੇ ਹੀ ਇਮਤਿਹਾਨ ਪਾਸ ਕਰਦੇ ਹਨ। ਥੋੜ੍ਹੇ ਵਿਦਿਆਰਥੀ ਹੀ ਹਨ ਜਿਹੜੇ ਹਰ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਪਰ ਅਮਰੀਕਾ ਵਿੱਚ ਰੱਟਾ ਲਾ ਕੇ ਤੁਸੀਂ ਪਾਸ ਨਹੀਂ ਹੋ ਸਕਦੇ। ਹਰ ਗੱਲ ਨੂੰ ਸਮਝਣ ਦੀ ਲੋੜ ਪੈਂਦੀ ਹੈ। ਹਿੰਦੁਸਤਾਨ ਵਿੱਚ ਹਾਲੇ ਵੀ ਬਹੁਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸਲਾਨਾ ਸਿਸਟਮ ਹੀ ਚਲ ਰਿਹਾ। ਸਾਰਾ ਸਾਲ ਪੜ੍ਹਦੇ ਰਹੋ ਅਤੇ ਅਖੀਰ ਤੇ ਸਭ ਕੁਝ ਇਕੋ ਇਮਤਿਹਾਨ ਵਿੱਚ ਹੁੰਦਾ। ਜੇ ਉਸ ਦਿਨ ਤੁਸੀਂ ਬਿਮਾਰ ਹੋਵੋਂ, ਸਿਰ ਦੁਖਦਾ ਹੋਵੇ ਜਾਂ ਹੋਰ ਕੋਈ ਘਟਨਾ ਹੋ ਜਾਵੇ ਤਾਂ ਤੁਹਾਡਾ ਸਾਲ ਗਿਆ। ਅਮਰੀਕਾ ਵਿੱਚ ਸਮੈਸਟਰ ਸਿਸਟਮ ਹੈ। 15-16 ਹਫ਼ਤੇ ਦਾ ਇੱਕ ਸਮੈਸਟਰ। ਜੋ ਪ੍ਰੋਫੈਸਰ ਪੜ੍ਹਾਉਂਦਾ ਓਹੀ ਇਮਤਿਹਾਨ ਲਿਖਦਾ ਅਤੇ ਦਿੰਦਾ ਹੈ ਅਤੇ ਓਹੀ ਪ੍ਰੋਫੈਸਰ ਗਰੇਡ ਦਿੰਦਾ ਹੈ। ਇਕ ਸਮੈਸਟਰ ਵਿੱਚ ਵੀ ਆਮ ਤੌਰ ਤੇ ਦੋ-ਤਿੰਨ ਇਮਤਿਹਾਨ ਦਿੱਤੇ ਜਾਂਦੇ ਹਨ। ਜੇ ਕੋਈ ਵਿਦਿਆਰਥੀ ਇਮਤਿਹਾਨ ਵਾਲੇ ਦਿਨ ਕਿਸੇ ਖ਼ਾਸ ਕਾਰਨ ਕਰਕੇ ਨਾ ਆ ਸਕੇ ਤਾਂ



ਪ੍ਰੋਫੈਸਰ ਉਸਨੂੰ ਬਾਦ ਵਿੱਚ ਇਮਤਿਹਾਨ ਦੇ ਸਕਦਾ ਹੈ, ਇਸ ਤਰ੍ਹਾਂ ਪੜ੍ਹਾਈ ਵਿੱਚ ਕਾਫ਼ੀ ਕੁਝ ਪ੍ਰੋਫੈਸਰ ਤੇ ਨਿਰਭਰ ਕਰਦਾ ਹੈ।

ਆਮ ਜ਼ਿੰਦਗੀ ਵਿੱਚ ਲੋਕ ਬਹੁਤ ਈਮਾਨਦਾਰ ਹਨ। ਥੋੜ੍ਹੇ ਬਹੁਤ ਤਾਂ ਹਰ ਜਗ੍ਹਾ ਹੀ ਖ਼ਰਾਬ ਹੁੰਦੇ ਹਨ। ਪਿਛਲੇ ਸਾਲਾਂ ਵਿੱਚ ਬਾਹਰੋਂ ਬਹੁਤ ਲੋਕ ਆਉਣ ਕਰਕੇ ਇੱਥੇ ਹੀ ਬੇਈਮਾਨੀ, ਝੂਠ ਅਤੇ ਹੇਰਾ-ਫੇਰੀ ਵਧਦੀ ਜਾ ਰਹੀ ਹੈ। ਬਾਹਰੋਂ ਆਉਣ ਵਾਲੇ ਲੋਕ ਆਪਣੇ ਗੁਣਾਂ ਤੇ ਔਗੁਣਾਂ ਨੂੰ ਨਾਲ ਹੀ ਲੈ ਕੇ ਆਉਂਦੇ ਹਨ। ਪਰ ਫਿਰ ਵੀ ਹਿੰਦੁਸਤਾਨ ਵਾਂਗ ਹੇਰਾ-ਫੇਰੀ ਨਹੀਂ। ਤੁਸੀਂ ਪੁਲਸ ਵਾਲੇ ਨੂੰ ਪੈਸੇ ਦੇ ਕੇ ਛੁੱਟ ਨਹੀਂ ਸਕਦੇ ਜਾਂ ਜੱਜ ਨੂੰ ਪੈਸੇ ਦੇ ਕੇ ਇਨਸਾਫ਼ ਨਹੀਂ ਖ਼ਰੀਦ ਸਕਦੇ, ਘਰ ਵਿੱਚ ਬਿਜਲੀ ਚੋਰੀ ਨਹੀਂ ਕਰ ਸਕਦੇ, ਸ਼ਰਾਬ ਪੀ ਕੇ ਗਵਾਂਢੀ ਦੇ ਘਰ ਅੱਗੇ ਮੱਘੇ ਨਹੀਂ ਕੱਢ ਸਕਦੇ, ਸ਼ਰੇਆਮ ਪਿਓ ਦੀ ਉੱਚੀ ਨੌਕਰੀ ਕਰਕੇ ਦੂਜਿਆਂ ਨਾਲ ਧੱਕੇ-ਸ਼ਾਹੀ ਨਹੀਂ ਕਰ ਸਕਦੇ, ਆਪਣੇ ਪੈਸੇ ਅਤੇ ਨੌਕਰੀ ਦੇ ਜ਼ੋਰ ਤੇ ਕਿਸੇ ਗਰੀਬ ਨੂੰ ਗਾਲਾਂ ਨਹੀਂ ਕੱਢ ਸਕਦੇ। ਤੁਸੀਂ ਮੁਜ਼ਰਮ ਹੋ ਤਾਂ ਤੁਹਾਨੂੰ ਕੋਈ ਨਹੀਂ ਬਚਾ ਸਕਦਾ।

ਇਕ ਹੋਰ ਗੱਲ ਜੋ ਵੱਖਰੀ ਹੈ ਉਹ ਇਹ ਕਿ ਲੋਕ ਦੂਜੇ ਲੋਕਾਂ ਦੇ ਕੰਮਾਂ ਕਾਰਾਂ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰਦੇ। ਤੁਸੀਂ ਗੁਆਂਢੀਆਂ ਦੇ ਘਰਾਂ ਤੇ ਨਿਗਾਹ ਨਹੀਂ ਰੱਖਦੇ। ਦੂਜਿਆਂ ਤੋਂ ਐਵੀਂ ਸਵਾਲ ਨਹੀਂ ਪੁੱਛਦੇ। ਤੁਸੀਂ ਕੀ ਕਰਦੇ ਹੋ, ਤੁਹਾਡੀ ਆਮਦਨ ਕਿੰਨੀ ਹੈ, ਤੁਹਾਡੇ ਘਰ ਦੀ ਕੀਮਤ ਕੀ ਹੈ, ਤੁਹਾਡੇ ਮਾਂ ਪਿਓ ਕੀ ਕਰਦੇ ਹਨ, ਤੁਹਾਡੇ ਧੀਆਂ ਪੁੱਤਰ ਕੀ ਕਰਦੇ ਹਨ, ਧੀਆਂ ਪੁੱਤਰ ਕਿੱਥੇ ਰਹਿੰਦੇ ਹਨ, ਧੀਆਂ ਪੁੱਤਰ ਵਿਆਹੇ ਹੋਏ ਹਨ ਕਿ ਨਹੀਂ, ਤੁਹਾਡੇ ਘਰ ਇੰਨੇ ਪ੍ਰਾਹੁਣੇ ਕਿਉਂ ਆਉਂਦੇ ਹਨ, ਤੁਹਾਡਾ ਪੁੱਤਰ ਜਾਂ ਧੀ ਸ਼ਾਦੀ ਕਿਉਂ ਨਹੀਂ ਕਰਾਉਂਦੇ, ਤੁਸੀਂ ਕੱਲ ਰਾਤ ਇੰਨੀ ਲੇਟ ਕਿੱਥੋਂ ਆਏ ਸੀ, ਆਦਿ ਆਦਿ। ਕੋਈ ਵੀ ਇਨਸਾਨ ਇਹੋ ਜਿਹੇ ਸਵਾਲ ਕਿਸੇ ਦੂਸਰੇ ਨੂੰ ਨਹੀਂ ਪੁੱਛਦਾ। ਇੱਥੋਂ ਤੱਕ ਕਿ ਮਾਂ-ਪਿਓ ਆਪਣੇ ਧੀਆਂ ਪੁੱਤਰਾਂ ਨੂੰ ਵੀ ਨਹੀਂ ਪੁੱਛਦੇ ਕਿ ਵਿਆਹ ਕਦੋਂ ਕਰਾਉਣਾ ਹੈ। ਮਾਂ-ਪਿਓ ਆਮ ਤੌਰ ਤੇ ਧੀਆਂ ਪੁੱਤਰਾਂ ਨੂੰ ਇਹ ਵੀ ਨਹੀਂ ਕਹਿੰਦੇ ਕਿ ਜੇ ਤੂੰ ਡਾਕਟਰ ਜਾਂ ਇੰਜੀਨੀਅਰ ਨਾ ਬਣਿਆ ਤਾਂ ਤੂੰ ਕੁਝ ਵੀ ਨਹੀਂ ਬਣਿਆ। ਮਾਂ-ਪਿਓ ਆਪਣੇ ਧੀਆਂ ਪੁੱਤਰਾਂ ਨੂੰ ਆਮ ਤੌਰ ਤੇ ਇਹੋ ਕਹਿੰਦੇ ਹਨ ਕਿ ਜਿਸ ਕੰਮ ਵਿੱਚ ਤੈਨੂੰ ਖੁਸ਼ੀ ਮਿਲਦੀ ਹੈ ਉਹ ਕੰਮ ਕਰ। ਬਹੁਤੇ ਲੋਕ ਪੈਸਾ ਜੋੜਨ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ ਸਗੋਂ ਜ਼ਿੰਦਗੀ ਨੂੰ ਮਾਨਣ ਦੀ ਕੋਸ਼ਿਸ਼ ਵਿੱਚ ਹੀ ਲੱਗੇ ਰਹਿੰਦੇ ਹਨ।

ਅਮਰੀਕਨ ਲੋਕ ਇਹ ਨਹੀਂ ਸੋਚਦੇ ਕਿ ਮੈਂ ਲੱਖਾਂ ਡਾਲਰ ਜੋੜ ਕੇ ਆਪਣੇ ਬੱਚਿਆਂ ਲਈ ਛੱਡ ਕੇ ਜਾਣੇ ਹਨ। ਇਨ੍ਹਾਂ ਲੋਕਾਂ ਵਿੱਚ ਸੇਵਾ ਭਾਵ ਵੀ ਬਹੁਤ ਹੈ। ਲੋੜਵੰਦ ਨੂੰ ਦੇਖ ਕੇ ਉਸਦੀ ਮੱਦਦ ਕਰਨ ਦੀ ਕੋਸ਼ਿਸ਼ ਕਰਨਗੇ। ਰਿਸ਼ਵਤ ਬਗੈਰਾ ਦੀ ਬਿਮਾਰੀ ਸਿਰਫ਼ ਉੱਚੇ ਪੱਧਰ ਤੇ ਥੋੜ੍ਹੀ ਬਹੁਤ ਹੈ ਪਰ ਜੇ ਕੋਈ ਫੜਿਆ ਜਾਵੇ ਤਾਂ ਫਿਰ ਉਸਦਾ ਛੁੱਟਣਾ ਅਸੰਭਵ ਹੈ। ਸਾਡੇ ਲੋਕ ਇੱਥੇ ਆ ਕੇ ਵੀ ਕਈ ਵਾਰੀ ਆਪਣੀਆਂ ਪੁਰਾਣੀਆਂ ਆਦਤਾਂ ਨਹੀਂ ਛੱਡਦੇ। ਬਹੁਤ ਸਾਰੇ ਹਿੰਦੁਸਤਾਨੀ ਇੱਥੇ ਆ ਕੇ ਵੀ ਹਿੰਦੁਸਤਾਨ ਵਾਂਗ ਹੀ ਰਹਿੰਦੇ ਹਨ। "ਕੁੜੇ ਰਾਤੀਂ ਤੁਹਾਡੇ ਘਰ ਕੌਣ ਆਇਆ

ਸੀ ?" "ਤੁਹਾਡੀ ਧੀ 35 ਸਾਲਾਂ ਦੀ ਹੋ ਕੇ ਵਿਆਹ ਕਿਉਂ ਨਹੀਂ ਕਰਾਉਂਦੀ ?" ਸਾਡੇ ਲੋਕ ਇਹੋ ਜਿਹੇ ਸਵਾਲ ਇੱਥੇ ਵੀ ਇਕ ਦੂਜੇ ਨੂੰ ਪੁੱਛਦੇ ਰਹਿੰਦੇ ਹਨ।

ਅਮਰੀਕਨ ਲੋਕ ਸਾਡੇ ਵਾਂਗ ਦੂਜਿਆਂ ਵੱਲ ਘੂਰ ਘੂਰ ਕੇ ਨਹੀਂ ਦੇਖਦੇ। ਸੜਕ ਤੇ ਤੁਰੇ ਜਾਂਦੇ ਘੱਟ ਹੀ ਦੂਜਿਆਂ ਵੱਲ ਧਿਆਨ ਦਿੰਦੇ ਹਨ। ਸਾਡੇ ਬਹੁਤ ਸਾਰੇ ਲੋਕਾਂ ਵਾਂਗ ਸੋਹਣੀ ਜ਼ਨਾਨੀ ਦੇਖ ਕੇ ਉਸ ਵੱਲ ਤੱਕੀ ਜਾਣਾ ਤੱਕੀ ਜਾਣਾ ਇਨ੍ਹਾਂ ਦੀ ਆਮ ਆਦਤ ਨਹੀਂ। ਅਸੂਲਾਂ ਦੀ ਪਾਲਣਾ ਕਰਨਾ ਵੀ ਇਹ ਲੋਕ ਜਾਣਦੇ ਹਨ। ਕੁਝ ਲੋਕ ਅਸੂਲਾਂ ਨੂੰ ਤੋੜਦੇ ਵੀ ਹਨ ਪਰ ਘੱਟ ਹੀ। ਇਹ ਲੋਕ ਲਾਲ ਬੱਤੀ 'ਚੋਂ ਕਾਰ ਲੰਘਾ ਕੇ ਨਹੀਂ ਲਿਜਾਂਦੇ, ਆਮ ਤੌਰ 'ਤੇ ਤੁਹਾਡਾ ਰਾਹ ਨਹੀਂ ਕੱਟਦੇ, ਤੁਹਾਡੀ ਕਾਰ ਵਿੱਚ ਕਾਰ ਮਾਰ ਕੇ ਨੱਠਣ ਦੀ ਕੋਸ਼ਿਸ਼ ਨਹੀਂ ਕਰਦੇ, ਬੱਸਾਂ ਗੱਡੀਆਂ ਵਿੱਚ ਚੜ੍ਹਣ ਲੱਗਿਆਂ ਧੱਕੇ ਨਹੀਂ ਮਾਰਦੇ, ਇਕ ਦੀ ਗੱਲ ਦੂਸਰੇ ਕੋਲ ਨਹੀਂ ਕਰਦੇ, ਆਦਿ ਆਦਿ।

ਚੰਗੀ ਚੀਜ਼ ਦੀ ਤਾਰੀਫ਼ ਕਰਨਾ ਇਨ੍ਹਾਂ ਦੀ ਆਦਤ ਹੈ। ਆਮ ਤੌਰ ਤੇ ਮਾੜੀ ਚੀਜ਼ ਦੀ ਨਿੰਦਿਆਂ ਨਹੀਂ ਕਰਦੇ। ਤੁਹਾਡੇ ਸਾਹਮਣੇ ਹੀ ਕਹਿ ਦੇਣਗੇ : ਤੇਰੀ ਪਤਨੀ ਬਹੁਤ ਖ਼ੂਬਸੂਰਤ ਹੈ, ਤੇਰਾ ਪਤੀ ਬਹੁਤ ਸੋਹਣਾ ਹੈ; ਤੁਹਾਡੀ ਧੀ ਬਹੁਤ ਪਿਆਰੀ ਹੈ; ਤੁਹਾਡੀ ਨੂੰਹ ਬਹੁਤ ਖ਼ੂਬਸੂਰਤ ਹੈ; ਤੁਹਾਡਾ ਘਰ ਬਹੁਤ ਸੋਹਣਾ ਹੈ; ਇਹ ਫੋਟੋ ਬਹੁਤ ਹੀ ਵਧੀਆ ਹੈ; ਆਦਿ ਆਦਿ। ਇਹ ਲੋਕ ਕਦੇ ਨਹੀਂ ਕਹਿਣਗੇ ਤੂੰ ਆਪਣੇ ਘਰ ਨੂੰ ਪੀਲਾ ਰੰਗ ਕਿਉਂ ਕੀਤਾ; ਇਹ ਫੋਟੋ ਇਸ ਜਗ੍ਹਾ ਤੇ ਨਹੀਂ ਲਾਉਣੀ ਚਾਹੀਦੀ; ਤੁਸੀਂ ਇਹ ਫੁੱਲ ਘਰ ਵਿੱਚ ਕਿਉਂ ਲਾਏ ਹਨ; ਆਦਿ ਆਦਿ।

ਕਿਤਾਬਾਂ ਪੜ੍ਹਨਾ ਇਨ੍ਹਾਂ ਲੋਕਾਂ ਦਾ ਸ਼ੌਕ ਹੈ। ਆਮ ਲੋਕ ਵੀ ਹਰ ਕਿਸਮ ਦੀਆਂ ਕਿਤਾਬਾਂ ਮੁੱਲ ਲੈ ਕੇ ਪੜ੍ਹਦੇ ਰਹਿੰਦੇ ਹਨ। ਵੱਖਰੀ ਵੱਖਰੀ ਕਿਸਮ ਦੇ ਖਾਣੇ ਅਤੇ ਹੋਰ ਚੀਜ਼ਾਂ ਦਾ ਆਨੰਦ ਮਾਨਣਾ ਵੀ ਇਨ੍ਹਾਂ ਦੀ ਆਦਤ ਹੈ। ਤੁਸੀਂ ਕਿਸੇ ਅਮਰੀਕਨ ਨੂੰ ਇਕ ਚਾਹ ਦਾ ਕੱਪ ਵੀ ਪਿਲਾ ਦਿਓ ਤਾਂ ਉਹ ਤੁਹਾਡਾ ਧੰਨਵਾਦ ਕਰਦਾ ਨਹੀਂ ਥੱਕੇਗਾ। ਸਾਡੇ ਲੋਕਾਂ ਨੂੰ ਭਾਵੇਂ ਤੁਸੀਂ ਸਾਰਾ ਘਰ ਵੀ ਲੁਟਾ ਦਿਓ ਤਾਂ ਬਹੁਤੇ ਖਾ ਪੀ ਕੇ ਡਕਾਰ ਵੀ ਨਹੀਂ ਮਾਰਨਗੇ। ਸਾਡੇ ਲੋਕ ਇੱਥੇ ਆ ਕੇ ਵੀ ਨਸ਼ੇ ਵੇਚਦੇ ਹਨ, ਮਾੜੇ ਕੰਮ ਕਰਦੇ ਹਨ। ਸਾਡੇ ਬਹੁਤ ਸਾਰੇ ਨੌਜਵਾਨ ਕਨੇਡਾ ਤੋਂ ਅਮਰੀਕਾ ਨੂੰ ਨਸ਼ੇ ਲੈ ਕੇ ਜਾਂਦੇ ਫੜੇ ਗਏ ਜੇਲ੍ਹਾਂ ਕੱਟ ਰਹੇ ਹਨ।

ਗੱਲ ਗੱਲ ਤੇ thank you, sorry ਅਤੇ please ਕਹਿਣਾ ਇਨ੍ਹਾਂ ਲੋਕਾਂ ਦੀ ਆਦਤ ਹੈ। ਤੁਸੀਂ ਕਿਸੇ ਲਈ ਦਰਵਾਜ਼ਾ ਵੀ ਖੋਲ੍ਹ ਦਿਓ ਤਾਂ ਉਹ thank you ਕਹੇਗਾ। ਕਿਸੇ ਦੂਸਰੇ ਦਾ ਤੁਰੇ ਜਾਂਦੇ ਦਾ ਤੁਹਾਡੇ ਨਾਲ ਮੋਢਾ ਵੀ ਖਹਿ ਜਾਵੇ ਤਾਂ sorry ਕਹੇਗਾ। ਵੱਡੇ ਤੋਂ ਵੱਡਾ ਅਫ਼ਸਰ ਵੀ ਆਪਣੀ ਸੈਕਟਰੀ ਨੂੰ ਕੋਈ ਕੰਮ ਦੇਣ ਵੇਲੇ please ਕਹੇਗਾ।

ਇਸ ਤਰ੍ਹਾਂ ਇਨ੍ਹਾਂ ਲੋਕਾਂ ਦੇ ਚੰਗੇ ਗੁਣਾਂ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਵੇ ਥੋੜ੍ਹੀ ਹੈ।





**ਪ੍ਰੇਮ ਮਾਨ 1963-64**



**ਪ੍ਰੇਮ ਮਾਨ ਅਤੇ ਪਤਨੀ ਸਰਬਜੀਤ, 1975, ਵਿਆਹ ਤੋਂ ਕੁਝ ਮਹੀਨੇ ਬਾਦ।**



ਸ. ਸ. ਮੀਸ਼ਾ ਅਤੇ ਪ੍ਰੇਮ ਮਾਨ 1974



ਪ੍ਰੇਮ ਮਾਨ ਚਿਤਰਕਾਰ ਸੋਭਾ ਸਿੰਘ ਨਾਲ ਉਨ੍ਹਾਂ ਦੇ ਘਰ ਅੰਦਰੇਟੇ ਵਿਖੇ- 1971





ਪ੍ਰੇਮ ਮਾਨ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੀ ਡਰਾਮਾ ਟੀਮ ਨਾਲ ਜਿਸਦਾ ਉਹ ਇੰਚਾਰਜ ਸੀ, 1972-1973




1969-70 ਵਿੱਚ ਇਕ ਸਾਹਿਤਕ ਸਮਾਗਮ ਵਿੱਚ।



ਗੁਲਾਮ ਅਲੀ ਅਤੇ ਪ੍ਰੇਮ ਮਾਨ



ਤਲਵਿੰਦਰ ਸਿੰਘ, ਜਿੰਦਰ ਅਤੇ ਪ੍ਰਮਿੰਦਰਜੀਤ ਨਾਲ ਪ੍ਰਮਿੰਦਰਜੀਤ
ਦੇ ਦਫ਼ਤਰ ਵਿੱਚ



www.Apnaorg.com ਵਾਲੇ ਜਵੇਦ ਬੂਟਾ ਅਤੇ ਸਫ਼ੀਰ ਰਾਮ੍ਹਾ, ਪਾਕਿਸਤਾਨੀ ਕਵੀ
ਅਹਿਮਦ ਸਲੀਮ, ਦਲਜੀਤ ਮੋਖਾ ਅਤੇ ਰਵਿੰਦਰ ਸਹਿਰਾ ਨਾਲ



ਮੋਹਨ ਭੰਡਾਰੀ, ਰਘਬੀਰ ਸਿੰਘ, ਪ੍ਰੇਮ ਮਾਨ,
ਜਿੰਦਰ, ਭੂਸ਼ਨ, ਅਵਤਾਰ ਸਿੰਘ ਧਾਲੀਵਾਲ ਅਤੇ ਕਰਮਜੀਤ ਸਿੰਘ



ਪਤਨੀ ਅਤੇ ਬੱਚਿਆਂ ਨਾਲ ਡੁਬਈ ਦੇ ਰੇਗਿਸਤਾਨ ਵਿੱਚ



ਬਲਬੀਰ ਮੋਮੀ ਨਾਲ ਟਰਾਂਟੋ ਵਿਖੇ



ਮਾਤਾ-ਪਿਤਾ ਦੀ ਪੁਰਾਣੀ ਫੋਟੋ।
''ਪਿਤਾ ਦੀ ਮਿਹਨਤ ਦੇ ਪਸੀਨੇ ਵਿਚੋਂ ਹਾਲੇ ਵੀ ਪਿਆਰੀ ਜਿਹੀ ਖੁਸ਼ਬੂ ਆਉਂਦੀ ਹੈ।''



ਡੁਬਈ ਤੋਂ ਪੁਰਾਣੇ ਵਿਦਿਆਰਥੀ ਨਾਲ ਡੁਬਈ ਵਿੱਚ

ਪ੍ਰੋ ਮਾਨ ਦੀਆਂ ਕਿਤਾਬਾਂ





ਮਾਤਾ ਨਾਲ (2010)



ਯੂਨੀਵਰਸਿਟੀ ਵਿੱਚ ਸ਼੍ਰੀਲੰਕਾ ਦੇ ਵਿਦਿਆਰਥੀਆਂ ਨਾਲ



ਦੋਹਤੀ ਈਸ਼ਾ ਦੇ ਪਹਿਲੇ ਜਨਮ ਦਿਨ ਤੇ ਦੋਹਤੀ ਅਤੇ ਪਤਨੀ ਨਾਲ



ਕਲਾਸ ਪੜ੍ਹਾਉਂਦਿਆਂ



ਜਿੰਦਰ ਅਤੇ ਪ੍ਰੇਮ ਮਾਨ



ਪ੍ਰੇਮ ਮਾਨ ਅਤੇ ਡਾ. ਜਗਤਾਰ